ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Watch & Subscribe on YouTube/ Facebook

Josh india tv

Vol. 13 Issue 51 Tuesday October 02 to October 08, 2018 www.PUNJABIDUNIYA.com Published Weekly from New York

# 1947 ਤੋਂ ਬਾਅਦ ਸ਼ਾਇਦ ਇਹ ਹਿੰਦੂਆਂ ਦਾ ਸਭ ਤੋਂ ਵੱਡਾ ਉਜਾੜਾ ਹੋਵੇ



ਭਾਰਤ-ਮਿਆਂਮਾਰ ਨੂੰ ਜੋੜਨ ਵਾਲੀ ਸਟਿਲਵੇਲ ਰੋਡ 'ਤੇ ਡਮਰੂ ਉਪਾਧਿਆਇ ਦੀ ਮੋਮੋਜ਼ ਦੀ ਦੁਕਾਨ ਹੈ। ਇਸ ਦੇ ਨੇੜੇ ਬਣੇ ਆਪਣੇ ਘਰ ਵਿੱਚ ਭਾਜਪਾ ਵਿਧਾਇਕ ਭਾਸਕਰ ਸ਼ਰਮਾ ਦੀ ਤਸਵੀਰ ਨੇੜੇ ਬੈਠੇ 'ਗੋਰਖਾਲੀ ਡਮਰੂ ਕਹਿੰਦੇ ਹਨ, "ਗੋਰਖਾ ਲੋਕਾਂ ਨੂੰ ਸਿਰਫ਼ ਮਰਨ ਲਈ ਤਿਆਰ ਕੀਤਾ ਜਾਂਦਾ ਹੈ, ਆਓ ਦੇਸ ਲਈ ਮਰ ਜਾਓ, ਅਸੀਂ ਤੁਹਾਨੂੰ ਦਿਆਂਗੇ ਕੁਝ ਨਹੀਂ।" ਡਮਰੂ ਦੇ ਸ਼ਬਦਾਂ ਦੀ ਇਹ ਨਰਾਜ਼ਗੀ ਉਸ ਦੇ ਪਰਿਵਾਰ ਦੇ ਅਸਾਮ ਤੋਂ ਉਜਾੜੇ ਦੇ ਡਰ ਵਿੱਚੋਂ ਨਿਕਲੀ ਹੈ, ਇੱਥੇ ਦਹਾਕਿਆ ਤੋਂ ਰਹਿ ਰਹੇ ਲੱਖਾਂ ਬੰਗਲਾਦੇਸੀ ਸ਼ਰਨਾਥੀਆਂ ਦੀ ਪਛਾਣ ਕਰਕੇ ਦੇਸ ਤੋਂ ਬਾਹਰ ਕਰਨ ਲਈ ਜੋ ਐਨਆਰਸੀ ਰਜਿਸਟਰ ਬਣ ਰਿਹੈ ਹੈ, ਉਸ ਵਿਚ ਇਨ੍ਹਾਂ ਦਾ ਨਾਂ ਨਹੀਂ ਆਇਆ ਹੈ।

ਪਰਿਵਾਰ ਦਾ ਨਾਮ ਨਾਗਰਿਕਤਾ ਰਜਿਸਟਰ 'ਚ ਨਾ ਆਉਣ 'ਤੇ ਡਮਰੂ ਜੇਕਰ ਪ੍ਰੇਸ਼ਾਨ ਹਨ ਤਾਂ 22 ਸਾਲਾਂ ਤੋਂ ਸੰਘ ਅਤੇ ਭਾਜਪਾ ਨਾਲ ਜੁੜੇ ਮੂਲ ਬਿਹਾਰ ਦੇ ਚੰਦਰ ਪ੍ਰਕਾਸ਼ ਜੈਸਵਾਲ ਮੁਤਾਬਕ ਲੋਕਾਂ 'ਚ ਡਰ ਹੈ ਕਿ ਜੇਕਰ ਫਾਈਨਲ ਐਨਆਰਸੀ 'ਚ ਵੀ ਨਾਮ ਨਹੀਂ ਆਇਆ ਤਾਂ ਕੀ ਹੋਵੇਗਾ ? ਲੋਕ ਅਮਿਤ ਸ਼ਾਹ ਦੇ ਸੰਸਦ 'ਚ '40 ਲੱਖ ਘੁਸਪੈਠੀਏ' ਵਾਲੇ ਬਿਆਨ 'ਤੇ ਇਤਰਾਜ਼ ਪ੍ਰਗਟਾ ਰਹੇ ਹਨ ਕਿਉਂਕਿ ਸਮਾਂ ਲੰਘਣ ਦੇ ਨਾਲ-ਨਾਲ ਇਹ ਸਾਫ ਹੋ ਰਿਹਾ ਹੈ ਕਿ ਐਨਆਰਸੀ ਤੋਂ ਬਾਹਰ ਰੱਖੇ ਗਏ 40 ਲੱਖ ਲੋਕਾਂ 'ਚੋਂ ਵਧੇਰੇ ਗਿਣਤੀ ਹਿੰਦੂਆਂ ਦੀ ਹੈ।ਹਾਲਾਂਕਿ ਇਸ ਬਾਰੇ ਕੋਈ ਅਧਿਕਾਰਤ ਅੰਕੜਾ ਮੌਜੂਦ ਨਹੀਂ ਹੈ ਪਰ ਇਹ ਗਿਣਤੀ 20-22 ਲੱਖ ਤੱਕ ਦੱਸੀ ਜਾ ਰਹੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗੂ ਓਸ਼ੀਮ ਦੱਤ ਅਸਾਮ ਨਾਗਰਿਕਤਾ ਰਜਿਸਟਰ ਤੋਂ ਬਾਹਰ ਰਹਿ ਗਏ ਹਿੰਦੂਆਂ ਦੀ ਗਿਣਤੀ 30 ਲੱਖ ਤੱਕ ਦੱਸਦੇ ਹਨ। ਹਿੰਦੂ ਹਿਤਾਂ ਦੀ ਗੱਲ ਕਰਨ ਵਾਲੀ ਭਾਜਪਾ ਲਈ ਇਹ ਮੁਸ਼ਕਿਲ ਵਾਲੀ ਸਥਿਤੀ ਹੈ।

**'ਬ੍ਰਿਤਾਨੀ-ਕਾਲ ਤੋਂ ਬਾਅਦ ਦੀ ਵੱਡੀ ਤ੍ਰਾਸਦੀ'**

ਪਿਤਾ ਅਤੇ ਚਾਚੇ ਦੀ ਜਾਇਦਾਦ ਸਾਂਝੀ ਸੀ, ਇਸ ਲਈ ਸ਼ਿਆਮ ਸੁੰਦਰ ਜੈਸਵਾਲ ਦੇ ਕੋਲ ਕੋਈ ਦਸਤਾਵੇਜ਼ ਨਹੀਂ, ਜੋ ਸਨ ਉਹ 1950 ਦੇ ਅਸਾਮ ਭੁਚਾਲ ਦੀ ਭੇਟ ਚੜ੍ਹ ਗਏ, ਜਦੋਂ ਸਾਦੀਆ ਅਤੇ ਨੇੜਲੇ ਇਲਕਿਆਂ ਦੀ ਵੱਡੀ ਆਬਾਦੀ ਦਾ ਵੱਡਾ ਹਿੱਸਾ ਨਦੀ ਵਿੱਚ ਡੁੱਬ ਗਿਆ ਸੀ। (ਬਾਕੀ ਸਫਾ 14 'ਤੇ)

# ਕੈਪਟਨ-ਬਾਦਲ ਦੀਆਂ ਰੈਲੀਆਂ ਦੀ ਧੂੜ 'ਚ ਰੁਲੇ ਪੰਜਾਬੀਆਂ ਦੇ ਮੁੱਦੇ



(ਪੰਜਾਬੀ ਦੁਨੀਆ ਬਿਓਰੋ)

*******************

ਪੰਜਾਬ ਵਿੱਚ ਸਿਆਸਤਦਾਨਾਂ ਵੱਲੋਂ ਆਪਣੇ ਵਿਰੋਧੀਆਂ ਦੇ ਇਲਾਕੇ ਵਿੱਚ ਜਾ ਕੇ ਰੈਲੀਆਂ ਕਰਨ ਦੀ ਸਿਆਸਤ ਕੋਈ ਨਵੀਂ ਨਹੀਂ ਹੈ। ਪਰ ਕਾਂਗਰਸ ਅਤੇ ਅਕਾਲੀ ਦਲ ਵੱਲੋਂ 7 ਅਕਤੂਬਰ ਨੂੰ ਇੱਕ-ਦੂਜੇ ਦੇ ਹਲਕਿਆਂ ਵਿੱਚ ਜਾ ਕੇ ਰੈਲੀ ਕਰਨ ਦਾ ਐਲਾਨ ਦੋਵਾਂ ਵਿਰੋਧੀਆਂ ਵੱਲੋਂ ਇੱਕ ਦੂਜੇ ਦੇ ਗੜ੍ਹ ਵਿੱਚ ਜਾ ਕੇ ਇੱਕ-ਦੂਜੇ 'ਤੇ ਹਮਲਾ ਕਰਨ ਦੀ ਨਵੀਂ ਗੱਲ ਦੇਖਣ ਨੂੰ ਮਿਲੇਗੀ। ਆਮ ਜਨਤਾ ਇਸ ਨੂੰ 'ਤਮਾਸ਼ਾ' ਜਾਂ ਦੋ ਵੱਡੇ ਖਿਡਾਰੀਆਂ ਵਿਚਾਲੇ ਫਰੈਂਡਲੀ ਮੈਚ ਤੋਂ ਵੱਧ ਕੁਝ ਨਹੀਂ ਸਮਝਦੀ, ਤਾਂ ਜੋ ਅਜਿਹਾ ਕਰਕੇ ਲੋਕਾਂ ਦਾ ਮੁੱਖ ਮੁੱਦਿਆਂ ਤੋਂ ਧਿਆਨ ਭਟਕਾਇਆ ਜਾ ਸਕੇ। ਉਹ ਮੁੱਦੇ ਜਿਨ੍ਹਾਂ ਨੇ ਲੋਕ ਸਭਾ ਚੋਣਾਂ 2014 ਅਤੇ ਵਿਧਾਨ ਸਭ ਚੋਣਾਂ 2017 ਵਿੱਚ ਇੱਕ ਅਹਿਮ ਥਾਂ ਲੈ ਲਈ ਸੀ। ਸੂਬੇ ਵਿੱਚ ਚੋਣਾਂ ਤੋਂ ਬਾਅਦ ਹੋਏ ਸੀਐਸਡੀਐਸ ਦੇ ਸਰਵੇ ਦੇ ਅੰਕੜਿਆਂ ਮੁਤਾਬਕ ਪੰਜਾਬ ਦੀ ਜਨਤਾ ਦੇ ਉਹ ਮਹੱਤਵਪੂਰਨ ਮੁੱਦੇ ਜਿਹੜੇ ਇਨ੍ਹਾਂ ਚੋਣਾਂ ਵਿੱਚ ਮੁੱਖ ਕੇਂਦਰ ਬਣੇ, ਉਹ ਹਨ ਬੇਰੁਜ਼ਗਾਰੀ, ਵਿਕਾਸ ਅਤੇ ਨਸ਼ਾ। ਧਾਰਮਿਕ ਅਤੇ ਹੋਰ ਮੁੱਦੇ ਇਨ੍ਹਾਂ ਮੁੱਦਿਆਂ ਤੋਂ ਬਹੁਤ ਪਿੱਛੇ ਸਨ। ਅਕਾਲੀ ਦਲ ਅਤੇ ਕਾਂਗਰਸ ਦੇ ਲੀਡਰਾਂ ਦੇ ਇਸ ਐਲਾਨ ਦਾ ਏਜੰਡਾ ਇੱਕ-ਦੂਜੇ ਦੇ ਮਜ਼ਬੂਤ ਹਲਕਿਆਂ ਵਿੱਚ ਜਾ ਕੇ ਸ਼ਕਤੀ ਪ੍ਰਦਰਸ਼ਨ ਕਰਨ ਦਾ ਹੈ। ਅਕਾਲੀ ਦਲ ਦੀ ਰੈਲੀ ਪਟਿਆਲਾ ਵਿੱਚ (ਜੋ ਕਿ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਮਜ਼ਬੂਤ ਗੜ੍ਹ ਹੈ) ਅਤੇ ਕਾਂਗਰਸ ਦੀ ਰੈਲੀ ਲੰਬੀ ਵਿੱਚ ( ਜੋ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮਜ਼ਬੂਤ ਗੜ੍ਹ ਹੈ)

(ਬਾਕੀ ਸਫਾ 13 'ਤੇ)

# ਟ੍ਰਿਪਲ ਬ੍ਰੈਸਟ ਬਣਿਆ ਫੈਸ਼ਨ ਇੰਡਸਟ੍ਰੀ ਦਾ ਨਵਾਂ ਟ੍ਰੈਂਡ



ਪੰਜਾਬੀ ਦੁਨੀਆ ਬਿਓਰੋ

***************************

ਦੁਨੀਆਂ ਭਰ ਵਿੱਚ ਹੋਣ ਵਾਲੇ ਫੈਸ਼ਨ ਵੀਕ ਵਿੱਚ ਅਕਸਰ ਡਿਜ਼ਾਈਨਰ ਅਜਿਹੇ ਤਜਰਬੇ ਕਰਦੇ ਹਨ ਜੋ ਦਰਸ਼ਕਾਂ ਤੋਂ ਲੈ ਕੇ ਮੀਡੀਆ ਤੱਕ ਦਾ ਧਿਆਨ ਖਿੱਚ ਲੈਂਦੇ ਹਨ। ਫੈਸ਼ਨ ਦੀ ਦੁਨੀਆਂ ਵਿੱਚ ਡਿਜ਼ਾਈਨਰ ਆਪਣੀ ਕਲਾਕਾਰੀ ਨਾਯਾਬ ਤਰੀਕੇ ਨਾਲ ਪੇਸ਼ ਕਰਦੇ ਹਨ। ਅਜਿਹਾ ਹੀ ਇਸ ਵਾਰੀ ਦੇ ਮਿਲਾਨ ਫੈਸ਼ਨ ਵੀਕ ਵਿੱਚ ਹੋਇਆ, ਜਿਸ ਦਾ ਪ੍ਰਬੰਧ 22 ਸਤੰਬਰ ਨੂੰ ਕੀਤਾ ਗਿਆ ਸੀ। ਇੱਥੇ ਜਦੋਂ ਇੱਕ ਮਾਡਲ ਰੈਂਪ 'ਤੇ ਉਤਰੀ ਤਾਂ ਸਭ ਦੇਖਦੇ ਹੀ ਰਹਿ ਗਏ। ਅਜਿਹਾ ਨਹੀਂ ਸੀ ਕਿ ਉਸ ਮਾਡਲ ਨੇ ਕੁਝ ਅਹਿਜੇ ਕੱਪੜੇ ਪਾਏ ਸਨ ਜੋ ਬਹੁਤ ਵੱਖਰੇ ਸਨ ਜਾਂ ਉਸ ਦਾ ਮੇਕਅਪ ਸਭ ਤੋਂ ਵੱਖਰਾ ਸੀ, ਸਗੋਂ ਜਿਸ ਗੱਲ ਨੇ ਸਭ ਦਾ ਧਿਆਨ ਖਿੱਚਿਆ ਉਹ ਸੀ ਮਾਡਲ ਦੀਆਂ ਤਿੰਨ ਬ੍ਰੈਸਟ।

**ਕਿਵੇਂ ਬਣਾਈਆਂ ਤਿੰਨ ਬ੍ਰੈਸਟ ?**

ਆਮ ਮੇਕਅਪ ਵਿੱਚ ਚਿੱਟੇ ਅਤੇ ਸੀ ਗ੍ਰੀਨ ਰੰਗ ਦੇ ਕੱਪੜੇ ਪਾ ਕੇ ਇਹ ਮਾਡਲ ਰੈਂਪ 'ਤੇ ਆਈ। ਮਾਡਲ ਦੇ ਤਿੰਨ ਬ੍ਰੈਸਟ ਬਣਾਈਆਂ ਗਈਆਂ ਸਨ। ਇਹ ਤੀਜੀ ਬ੍ਰੈਸਟ ਨਕਲੀ ਪ੍ਰਾਸਥੈਟਿਕ ਬ੍ਰੈਸਟ ਸੀ। ਤਿੰਨੋਂ ਬ੍ਰੈਸਟ ਨੂੰ ਇੱਕੋ ਜਿਹਾ ਦਿਖਾਉਣ ਲਈ ਅਸਲੀ ਬ੍ਰੈਸਟ ਨੂੰ ਮੇਕਅਪ ਜ਼ਰੀਏ ਨਕਲੀ ਬਣਾਇਆ ਗਿਆ ਸੀ। ਇਹ ਕਲੈਕਸ਼ਨ ਇਟਲੀ ਦੇ ਸਟ੍ਰੀਟਵੀਅਰ ਬ੍ਰਾਂਡ ਜੀਸੀਡੀਐਸ (ਗੌਡ ਕਾਂਟ ਡਿਸਟ੍ਰਾਏ ਸਟ੍ਰੀਟਵੀਅਰ) ਨੇ ਪੇਸ਼ ਕੀਤਾ ਸੀ। ਇਸ ਬ੍ਰਾਂਡ ਦੇ ਕ੍ਰਿਏਟਿਵ ਡਾਇਰੈਕਟਰ ਜੂਲੀਆਨੋ ਕਾਲਸਾ ਹਨ ਜਿਨ੍ਹਾਂ ਨੇ ਇਸ ਤਜੁਰਬੇ ਦੇ ਪਿੱਛੇ ਦਾ ਕਾਰਨ ਦੱਸਿਆ। (ਬਾਕੀ ਸਫਾ 13 'ਤੇ)

ਘੱਟ ਲਾਗਤ ਬੀਮਾ


× ਵਪਾਰ × ਦੇਣਦਾਰੀ × ਅਪਾਹਜਤਾ × ਵਰਕਰਜ਼ ਕੰਪ × E & O × ਆਟੋ × ਘਰ

Tel :917-612-3158

(See Full Page Advt. on Page 13)

# ਅੰਕੜਿਆਂ ਤੱਕ ਹੀ ਸੀਮਤ ਰਹਿ ਗਈ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ

## ਨਸ਼ੇੜੀਆਂ ਨੂੰ ਜੇਲ੍ਹੀਂ ਡੱਕ ਕੇ ਪਿੱਠ ਥਾਪੜਨ 'ਚ ਜੁਟੀ ਪੰਜਾਬ ਸਰਕਾਰ



ਚੰਡੀਗੜ੍ਹ: ਪੰਜਾਬ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ। ਨਸ਼ਿਆਂ ਦੀ ਗ੍ਰਿਫਤ ਵਿਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ 'ਚ ਜਾਣਾ ਪਹਿਲਾਂ ਦੀ ਤਰ੍ਹਾਂ ਜਾਰੀ ਹੈ। ਪਰ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫੀਮ, ਨਸ਼ੀਲੀਆਂ ਗੋਲੀਆਂ ਅਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਆਧਾਰ ਉਤੇ ਪੰਜਾਬ ਦੀ ਇਸ ਵੱਡੀ ਸਮੱਸਿਆ ਨੂੰ ਦੱਬਣ ਦੇ ਅਕਸਰ ਯਤਨ ਕੀਤੇ ਜਾਂਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਬਣਾਈ ਵਿਸ਼ੇਸ਼ ਟਾਸਕ ਫੋਰਸ (ਐਸਟੀ.ਐਫ਼) ਵੀ ਵੱਡੀ ਮੱਛੀ ਨੂੰ ਹੱਥ ਪਾਉਣ ਵਿਚ ਕਾਮਯਾਬ ਨਾ ਹੋ ਸਕੀ।

ਸਰਕਾਰ ਵੱਲੋਂ ਐਸਟੀ.ਐਫ਼ ਦੇ ਗਠਨ ਨੂੰ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚ ਤਾਂ ਮੰਨਿਆ ਜਾਂਦਾ ਸੀ ਪਰ ਤਸਕਰੀ ਰੋਕਣ ਲਈ ਬਣਾਏ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਹੀ ਕਾਰਨ ਹੈ ਕਿ ਪੁਲਿਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਪੁਲਿਸ ਅਧਿਕਾਰੀਆਂ ਦੀ ਹਉਮੈ ਦੀ ਭੇਟ ਚੜ੍ਹ ਕੇ ਰਹਿ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿਚ ਕੀਤੀ ਇਕ ਵੱਡੀ ਜਨਤਕ ਰੈਲੀ ਦੌਰਾਨ 'ਪਵਿੱਤਰ ਗੁਟਕਾ ਸਾਹਿਬ' ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਤੋਂ ਬਾਅਦ ਨਸ਼ਿਆਂ ਨੂੰ ਪੰਜਾਬ ਵਿਚ 4 ਹਫਤਿਆਂ 'ਚ ਕਾਬੂ ਪਾ ਲਵੇਗੀ। ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਸੰਭਾਲਿਆਂ 78 ਹਫਤਿਆਂ (ਡੇਢ ਸਾਲ) ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਪੰਜਾਬ ਦਾ ਨਸ਼ਿਆਂ ਤੋਂ ਖਹਿੜਾ ਨਹੀਂ ਛੁੱਟਿਆ।


ਸੂਬੇ ਵਿਚ ਅਕਾਲੀ ਭਾਜਪਾ ਸ਼ਾਸਨ ਦੇ ਸਮੇਂ ਇਹ ਮੁੱਦਾ ਜ਼ਿਆਦਾ ਸੁਰਖੀਆਂ ਵਿਚ ਆਇਆ ਸੀ। ਉਸ ਸਮੇਂ ਨਸ਼ਿਆਂ ਕਾਰਨ ਮੌਤਾਂ ਵੀ ਬਹੁਤ ਜ਼ਿਆਦਾ ਹੋਈਆਂ ਸਨ। ਜੇਕਰ ਪਿਛਲੇ ਸਾਢੇ ਚਾਰ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ 570 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ 16 ਸਤੰਬਰ ਤੱਕ 91 ਮੌਤਾਂ ਹੋ ਚੁੱਕੀਆਂ ਹਨ। ਇਹ ਅੰਕੜੇ ਪੁਲਿਸ ਦੇ ਹਨ ਜਦੋਂਕਿ ਗੈਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ।

ਇਹ ਵੀ ਮਹੱਤਵਪੂਰਨ ਤੱਥ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤਰਾਸਦੀ 'ਤੇ ਪਰਦਾ ਪਾਉਣ ਲਈ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਦਰਜ ਐਫ਼ਆਈ.ਆਰਜ਼. ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ। ਪੰਜਾਬ ਪੁਲਿਸ ਦਾ ਅੱਜ ਵੀ ਵਾਅਦਾ ਹੈ ਕਿ ਜੇਕਰ ਚਲੰਤ ਸਾਲ ਦੀ ਹੀ ਗੱਲ ਕਰੀਏ ਤਾਂ ਪਹਿਲੀ ਜਨਵਰੀ ਤੋਂ ਲੈ ਕੇ ਸਤੰਬਰ ਮਹੀਨੇ ਤੱਕ ਤਸਕਰੀ ਨਾਲ ਸਬੰਧਤ 8959 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਇਨ੍ਹਾਂ ਮਾਮਲਿਆਂ ਵਿਚ 10,428 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਜਦੋਂ ਕਦੇ ਸਰਕਾਰ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਘਿਰੀ ਮਹਿਸੂਸ ਕਰ ਰਹੀ ਹੁੰਦੀ ਸੀ, ਤਾਂ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਸੇ ਤਰ੍ਹਾਂ ਦੇ ਤੱਥ ਪੇਸ਼ ਕਰਦਿਆਂ ਤਸਕਰ ਫੜਨ ਤੇ ਬਰਾਮਦਗੀ ਵਿਚ ਕਾਮਯਾਬੀ ਦੇ ਝੰਡੇ ਗੱਡਣ ਦੇ ਦਾਅਵੇ ਕੀਤੇ ਜਾਂਦੇ ਸਨ। ਪੰਜਾਬ ਦੇ ਲੋਕਾਂ ਵਿਚ ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਨਸ਼ਿਆਂ ਦੀ ਤਸਕਰੀ ਅਤੇ ਹੋਰਨਾਂ ਗੈਰ ਕਾਨੂੰਨੀ ਕੰਮਾਂ ਦੇ ਮਾਮਲਿਆਂ ਵਿਚ ਸਿਆਸਤਦਾਨਾਂ, ਪੁਲਿਸ ਅਤੇ ਤਸਕਰੀ ਜਾਂ ਅਪਰਾਧੀਆਂ ਦਰਮਿਆਨ ਇਕ ਗੱਠਜੋੜ ਬਣਿਆ ਹੋਇਆ ਹੈ। ਪੁਲਿਸ, ਸਿਆਸਤਦਾਨਾਂ ਅਤੇ ਤਸਕਰਾਂ ਦੇ ਇਸ ਗੱਠਜੋੜ ਨੂੰ ਤੋੜਨ ਲਈ ਕੈਪਟਨ ਸਰਕਾਰ ਵਿਚ ਇੱਛਾ ਸ਼ਕਤੀ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਕਪਤਾਨੀ ਹਕੂਮਤ ਦੇ ਪਹਿਲੇ ਸਾਲ ਦੌਰਾਨ ਪੁਲਿਸ ਵਿਭਾਗ ਵਿੱਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿਚ ਗ੍ਰਿਫਤਾਰ ਕਰਨ ਦੀ ਹੈ।

## ਕੀਤੇ ਚੋਣ ਵਾਅਦੇ ਭੁੱਲੀ ਪੰਜਾਬ ਸਰਕਾਰ

ਬਠਿੰਡਾ: 'ਘਰ ਘਰ ਨੌਕਰੀ' ਦੀ ਉਡੀਕ ਵਿਚ ਪੰਜਾਬ ਦੇ ਨੌਜਵਾਨ 'ਬਿਰਖ' ਹੋ ਗਏ ਹਨ। ਉਨ੍ਹਾਂ ਨੂੰ ਨਾ ਨੌਕਰੀ ਮਿਲੀ ਹੈ ਅਤੇ ਨਾ ਹੀ ਸਮਾਰਟ ਫੋਨ। ਡੇਢ ਵਰ੍ਹੇ ਮਗਰੋਂ ਵੀ ਕੈਪਟਨ ਸਰਕਾਰ ਬੇਰੁਜ਼ਗਾਰਾਂ ਨੌਜਵਾਨਾਂ ਦਾ ਅੰਕੜਾ ਤਿਆਰ ਕਰਨ ਵਿਚ ਉਲਝੀ ਹੋਈ ਹੈ। ਸਰਕਾਰ ਹੁਣ 'ਘਰ ਘਰ ਰੁਜ਼ਗਾਰ ਬਿਊਰੋ' ਹਰ ਜ਼ਿਲ੍ਹੇ 'ਚ ਕਾਇਮ ਕਰਨ ਦੇ ਰਾਹ ਪਈ ਹੈ, ਜਿਸ ਦਾ ਕੰਮ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਵਾਉਣਾ ਹੋਵੇਗਾ। ਕੈਬਨਿਟ ਵਿਚ ਜਲਦੀ ਇਸ ਬਿਊਰੋ ਨੂੰ ਹਰੀ ਝੰਡੀ ਦਿੱਤੀ ਜਾਵੇਗੀ। ਪਹਿਲਾਂ ਜ਼ਿਲ੍ਹਾ ਪੱਧਰ ਤੇ ਫਿਰ ਤਹਿਸੀਲ ਪੱਧਰ ਉਤੇ ਇਹ ਬਿਊਰੋ ਬਣਾਏ ਜਾਣਗੇ। ਡੇਢ ਵਰ੍ਹੇ ਮਗਰੋਂ ਵੀ 'ਘਰ ਘਰ ਰੁਜ਼ਗਾਰ' ਦਾ ਨਾਅਰਾ ਸਿਰਫ ਮੁੱਢਲਾ ਢਾਂਚਾ ਸਥਾਪਿਤ ਕਰਨ 'ਤੇ ਅਟਕਿਆ ਹੋਇਆ ਹੈ। ਜੇਕਰ ਪੰਜਾਬ ਵਿਚ 'ਘਰ ਘਰ ਨੌਕਰੀ' ਪੁੱਜਦੀ ਤਾਂ ਅੱਜ ਨੌਜਵਾਨੀ ਹਵਾਈ ਅੱਡਿਆਂ ਉਤੇ ਨਹੀਂ ਖੜ੍ਹੀ ਹੋਣੀ ਸੀ। ਕਾਂਗਰਸ ਸਰਕਾਰ ਨੇ ਜਵਾਨੀ ਦਾ ਭਰੋਸਾ ਤੋੜਿਆ ਹੈ। ਹੋਰ ਤਾਂ ਹੋਰ ਕੌਮਾਂਤਰੀ ਨੌਕਰੀ ਮੇਲਾ ਵੀ ਨੌਜਵਾਨਾਂ ਦੀ ਬਾਂਹ ਨਹੀਂ ਫੜ ਸਕਿਆ। ਲੁਧਿਆਣਾ ਤੇ ਮੁਹਾਲੀ ਦੇ ਵੱਡੇ ਨੌਕਰੀ ਮੇਲੇ ਵੀ ਰੁਜ਼ਗਾਰ ਨਾ ਵੰਡ ਸਕੇ। ਸਰਕਾਰ ਦਾ ਨਵਾਂ ਫੰਡਾ ਹੈ ਕਿ ਹਰ ਪਿੰਡ 'ਚੋਂ 10 ਗਰੀਬ ਨੌਜਵਾਨਾਂ ਨੂੰ ਨੌਕਰੀ ਦਿੱਤੀ ਜਾਵੇਗੀ। ਨਵੇਂ ਫਾਰਮੂਲੇ 'ਚ 1.30 ਲੱਖ ਨੌਕਰੀ ਦਿੱਤੀ ਜਾਣੀ ਹੈ।

# ਹੁਣ ਡੇਰਾ ਸਿਰਸਾ ਉਤੇ ਮਿਹਰਬਾਨ ਹੋਈ ਮੋਦੀ ਸਰਕਾਰ



ਕੇਂਦਰ ਦੀ ਭਾਜਪਾ ਸਰਕਾਰ ਆਗਾਮੀ ਚੋਣਾਂ ਕਾਰਨ ਡੇਰਾ ਸਿਰਸਾ ਉਤੇ ਮਿਹਰ ਦੀ ਨਜ਼ਰ ਰੱਖਣ ਲੱਗੀ ਹੈ। ਸੀ.ਬੀ.ਆਈ. ਦਾ ਬੇਅਦਬੀ ਮਾਮਲੇ 'ਚ ਡੇਰਾ ਪੈਰੋਕਾਰਾਂ ਪ੍ਰਤੀ ਨਰਮ ਗੋਸ਼ਾ ਸਿਆਸੀ ਇਸ਼ਾਰੇ ਦੀ ਸ਼ਾਹਦੀ ਭਰਦਾ ਹੈ। ਬੇਅਦਬੀ ਮਾਮਲੇ 'ਚ ਡੇਰੇ ਦੇ ਤਿੰਨ ਪੈਰੋਕਾਰਾਂ ਦੀ ਜ਼ਮਾਨਤ ਹੋ ਜਾਣ ਤੋਂ ਸਾਫ ਹੈ ਕਿ ਕੇਂਦਰ ਸਰਕਾਰ ਚੋਣਾਂ ਦੇ ਮੱਦੇਨਜ਼ਰ ਡੇਰਾ ਸਿਰਸਾ 'ਤੇ ਨਰਮ ਪੈ ਗਈ ਹੈ।

ਡੇਰਾ ਮੁਖੀ ਦੇ ਜੇਲ੍ਹ ਜਾਣ ਦਾ ਡੇਰਾ ਪੈਰੋਕਾਰਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਵੱਡਾ ਰੋਸਾ ਹੈ। ਮੋਦੀ ਸਰਕਾਰ ਵੱਲੋਂ ਹੁਣ ਰੁਖ 'ਚ ਕੀਤੀ ਤਬਦੀਲੀ ਦੇ ਚੋਗੇ ਨੂੰ ਡੇਰਾ ਕਿੰਨਾ ਕੁ ਚੁਗੇਗਾ ਇਹ ਔਮਿਸ਼ਨ 2019' 'ਚ ਹੀ ਸਾਫ ਹੋਵੇਗਾ। ਵੇਰਵਿਆਂ ਅਨੁਸਾਰ ਰਾਜਸਥਾਨ ਦੇ ਦਰਜਨਾਂ ਅਸੈਂਬਲੀ ਹਲਕਿਆਂ 'ਚ ਡੇਰਾ ਪੈਰੋਕਾਰ ਰਹਿੰਦੇ ਹਨ ਤੇ ਉਥੋਂ ਦੀਆਂ ਅਸੈਂਬਲੀ ਚੋਣਾਂ ਸਿਰ ਉਤੇ ਹਨ। ਸੂਤਰ ਦੱਸਦੇ ਹਨ ਕਿ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਵੀ ਪਾਰਟੀ ਹਾਈ ਕਮਾਨ ਨੂੰ ਡੇਰੇ ਦੇ ਸਿਆਸੀ ਵਜ਼ਨ ਤੋਂ ਜਾਣੂ ਕਰਾਇਆ ਹੈ। ਇਸ ਵੇਲੇ ਜਦੋਂ ਪੰਜਾਬ ਵਿਚ ਬੇਅਦਬੀ ਮਾਮਲਾ ਪੂਰਾ ਭਖਿਆ ਹੋਇਆ ਹੈ, ਠੀਕ ਉਦੋਂ ਕੇਂਦਰ ਸਰਕਾਰ ਚੋਣ ਲਾਹੇ ਲਈ ਡੇਰਾ ਸਿਰਸਾ ਨਾਲ ਮੁੜ ਸਿਆਸੀ ਤਾਲਮੇਲ ਬਿਠਾ ਰਹੀ ਹੈ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਤਰਫੋਂ ਬੇਅਦਬੀ ਮਾਮਲੇ ਦੀ ਔਗੁਪਤ ਰਿਪੋਰਟ' ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਸੀ। ਸਿੱਟ ਨੇ 11 ਜੂਨ ਨੂੰ ਫੜੇ 10 ਡੇਰਾ ਪੈਰੋਕਾਰਾਂ ਨੂੰ ਮੋਗਾ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ। ਸੀ.ਬੀ.ਆਈ. ਨੇ ਫ਼ਰੀਦਕੋਟ ਜੇਲ੍ਹ ਵਿਚ ਬੰਦ ਇਨ੍ਹਾਂ ਡੇਰਾ ਪੈਰੋਕਾਰਾਂ 'ਚੋਂ ਮੋਹਰੀ ਹਰਮਿੰਦਰ ਬਿੱਟੂ, ਸੁਖਜਿੰਦਰ ਸੰਨ੍ਹੀ ਅਤੇ ਸ਼ਕਤੀ ਸਿੰਘ ਦੀ 6 ਜੁਲਾਈ ਨੂੰ ਗ੍ਰਿਫਤਾਰੀ ਪਾਈ ਅਤੇ ਪੁੱਛਗਿੱਛ ਕੀਤੀ। ਹੁਣ ਇਹ ਨਾਭਾ ਜੇਲ੍ਹ ਵਿਚ ਬੰਦ ਹਨ। ਤਫਤੀਸ਼ੀ ਮਾਹਿਰਾਂ ਨੇ ਦੱਸਿਆ ਕਿ ਸੀ.ਬੀ.ਆਈ. ਨੇ ਇਨ੍ਹਾਂ ਦਾ 6 ਸਤੰਬਰ ਤੱਕ ਅਦਾਲਤ ਵਿਚ ਚਲਾਨ ਪੇਸ਼ ਕਰਨਾ ਸੀ, ਜੋ ਸਮੇਂ ਸਿਰ ਨਾ ਕੀਤੇ ਜਾਣ ਕਾਰਨ ਅਦਾਲਤ ਨੇ ਉਨ੍ਹਾਂ ਦੀਆਂ ਜ਼ਮਾਨਤਾਂ ਮਨਜ਼ੂਰ ਕਰ ਲਈਆਂ।

ਪੰਜਾਬ ਦੀ ਸਿੱਟ ਦੇ ਅਧਿਕਾਰੀ ਇਸ ਤੋਂ ਹੈਰਾਨ ਹਨ ਅਤੇ ਕੈਪਟਨ ਸਰਕਾਰ ਨੂੰ ਵੀ ਇਹ ਵੱਡਾ ਝਟਕਾ ਹੈ। ਮਾਹਿਰਾਂ ਮੁਤਾਬਕ ਜੇ ਸੀ.ਬੀ.ਆਈ. ਦੀ ਤਫਤੀਸ਼ ਅਧੂਰੀ ਸੀ ਤਾਂ ਵੀ ਚਲਾਨ ਪੇਸ਼ ਕੀਤਾ ਜਾਣਾ ਚਾਹੀਦਾ ਸੀ ਤੇ ਮਗਰੋਂ ਸਪਲੀਮੈਂਟਰੀ ਚਲਾਨ ਦਿੱਤਾ ਜਾ ਸਕਦਾ ਸੀ।

## ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦਾ ਕੇਸ ਵਾਪਸ ਲੈਣ ਲਈ ਗਵਾਹ ਨੂੰ ਪੈਸਿਆਂ ਦੀ ਪੇਸ਼ਕਸ਼

ਡੇਰਾ ਸਿਰਸਾ ਵਿਚ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਖਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਾਣ ਵਾਲੇ ਹੰਸਰਾਜ ਉਰਫ ਹਕੀਕੀ ਹੰਸ ਨੇ ਡੇਰੇ ਦੇ ਇਕ ਪ੍ਰੇਮੀ ਰਾਜ ਕੁਮਾਰ ਵਾਸੀ ਕਲਿਆਣ ਨਗਰ ਸਿਰਸਾ 'ਤੇ ਦੋਸ਼ ਲਾਇਆ ਹੈ ਕਿ ਮੁਲਜ਼ਮ ਨੇ ਬੀਤੇ ਦਿਨੀਂ ਉਸ ਦੇ ਘਰ ਆ ਕੇ ਉਸ ਨੂੰ ਬਿਆਨ ਬਦਲਣ ਜਾਂ ਕੇਸ ਵਾਪਸ ਲੈਣ ਲਈ ਦਬਾਅ ਪਾਇਆ, ਜਿਸ ਬਦਲੇ ਉਸ ਨੂੰ ਪੈਸੇ ਦੇਣ ਦੀ ਵੀ ਪੇਸ਼ਕਸ਼ ਕੀਤੀ ਗਈ। ਟੋਹਾਣਾ ਸਿਟੀ ਪੁਲਿਸ ਨੇ ਹੰਸ ਰਾਜ ਹਕੀਕੀ ਦੀ ਸ਼ਿਕਾਇਤ 'ਤੇ ਮੁਲਜ਼ਮ ਖਿਲਾਫ਼ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਵੀ ਡੇਰਾ ਮੁਖੀ ਨੂੰ ਸਜ਼ਾ ਹੋਣ ਦੀ ਸੰਭਾਵਨਾ ਹੈ।

ਸੂਤਰਾਂ ਮੁਤਾਬਕ ਸਿੱਟ ਤਰਫੋਂ ਸੀ.ਬੀ.ਆਈ. ਨੂੰ ਔਗੁਪਤ ਜਾਂਚ ਰਿਪੋਰਟ' ਦੇਣ ਸਮੇਂ ਦੱਸਿਆ ਗਿਆ ਸੀ ਕਿ ਇਸ ਮਾਮਲੇ 'ਚ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਗ੍ਰਿਫਤਾਰ ਕਰਨਾ ਬਣਦਾ ਹੈ ਪਰ ਸੀ.ਬੀ.ਆਈ. ਅਜਿਹਾ ਨਹੀਂ ਕੀਤਾ। ਇੰਨਾ ਹੀ ਨਹੀਂ ਸੀ.ਬੀ.ਆਈ. ਨੇ ਡੇਰਾ ਮੁਖੀ ਦੇ ਪੀਏ ਰਾਕੇਸ਼ ਦਿੜ੍ਹਬਾ ਨੂੰ ਵੀ ਪੁੱਛਗਿੱਛ ਵਿਚ ਸ਼ਾਮਲ ਹੀ ਨਹੀਂ ਕੀਤਾ, ਜਿਸ ਦੀਆਂ ਹਦਾਇਤਾਂ ਉਤੇ ਬੇਅਦਬੀ ਕਾਂਡ ਨੂੰ ਅੰਜਾਮ ਦਿੱਤਾ ਗਿਆ।

ਰਾਕੇਸ਼ ਪੰਚਕੂਲਾ ਹਿੰਸਾ ਮਾਮਲੇ ਵਿਚ ਅੰਬਾਲਾ ਜੇਲ੍ਹ ਵਿਚ ਬੰਦ ਹੈ, ਜਿਸ ਨੂੰ ਪ੍ਰੋਡਕਸ਼ਨ ਵਰੰਟ ਉਤੇ ਲਿਆ ਜਾ ਸਕਦਾ ਸੀ। ਸਿੱਟ ਦੀ ਜਾਂਚ ਤੋਂ ਪਹਿਲਾਂ ਵੀ ਸੀ.ਬੀ.ਆਈ. ਨੇ ਪੌਣੇ ਤਿੰਨ ਵਰ੍ਹੇ ਜਾਂਚ ਢਿੱਲੀ ਹੀ ਰੱਖੀ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਦਾ ਪ੍ਰਤੀਕਰਮ ਸੀ ਕਿ ਸੀ.ਬੀ.ਆਈ. ਨੇ ਬੇਅਦਬੀ ਮਾਮਲੇ ਦੀ ਜਾਂਚ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ। ਸੀ.ਬੀ.ਆਈ. ਨੇ ਫਰੀਦਕੋਟ ਜੇਲ੍ਹ ਵਿਚ ਬੰਦ ਬਾਕੀ ਸੱਤ ਡੇਰਾ ਪੈਰੋਕਾਰਾਂ ਨੂੰ ਵੀ ਬੇਅਦਬੀ ਮਾਮਲੇ ਵਿਚ ਗ੍ਰਿਫਤਾਰੀ ਨਹੀਂ ਕੀਤਾ, ਜਿਨ੍ਹਾਂ ਨੂੰ ਸਿੱਟ ਨੇ ਬਰਾਬਰ ਦੋਸ਼ੀ ਮੰਨਿਆ ਸੀ। ਸੀ.ਬੀ.ਆਈ. ਨੇ ਇਨ੍ਹਾਂ ਤੋਂ ਰਸਮੀ ਪੁੱਛਗਿੱਛ ਕਰਕੇ ਪੱਲਾ ਝਾੜ ਲਿਆ। ਸਿੱਟ ਨੇ 10 ਡੇਰਾ ਪੈਰੋਕਾਰਾਂ ਨੂੰ ਮੋਗਾ ਦੇ ਜਿਸ ਪੁਰਾਣੇ ਕੇਸ ਵਿਚ ਗ੍ਰਿਫਤਾਰ ਕੀਤਾ ਸੀ, ਉਸ ਵਿਚ ਮੋਗਾ ਅਦਾਲਤ 'ਚੋਂ ਕੁਝ ਪੈਰੋਕਾਰਾਂ ਦੀਆਂ ਜ਼ਮਾਨਤ ਦੀਆਂ ਦਰਖਾਸਤਾਂ ਰੱਦ ਹੋ ਚੁੱਕੀਆਂ ਹਨ। ਜਿਨ੍ਹਾਂ ਤਿੰਨ ਪ੍ਰੇਮੀਆਂ ਦੀ ਸੀ.ਬੀ.ਆਈ. ਦੀ ਢਿੱਲ-ਮੱਠ ਕਾਰਨ ਜ਼ਮਾਨਤ ਹੋਈ, ਉਨ੍ਹਾਂ ਨੂੰ ਵੀ ਪੁਰਾਣੇ ਕੇਸ ਕਾਰਨ ਹਾਲੇ ਜੇਲ੍ਹ ਵਿਚ ਰਹਿਣਾ ਪਵੇਗਾ।

# ਭਾਰਤ ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਮ ਮੰਦਰ ਅੰਦੋਲਨ ਭਖਾਉਣ ਦੀ ਤਿਆਰੀ



ਨਵੀਂ ਦਿੱਲੀ: ਰਾਮ ਮੰਦਰ ਅੰਦੋਲਨ ਅਕਤੂਬਰ ਤੋਂ ਫਿਰ ਸ਼ੁਰੂ ਹੋ ਸਕਦਾ ਹੈ। ਇਸ ਲਈ ਸੰਤਾਂ ਦੀ ਬੈਠਕ 5 ਅਕਤੂਬਰ ਨੂੰ ਰਾਮ ਮੰਦਰ ਦੇ ਨਿਰਮਾਣ ਲਈ ਕਾਰ ਸੇਵਾ ਦਾ ਐਲਾਨ ਕਰ ਸਕਦੀ ਹੈ। ਵਿਸ਼ਵ ਹਿੰਦੂ ਪਰਿਸ਼ਦ ਨੇ 5 ਅਕਤੂਬਰ ਨੂੰ ਸੰਤਾਂ ਦੀ ਉੱਚ ਪੱਧਰੀ ਬੈਠਕ ਬੁਲਾਈ ਹੈ। ਬੈਠਕ 'ਚ ਦੇਸ਼ ਭਰ ਦੇ 36 ਪ੍ਰਮੁੱਖ ਸੰਤਾਂ ਨੂੰ ਸੱਦਾ ਦਿੱਤਾ ਗਿਆ ਹੈ।

ਇਸ ਬੈਠਕ ਦੇ ਪ੍ਰਮੁੱਖ ਰਾਮ ਮੰਦਰ ਅੰਦੋਲਨ ਦੇ ਮੁੱਖੀ ਮਹੰਤ ਨ੍ਰਿਤਿਆ ਗੋਪਾਲ ਦਾਸ ਹਨ। ਇਹ ਬੈਠਕ ਦਿੱਲੀ 'ਚ ਹੋਵੇਗੀ। ਸੂਤਰਾਂ ਮੁਤਾਬਕ ਸੰਤਾਂ ਦੀ ਇਸ ਬੈਠਕ 'ਚ ਰਾਮ ਮੰਦਰ ਨਿਰਮਾਣ ਲਈ ਅੰਦੋਲਨ ਕਰਨ ਦਾ ਫੈਸਲਾ ਲਿਆ ਜਾਵੇਗਾ। ਰਾਮ ਮੰਦਰ ਅੰਦੋਲਨ 'ਚ ਹਿੰਦੂਆਂ ਦੀ ਭਾਗੀਦਾਰੀ ਵਧਾਉਣ ਲਈ ਸੋਚ ਸਮਝ ਕੇ ਅਕਤੂਬਰ ਮਹੀਨੇ ਬੈਠਕ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਕ ਗੱਲ ਸਾਫ ਹੈ ਕਿ ਵਿਸ਼ਵ ਹਿੰਦੂ ਪਰਿਸ਼ਦ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਮ ਮੰਦਰ ਨਿਰਮਾਣ ਦੇ ਅੰਦੋਲਨ ਨੂੰ ਫਿਰ ਤੋਂ ਖੜ੍ਹਾ ਕਰਨਾ ਚਾਹੁੰਦਾ ਹੈ ਜਿਸ ਦਾ ਸਿੱਧਾ ਫਾਇਦਾ ਬੀ.ਜੇ.ਪੀ. ਨੂੰ ਹੋਵੇਗਾ। ਰਾਮ ਮੰਦਰ ਦੇ ਮੁੱਦੇ 'ਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਸੁਰੇਂਦਰ ਜੈਨ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਦਾ ਕਦੋਂ ਤੱਕ ਇੰਤਜ਼ਾਰ ਕੀਤਾ ਜਾ ਸਕਦਾ ਹੈ। ਜਦੋਂ ਇਸ ਵਿਸ਼ੇ 'ਤੇ ਏਨਾ ਸਮਾਂ ਹੋ ਚੁੱਕਾ ਹੈ ਤਾਂ ਅਸੀਂ ਇਸ ਅੰਦੋਲਨ ਲਈ ਸਾਡੀ ਅੱਗੇ ਦੀ ਰਣਨੀਤੀ ਕੀ ਹੋਵੇਗੀ ਇਸ ਲਈ ਸੰਤਾਂ ਦੀ ਬੈਠਕ 5 ਅਕਤੂਬਰ ਨੂੰ ਬੁਲਾਈ ਗਈ ਹੈ। ਦੱਸ ਦਈਏ ਕਿ ਹਾਲ ਵਿਚ ਹੀ ਆਰ.ਐਸ.ਐਸ ਮੁਖੀ ਮੋਹਨ ਭਾਗਵਤ ਨੇ ਵੀ ਰਾਮ ਮੰਦਰ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਸੀ ਕਿ ਇਸ ਵਿਸ਼ੇ 'ਤੇ ਆਰਡੀਨੈਂਸ ਲਿਆਉਣ ਉਤੇ ਵਿਚਾਰ ਕਰਨਾ ਚਾਹੀਦਾ ਹੈ। ਭਾਗਵਤ ਨੇ ਕਿਹਾ ਸੀ ਕਿ ਰਾਮ ਜਨਮ ਭੂਮੀ 'ਤੇ ਰਾਮ ਮੰਦਰ ਜਲਦ ਬਣਨਾ ਚਾਹੀਦਾ ਹੈ। ਇਸ ਮਾਮਲੇ ਨੂੰ ਹੋਰ ਨਹੀਂ ਲਟਕਾਉਣਾ ਚਾਹੀਦਾ।

**ਕੀ ਹੈ ਮਾਮਲਾ**

ਰਾਮ ਮੰਦਰ ਦਾ ਮੁੱਦਾ ਫਿਲਹਾਲ ਸੁਪਰੀਮ ਕੋਰਟ 'ਚ ਹੈ। ਸਾਲ 1989 'ਚ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਜ਼ਮੀਨ ਵਿਵਾਦ ਦਾ ਇਹ ਮਾਮਲਾ ਇਲਾਹਾਬਾਦ ਹਾਈ ਕੋਰਟ ਪਹੁੰਚਿਆ ਸੀ। 30 ਸਤੰਬਰ, 2010 ਨੂੰ ਜਸਟਿਸ ਸੁਧੀਰ ਅਗਰਵਾਲ, ਜਸਟਿਸ ਐਸ਼ਯੂ. ਖਾਨ ਤੇ ਜਸਟਿਸ ਡੀ.ਵੀ. ਸ਼ਰਮਾ ਦੀ ਬੈਂਚ ਨੇ ਅਯੋਧਿਆ ਵਿਵਾਦ 'ਤੇ ਆਪਣਾ ਫੈਸਲਾ ਸੁਣਾਇਆ। ਫੈਸਲਾ ਹੋਇਆ ਸੀ ਕਿ 2.77 ਏਕੜ ਵਿਵਾਦਤ ਭੂਮੀ ਦੇ ਤਿੰਨ ਬਰਾਬਰ ਹਿੱਸੇ ਕੀਤੇ ਜਾਣ। ਰਾਮ ਮੂਰਤੀ ਵਾਲਾ ਪਹਿਲਾ ਹਿੱਸਾ ਰਾਮ ਲਲਾ ਵਿਰਾਜਮਾਨ ਨੂੰ ਦਿੱਤਾ ਗਿਆ। ਰਾਮ ਚਬੂਤਰਾ ਤੇ ਸੀਤਾ ਰਸੋਈ ਵਾਲਾ ਦੂਜਾ ਹਿੱਸਾ ਨਿਰਮੋਹੀ ਅਖਾੜੇ ਨੂੰ ਦਿੱਤਾ ਗਿਆ ਤੇ ਬਾਕੀ ਬਚਿਆ ਤੀਜਾ ਹਿੱਸਾ ਸੁੰਨੀ ਵਕਫ ਬੋਰਡ ਨੂੰ ਦਿੱਤਾ ਗਿਆ।

# ਖਜਾਨਾ ਭਰਨ ਬਾਰੇ ਧਰੀਆਂ ਧਰਾਈਆਂ ਰਹੇ ਗਈਆਂ

## ਸਰਕਾਰੀ ਗਿਣਤੀਆਂ-ਮਿਣਤੀਆਂ

ਚੰਡੀਗੜ੍ਹ: ਪੰਜਾਬ ਵਿਚ ਸੱਤਾ ਪਰਿਵਰਤਨ ਹੋਇਆਂ ਤਕਰੀਬਨ ਡੇਢ ਸਾਲ ਹੋ ਚੁੱਕਾ ਹੈ ਪਰ ਅਜੇ ਤੱਕ ਸੂਬੇ ਦੀ ਆਰਥਿਕ ਸਥਿਤੀ ਵਿਚ ਕੋਈ ਖਾਸ ਫਰਕ ਨਹੀਂ ਪਿਆ। ਰਾਜ ਸਰਕਾਰ ਮਹਿਜ਼ ਰੁਕੀਆਂ ਹੋਈਆਂ ਪੈਨਸ਼ਨਾਂ ਦੇਣ ਦੇ ਹੀ ਸਮਰੱਥ ਹੋ ਸਕੀ। ਕੈਪਟਨ ਸਰਕਾਰ ਨੇ ਲੋਕਾਂ ਨਾਲ ਜਿਹੜੇ ਵੱਡ-ਵੱਡੇ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕਰ ਸਕੀ। ਵਾਅਦੇ ਪੂਰੇ ਕਰਨ ਲਈ ਰਾਜ ਸਰਕਾਰ ਹੋਰ ਕਰਜ਼ਾ ਲੈਣ ਲਈ ਕਾਫੀ ਯਤਨ ਕਰ ਚੁੱਕੀ ਹੈ ਪਰ ਇਸ ਨੂੰ ਸਫਲਤਾ ਨਹੀਂ ਮਿਲੀ।

ਕੈਪਟਨ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤੇ ਸਨ ਪਰ ਇਹ ਐਲਾਨ ਸਿਰਫ ਫਸਲੀ ਕਰਜ਼ੇ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ ਤੇ ਅਜੇ ਤੱਕ ਫਸਲੀ ਕਰਜ਼ਾ ਵੀ ਢਾਈ ਏਕੜ ਤੱਕ ਦੇ ਕਿਸਾਨਾਂ ਦਾ ਹੀ ਮੁਆਫ ਕੀਤਾ ਜਾ ਰਿਹਾ ਹੈ ਜਦੋਂਕਿ ਪੰਜ ਏਕੜ ਤੱਕ ਦੇ ਕਿਸਾਨਾਂ ਦਾ ਬਕਾਇਆ ਹੈ। ਸੂਬਾ ਸਰਕਾਰ ਨੇ ਜੀ.ਐਸ਼ਟੀ. ਵੱਲੋਂ ਜੀ.ਐਸ਼ਟੀ. ਲਾਗੂ ਦੇ ਫੈਸਲੇ ਜ਼ੋਰਦਾਰ ਦਾ ਸਵਾਗਤ ਕੀਤਾ ਸੀ ਪਰ ਇਸ ਤੋਂ ਜਿਹੜਾ ਪੈਸਾ ਮਿਲਣ ਦੀ ਉਮੀਦ ਸੀ, ਉਹ ਪੂਰੀ ਨਹੀਂ ਹੋ ਸਕੀ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਸਾਲ 2016 ਵਿਚ ਵੱਖ-ਵੱਖ ਟੈਕਸਾਂ ਦੀ ਥਾਂ ਇਕ ਟੈਕਸ ਜੀ.ਐਸ਼ਟੀ. ਲਾਗੂ ਕਰ ਦਿੱਤਾ ਸੀ।




ਇਸ ਕਰਕੇ ਪੰਜਾਬ ਸਰਕਾਰ ਨੂੰ ਜੀ.ਐਸ਼ਟੀ. ਲਾਗੂ ਕਰਨ 14 ਫੀਸਦੀ ਵਾਧਾ ਮਿਲਣ ਲੱਗਾ ਹੈ ਤੇ ਉਸ ਕਰਕੇ ਹੀ ਸਰਕਾਰ ਨੂੰ ਕੁਝ ਸੁੱਖ ਦਾ ਸਾਹ ਆ ਰਿਹਾ ਹੈ।

ਪੰਜਾਬ ਸਾਲ 2016-17 ਵਿਚ ਕੇਂਦਰ ਸਰਕਾਰ ਕੋਲੋਂ 17586 ਕਰੋੜ ਰੁਪਏ ਮਿਲੇ ਸਨ ਤੇ 14 ਫੀਸਦੀ ਵਾਧੇ ਕਰਕੇ ਸਾਲ 2017-18 ਵਿਚ ਇਹ ਰਾਸ਼ੀ ਜਿਹੜੇ ਸੂਬਿਆਂ ਨੂੰ ਜੀ.ਐਸ਼ਟੀ. ਲਾਗੂ ਕਰਨ ਕਰਕੇ ਮਾਲੀਏ ਵਿਚ ਘਾਟੇ ਦਾ ਸਾਹਮਣਾ ਕਰਨਾ ਪੈਣਾ ਸੀ, ਉਨ੍ਹਾਂ ਸੂਬਿਆਂ ਨੂੰ ਕੇਂਦਰ ਸਰਕਾਰ ਨੇ ਪੰਜ ਸਾਲ ਤੱਕ ਹਰੇਕ ਸਾਲ 14 ਫੀਸਦੀ ਵੱਧ ਪੈਸਾ ਦੇਣਾ ਹੈ ਤੇ ਵੱਧ ਕੇ 24118 ਕਰੋੜ ਰੁਪਏ ਹੋ ਗਈ। ਚਾਲੂ ਵਿੱਤੀ ਸਾਲ 2018-19 ਵਿਚ 27773 ਕਰੋੜ ਰੁਪਏ ਮਿਲਣੇ ਹਨ ਤੇ ਇਸ ਵਾਰ ਵਾਧਾ 3655 ਕਰੋੜ ਰੁਪਏ ਦਾ ਹੋਵੇਗਾ। ਸੂਬੇ ਦੀ ਵਿੱਤੀ ਹਾਲਤ ਬਾਰੇ ਸੂਬੇ ਦੇ ਵਿੱਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਆਰਥਿਕ ਹਾਲਤ ਵਿਚ ਕੋਈ ਖਾਸ ਫਰਕ ਨਹੀਂ ਪਿਆ। ਸੂਬਾ ਸਰਕਾਰ ਨੇ ਵਿੱਤੀ ਹਾਲਤ ਸੁਧਾਰਨ ਲਈ ਸਾਧਨ ਜੁਟਾਉਣ ਦਾ ਫੈਸਲਾ ਕੀਤਾ ਸੀ ਤੇ ਇਸ ਮਾਮਲੇ ਵਿਚ ਕੈਪਟਨ ਸਰਕਾਰ ਕੇਵਲ ਪੇਸ਼ਾਵਰਾਨਾ ਟੈਕਸ ਹੀ ਲਾਗੂ ਕਰ ਸਕੀ ਹੈ, ਜਿਸ ਤੋਂ ਸੂਬੇ ਨੂੰ ਸਾਲਾਨਾ 150 ਕਰੋੜ ਰੁਪਏ ਮਿਲਣ ਦੀ ਉਮੀਦ ਹੈ। ਇਸ ਤੋਂ ਇਲਾਵਾ ਹੋਰ ਕਿਸੇ ਪਾਸੇ ਕੋਈ ਖਾਸ ਪ੍ਰਗਤੀ ਨਹੀਂ ਹੋਈ। ਪੰਜਾਬ ਦੇ ਅਰਥ ਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਨਾਲ ਸੂਬੇ ਦੀ ਵਿੱਤੀ ਹਾਲਤ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੂਬੇ ਦੀ ਵਿੱਤੀ ਹਾਲਤ ਠੀਕ ਨਹੀਂ ਹੈ, ਕਿਉਂਕਿ ਰਾਜ ਸਰਕਾਰ ਨੂੰ ਜੀ.ਐਸ਼ਟੀ. ਤੋਂ ਵੱਧ ਪੈਸਾ ਮਿਲਣ ਦੀ ਉਮੀਦ ਸੀ ਪਰ ਕੇਂਦਰ ਸਰਕਾਰ ਨੂੰ ਉਮੀਦ ਅਨੁਸਾਰ ਵਾਧਾ ਨਹੀਂ ਮਿਲਿਆ ਤੇ ਇਸ ਕਰਕੇ ਸੂਬਾ ਸਰਕਾਰ ਨੂੰ ਵਾਧਾ ਨਹੀਂ ਮਿਲਿਆ। ਜੀ.ਐਸ਼ਟੀ. ਦਾ ਪੈਸਾ ਮਿਲਣ ਵਿਚ ਦੇਰੀ ਹੋ ਰਹੀ ਹੈ, ਜਿਸ ਨਾਲ ਗਿਣਤੀਆਂ-ਮਿਣਤੀਆਂ ਲੜਖੜਾ ਗਈਆਂ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਜਿੰਨੀ ਦੇਰ ਤੱਕ 2.11 ਲੱਖ ਕਰੋੜ ਕਰਜ਼ੇ ਨੂੰ ਮੋੜਨ ਲਈ ਲੰਮੀ ਦੇਰੀ ਦੀ ਵਿਉਂਤ ਨਹੀਂ ਬਣਾਉਂਦੀ, ਉਂਨੀ ਦੇਰ ਤੱਕ ਸੂਬੇ ਸਿਰ ਮੁਸ਼ਕਲਾਂ ਦਾ ਬੋਝ ਹੀ ਰਹੇਗਾ।

### ਕੇਂਦਰ ਸਰਕਾਰ ਨੇ ਵੀ ਨਾ ਫੜੀ ਬਾਂਹ

ਕੈਪਟਨ ਸਰਕਾਰ ਨੇ ਵਾਅਦੇ ਪੂਰੇ ਕਰਨ ਲਈ ਕੇਂਦਰ ਸਰਕਾਰ ਕੋਲ ਬਜਟ ਦੇ ਆਕਾਰ ਤੋਂ ਤਿੰਨ ਫੀਸਦੀ ਤੋਂ ਵੱਧ ਕਰਜ਼ਾ ਲੈਣ ਲਈ ਕਈ ਵਾਰੀ ਪਹੁੰਚ ਕੀਤੀ ਹੈ ਪਰ ਕੇਂਦਰ ਸਰਕਾਰ ਨੇ ਤਿੰਨ ਫੀਸਦੀ ਤੋਂ ਵੱਧ ਕਰਜ਼ਾ ਲੈਣ ਦੀ ਆਗਿਆ ਨਹੀਂ ਦਿੱਤੀ ਤੇ ਇਸ ਕਰਕੇ ਰਾਜ ਸਰਕਾਰ ਨੂੰ ਇਸ ਹੱਦ ਅੰਦਰ ਰਹਿ ਕੇ ਕੰਮ ਕਾਜ ਚਲਾਉਣਾ ਪੈ ਰਿਹਾ ਹੈ। ਸੂਬੇ ਸਿਰ 2.11 ਲੱਖ ਕਰੋੜ ਦਾ ਕਰਜ਼ਾ ਹੈ ਤੇ ਇਸ ਦੇ ਨਾਲ ਅਨਾਜ ਦਾ 30,00 ਕਰੋੜ ਦੇ ਕਰਜ਼ੇ ਦਾ ਕੋਈ ਨਿਪਟਾਰਾ ਨਹੀਂ ਹੋ ਸਕਿਆ। ਇਸ ਕਰਕੇ ਕਰਜ਼ੇ ਦਾ ਵਿਆਜ ਤੇ ਮੂਲ ਹਰ ਸਾਲ ਦੇਣਾ ਪੈਂਦਾ ਹੈ ਤੇ ਵਿਆਜ ਤੇ ਮੂਲ ਮੋੜਨ ਵਿਚ ਹੀ ਤੀਹ ਹਜ਼ਾਰ ਕਰੋੜ ਰੁਪਏ ਅਤੇ ਅਨਾਜ ਦੇ ਕਰਜ਼ੇ ਨੂੰ ਮੋੜਨ ਵਿਚ ਹੀ ਰਾਜ ਸਰਕਾਰ 5480 ਕਰੋੜ ਦੀ ਅਦਾਇਗੀ ਕਰਨੀ ਪੈਂਦੀ ਹੈ। ਇਸ ਕੰਮ ਵਿਚ ਹੀ ਰਾਜ ਸਰਕਾਰ ਦੀ ਆਮਦਨ ਦਾ ਬਹੁਤ ਪੈਸਾ ਨਿਕਲ ਜਾਂਦਾ ਹੈ।

## ਸਖ਼ਤ ਕਾਨੂੰਨ ਵੀ ਹੋਏ ਬੇਅਸਰ


# ਭਾਰਤ 'ਚ ਕੁੜੀਆਂ ਨਾਲ ਵਧੀਕੀਆਂ ਜਾਰੀ

ਚੰਡੀਗੜ੍ਹ: ਭਾਰਤ ਵਿਚ ਔਰਤਾਂ ਨਾਲ ਹੁੰਦੇ ਅਪਰਾਧਾਂ ਸਬੰਧੀ ਸਖਤ ਕਾਨੂੰਨਾਂ ਦੇ ਬਾਵਜੂਦ ਅਜਿਹੇ ਅਪਰਾਧਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਹਰਿਆਣਾ ਦੇ ਸ਼ਹਿਰ ਰੇਵਾੜੀ ਨੇੜਲੇ ਪਿੰਡ ਦੀ ਸੀ.ਬੀ.ਐਸਈ. ਪ੍ਰੀਖਿਆ ਦੀ ਟੌਪਰ ਨਾਲ ਹੋਏ ਸਮੂਹਿਕ ਜਬਰ ਜਨਾਹ ਨੇ ਸਰਕਾਰ ਦੇ ਸਾਰੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਇਹ 19 ਸਾਲਾ ਲੜਕੀ 12 ਸਤੰਬਰ ਨੂੰ ਕੋਚਿੰਗ ਕਲਾਸ ਲਗਾ ਕੇ ਆ ਰਹੀ ਸੀ ਕਿ ਕਾਰ ਸਵਾਰਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਜਬਰ ਜਨਾਹ ਤੋਂ ਬਾਅਦ ਲੜਕੀ ਦੇ ਘਰ ਵਾਲਿਆਂ ਨੂੰ ਧਮਕੀ ਦੇਣ ਦੀ ਹਿਮਾਕਤ ਵੀ ਕੀਤੀ ਕਿ ਪੁਲਿਸ ਤੱਕ ਪਹੁੰਚ ਕੀਤੀ ਤਾਂ ਲੜਕੀ ਦੀ ਜਾਨ ਵੀ ਲੈ ਲਈ ਜਾਵੇਗੀ। ਘਟਨਾ ਦਾ ਪਰੇਸ਼ਾਨ ਕਰਨ ਵਾਲਾ ਪਹਿਲੂ ਇਹ ਵੀ ਹੈ ਕਿ ਸ਼ੁਰੂਆਤੀ ਦੌਰ ਵਿਚ ਪੀੜਤ ਅਤੇ ਉਸ ਦੇ ਮਾਪਿਆਂ ਨੂੰ ਰਿਪੋਰਟ ਲਿਖਾਉਣ ਲਈ ਖੱਜਲ ਖੁਆਰ ਹੋਣਾ ਪਿਆ ਅਤੇ ਰਿਪੋਰਟ ਲਿਖਣ ਤੋਂ ਬਾਅਦ ਵੀ ਪੁਲਿਸ ਹਨੇਰੇ ਵਿਚ ਹੱਥ ਮਾਰਦੀ ਨਜ਼ਰ ਆਈ।



ਕੁੜੀਆਂ ਨਾਲ ਵਧੀਕੀਆਂ ਇਹ ਇਕੱਲਾ ਮਾਮਲਾ ਨਹੀਂ ਹੈ। ਦਿੱਲੀ ਵਿਚ ਇਕ ਅਜਿਹੀ ਵੀਡੀਓ ਸਾਹਮਣੇ ਆਈ ਹੈ, ਜਿਸ ਵਿਚ ਇਕ ਲੜਕਾ ਬੁਰੀ ਤਰ੍ਹਾਂ ਇਕ ਲੜਕੀ ਦੀ ਕੁੱਟ-ਮਾਰ ਕਰ ਰਿਹਾ ਹੈ। ਇਸ ਦੀ ਵੀਡੀਓ ਸਾਹਮਣੇ ਆਉਣ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਘਟਨਾ ਦਾ ਸਖਤ ਨੋਟਿਸ ਲਿਆ। ਲੜਕੇ ਨੂੰ ਕਾਬੂ ਕਰ ਲਿਆ ਗਿਆ। ਪ੍ਰਭਾਵਿਤ ਲੜਕੀ ਨੇ ਜੋ ਗੱਲਾਂ ਦੱਸੀਆਂ ਉਹ ਪਰੇਸ਼ਾਨ ਕਰਨ ਵਾਲੀਆਂ ਹਨ। ਰੋਹਿਤ ਨਾਂ ਦੇ ਇਸ ਲੜਕੇ ਨੇ ਉਕਤ ਲੜਕੀ ਨੂੰ ਕਿਸੇ ਦੋਸਤ ਦੇ ਘਰ ਬੁਲਾਇਆ ਤੇ ਉਸ ਨਾਲ ਜਬਰ ਜਨਾਹ ਕੀਤਾ। ਲੜਕੀ ਨੇ ਵਿਰੋਧ ਕੀਤਾ ਅਤੇ ਗੁੱਸਾ ਜ਼ਾਹਰ ਕੀਤਾ ਤਾਂ ਉਸ ਨੂੰ ਮਾਰਿਆ-ਕੁੱਟਿਆ। ਦੇਸ਼ ਦੇ ਹੋਰ ਪ੍ਰਾਂਤਾਂ ਵਾਂਗ ਹਰਿਆਣਾ ਵਿਚ ਜਬਰ ਜਨਾਹ, ਉਧਾਲਣ ਅਤੇ ਔਰਤਾਂ ਨਾਲ ਜ਼ਬਰਦਸਤੀ ਕਰਨ ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਦਿਨੀਂ ਵਿਧਾਨ ਸਭਾ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ।ਹਰਿਆਣਾ ਵਿਚ ਪਿਛਲੇ ਸਮੇਂ ਵਿਚ ਜਬਰ ਜਨਾਹ ਦੇ ਮਾਮਲਿਆਂ ਵਿਚ 47 ਫੀਸਦੀ ਅਤੇ ਔਰਤਾਂ ਨੂੰ ਉਧਾਲਣ ਦੇ ਮਾਮਲਿਆਂ ਵਿਚ 100 ਫੀਸਦੀ ਵਾਧਾ ਹੋਇਆ ਹੈ। ਹੈਰਾਨੀ ਦੀ ਗੱਲ ਹੈ ਕਿ ਹਰਿਆਣਾ ਦੇ ਉਹ ਸ਼ਹਿਰ, ਜਿਨ੍ਹਾਂ ਵਿਚ ਹਰ ਤਰ੍ਹਾਂ ਦਾ ਵੱਡਾ ਵਿਕਾਸ ਹੋਇਆ ਹੈ, ਅਜਿਹੇ ਮਾਮਲਿਆਂ ਵਿਚ ਪਹਿਲੇ ਨੰਬਰ 'ਤੇ ਆਏ। ਇਨ੍ਹਾਂ ਵਿਚ ਗੁੜਗਾਉਂ, ਫਰੀਦਾਬਾਦ ਅਤੇ ਪਾਣੀਪਤ ਆਦਿ ਸ਼ਹਿਰ ਸ਼ਾਮਲ ਹਨ। ਲਗਾਤਾਰ ਹੋ ਰਹੇ ਇਨ੍ਹਾਂ ਮਾਮਲਿਆਂ ਵਿਚ ਵਾਧੇ ਨੇ ਹਰਿਆਣਾ ਸਰਕਾਰ ਦੇ ਅਕਸ ਨੂੰ ਧੁੰਦਲਾ ਕੀਤਾ ਹੈ ਅਤੇ ਇਹ ਪ੍ਰਭਾਵ ਪੱਕਾ ਹੋਇਆ ਹੈ ਕਿ ਸਰਕਾਰ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਘਟਾਉਣ ਵਿਚ ਅਸਮਰੱਥ ਰਹੀ ਹੈ। ਫਿਕਰ ਵਾਲੀ ਗੱਲ ਇਹ ਹੈ ਕਿ ਹਾਲੇ ਤੱਕ ਤਜਵੀਜ਼ ਕੀਤੀਆਂ ਗਈਆਂ ਸਖਤ ਸਜ਼ਾਵਾਂ ਦੇ ਬਾਵਜੂਦ ਅਜਿਹੀਆਂ ਗ਼ੈਰ ਸਮਾਜਿਕ ਘਟਨਾਵਾਂ ਵਿਚ ਮੋੜਾ ਨਹੀਂ ਪਿਆ, ਪਰ ਹੁਣ ਜਿਸ ਤੇਜ਼ੀ ਨਾਲ ਅਜਿਹੇ ਕੇਸਾਂ ਸਬੰਧੀ ਪੁਲਿਸ ਰਿਪੋਰਟਾਂ ਦਾਖਲ ਹੋਣ ਲੱਗੀਆਂ ਹਨ।

# ਪੰਜਾਬ 'ਚ ਨਸ਼ੇ ਦੀ ਤੋਟ ਕਾਰਨ ਮੌਤਾਂ ਦੇ ਦਿਲ ਕੰਬਾਊ ਅੰਕੜੇ



ਚੰਡੀਗੜ੍ਹ: ਪੰਜਾਬ ਵਿਚ ਨੌਜਵਾਨ ਆਏ ਦਿਨ ਨਸ਼ਿਆਂ ਦੀ ਬਲੀ ਚੜ੍ਹ ਰਹੇ ਹਨ। ਅੰਕੜਿਆਂ ਮੁਤਾਬਕ ਪੰਜਾਬ ਵਿਚ 9 ਲੱਖ ਲੋਕ ਨਸ਼ਾ ਕਰਕੇ ਹਨ। ਇਨ੍ਹਾਂ ਵਿਚੋਂ 3.5 ਲੱਖ ਲੋਕ ਅਡਿਕਟਿਡ ਹਨ। ਸੂਬੇ ਅੰਦਰ ਨਸ਼ਿਆਂ ਤੇ ਇਨ੍ਹਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਨਾਲ ਹਰ ਮਹੀਨੇ 112 ਜਣਿਆਂ ਦੀ ਮੌਤ ਹੋ ਰਹੀ ਹੈ। ਦੋ ਰਿਸਰਚ ਰਿਪੋਰਟਾਂ, 1000 ਪੀੜਤਾਂ ਪਰਿਵਾਰ, ਨਸ਼ਾ ਮੁਕਤੀ ਕੇਂਦਰ, ਓਟ ਸੈਂਟਰ ਤੇ ਮਨੋਵਿਗਿਆਨੀਆਂ ਨਾਲ ਗੱਲ ਕਰਕੇ ਪਤਾ ਲਾਇਆ ਕਿ ਨਸ਼ੇ ਦੀ ਵਜ੍ਹਾ ਕਾਰਨ ਕਈ ਘਰ ਉੱਜੜ ਗਏ ਹਨ। ਇਕ ਹੀ ਸਰਿੰਜ ਨਾਲ ਨਸ਼ਾ ਲੈਣ ਕਰਕੇ ਏਡਜ਼ ਤੇ ਹੈਪੇਟਾਈਟਸ-3 ਵਰਗੀਆਂ ਬਿਮਾਰੀਆਂ ਫੈਲ ਰਹੀਆਂ ਹਨ। ਐਨ.ਸੀ.ਬੀ. ਦੀ ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ ਦੌਰਾਨ (2007-17) ਭਾਰਤ ਵਿਚ 25 ਹਜ਼ਾਰ ਲੋਕਾਂ ਨੇ ਨਸ਼ੇ ਦੀ ਥੁੜ ਕਾਰਨ ਖੁਦਕੁਸ਼ੀ ਕਰ ਲਈ ਤੇ ਇਨ੍ਹਾਂ ਵਿਚੋਂ 74 ਫੀਸਦੀ ਮਾਮਲੇ ਪੰਜਾਬ ਦੇ ਹਨ। ਕਦੀ ਭਾਰਤੀ ਫੌਜ ਨੂੰ ਸਭ ਤੋਂ ਜ਼ਿਆਦਾ ਜਵਾਨ ਦੇਣ ਵਾਲਾ ਪੰਜਾਬ ਅੱਜ 6ਵੇਂ ਸਥਾਨ ਉਤੇ ਆ ਗਿਆ ਹੈ, ਕਿਉਂਕਿ ਇਥੋਂ ਦੇ ਨੌਜਵਾਨ ਸਰੀਰਕ ਯੋਗਤਾ ਵਿਚੋਂ ਫੇਲ੍ਹ ਹੋ ਰਹੇ ਹਨ। ਨਸ਼ੇ ਕਰਨ ਵਾਲੇ ਬੰਦੇ ਦਾ ਸਰੀਰ ਤੇ ਦਿਮਾਗ ਉਸ ਉਤੇ ਨਿਰਭਰ ਹੋ ਜਾਂਦੇ ਹਨ। ਨਸ਼ੇ ਤੋਂ ਬਿਨਾਂ ਉਸ ਨੂੰ ਕੁਝ ਚੰਗਾ ਨਹੀਂ ਲੱਗਦਾ। ਨਸ਼ਾ ਨਾ ਮਿਲਣ ਕਾਰਨ ਸਰੀਰ ਵਿਚ ਦਰਦ, ਬੇਚੈਨੀ ਤੇ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਲਿਵਰ, ਗੁਰਦਿਆਂ ਤੇ ਦਿਲ ਉਤੇ ਇਸ ਦਾ ਬੁਰਾ ਅਸਰ ਪੈਂਦਾ ਹੈ। ਇਕ ਵਾਰ ਆਦਤ ਪੈ ਜਾਏ ਤਾਂ ਬਿਨਾਂ ਨਸ਼ਾ ਰਿਹਾ ਨਹੀਂ ਜਾਂਦਾ ਤੇ ਹੌਲੀ-ਹੌਲੀ ਬੰਦਾ ਮੌਤ ਵੱਲ ਧੱਕਿਆ ਜਾਂਦਾ ਹੈ।

### ਪੁਲਿਸ ਤੱਕ ਨਹੀਂ ਪੁੱਜਦੇ ਨਸ਼ੇ ਨਾਲ ਮੌਤ ਦੇ ਕੇਸ

ਨਸ਼ੇ ਨਾਲ ਖੁਦਕੁਸ਼ੀ ਦੀ ਗੱਲ ਕੀਤੀ ਜਾਵੇ ਤਾਂ 2012 ਵਿਚ 4 ਹਜ਼ਾਰ ਤੋਂ ਜ਼ਿਆਦਾ ਮਾਮਲੇ ਦਰਜ ਕੀਤੇ ਗਏ ਸਨ। 2013 ਵਿਚ ਇਨ੍ਹਾਂ ਦੀ ਗਿਣਤੀ 4500 ਹੋ ਗਈ ਸੀ। ਅੰਕੜਿਆਂ ਮੁਤਾਬਕ 2007 ਤੋਂ ਲੈ ਕੇ 2017 ਤੱਕ ਨਸ਼ਿਆਂ ਨਾਲ ਸਬੰਧਤ 25 ਹਜ਼ਾਰ ਤੋਂ ਜ਼ਿਆਦਾ ਖੁਦਕੁਸ਼ੀਆਂ ਹੋਈਆਂ। ਨਸ਼ੇ ਦੀ ਆਦਤ ਜਾਂ ਸ਼ਰਾਬ ਦੀ ਵਜ੍ਹਾ ਨਾਲ ਜੋ ਖੁਦਕੁਸ਼ੀਆਂ ਥਾਣਿਆਂ 'ਚ ਦਰਜ ਹੁੰਦੀਆਂ ਹਨ, ਐਨ.ਸੀ.ਬੀ. ਉਨ੍ਹਾਂ ਦੇ ਆਧਾਰ ਉਤੇ ਹੀ ਅੰਕੜੇ ਤਿਆਰ ਕਰਦਾ ਹੈ, ਪਰ ਭਾਸਕਰ ਆਡਿਟ ਵਿਚ ਇਹ ਪਤਾ ਲੱਗਾ ਕਿ ਪੇਂਡੂ ਖੇਤਰਾਂ ਵਿਚ ਅਜਿਹੇ ਮਾਮਲੇ ਦਰਜ ਹੀ ਨਹੀਂ ਕਰਾਏ ਜਾਂਦੇ। ਨਸ਼ੇ ਕਾਰਨ ਹੋਣ ਵਾਲੀਆਂ ਮੌਤਾਂ ਦੇ 70 ਫੀਸਦੀ ਤੋਂ ਵੱਧ ਮਾਮਲੇ ਪੁਲਿਸ ਕੋਲ ਪੁੱਜਦੇ ਹੀ ਨਹੀਂ ਹਨ।

# ਭਾਰਤ ਨਾਲ ਹੋਏ ਰਾਫ਼ਾਲ ਸੌਦੇ ਸਮੇਂ ਮੈਂ ਰਾਸ਼ਟਰਪਤੀ ਨਹੀਂ ਸੀ : ਇਮੈਨੁਅਲ ਮੈਕਰੋਂ



ਪੈਰਿਸ: ਸੰਯੁਕਤ ਰਾਸ਼ਟਰ ਮਹਾਸਭਾ ਦੇ 73ਵੇਂ ਸੈਸ਼ਨ ਤੋਂ ਬਾਅਦ ਇਕ ਪ੍ਰੈੱਸ ਕਾਨਫਰੰਸ 'ਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਰਾਫੇਲ ਵਿਵਾਦ 'ਤੇ ਸਫਾਈ ਦਿੱਤੀ ਹੈ। ਮੈਕਰੋਨ ਨੇ ਕਿਹਾ ਕਿ ਰਾਫੇਲ ਕਰਾਰ ਸਰਕਾਰ ਨਾਲ ਸਰਕਾਰ ਵਿਚਾਲੇ ਤੈਅ ਹੋਇਆ ਸੀ। ਭਾਰਤ ਅਤੇ ਫਰਾਂਸ ਵਿਚਾਲੇ 36 ਲੜਾਕੂ ਜਹਾਜ਼ਾਂ ਨੂੰ ਲੈ ਕੇ ਜਦੋਂ ਅਰਬਾਂ ਡਾਲਰ ਦਾ ਇਹ ਕਰਾਰ ਹੋਇਆ, ਉਸ ਸਮੇਂ ਉਹ ਸੱਤਾ ਵਿਚ ਨਹੀਂ ਸਨ। ਭਾਰਤ ਨੇ ਕਰੀਬ 58,000 ਕਰੋੜ ਰੁਪਏ ਦੀ ਲਾਗਤ ਨਾਲ 36 ਰਾਫੇਲ ਲੜਾਕੂ ਜਹਾਜ਼ਾਂ ਦੀ ਖਰੀਦ ਲਈ ਪਿਛਲੇ ਸਾਲ ਸਤੰਬਰ ਵਿਚ ਫਰਾਂਸ ਨਾਲ ਅੰਤਰ-ਸਰਕਾਰੀ ਸਮਝੌਤੇ 'ਤੇ ਦਸਤਖਤ ਕੀਤੇ ਸਨ। ਇਨ੍ਹਾਂ ਜਹਾਜ਼ਾਂ ਦੀ ਸਪਲਾਈ ਸਤੰਬਰ 2019 ਤੋਂ ਸ਼ੁਰੂ ਹੋਣ ਵਾਲੀ ਹੈ। ਪਿਛਲੇ ਸਾਲ ਮਈ ਵਿਚ ਫਰਾਂਸ ਦੇ ਰਾਸ਼ਟਰਪਤੀ ਬਣੇ ਮੈਕਰੋਨ ਨੇ ਮੰਗਲਵਾਰ ਨੂੰ ਕਿਹਾ ਕਿ ਮੈਂ ਸਾਫ-ਸਾਫ ਕਹਾਂਗਾ ਕਿ ਇਹ ਸਰਕਾਰ ਨਾਲ ਸਰਕਾਰ ਵਿਚਾਲੇ ਹੋਈ ਗੱਲਬਾਤ ਸੀ ਅਤੇ ਮੈਂ ਸਿਰਫ ਉਸ ਗੱਲ ਵੱਲ ਇਸ਼ਾਰਾ ਕਰਨਾ ਚਾਹਾਂਗਾ, ਜੋ ਪਿਛਲੀ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਹੁਤ ਸਪੱਸ਼ਟ ਤੌਰ 'ਤੇ ਆਖੀ। ਮੈਕਰੋਨ ਨੇ ਕਿਹਾ ਕਿ ਮੈਨੂੰ ਹੋਰ ਕੋਈ ਟਿੱਪਣੀ ਨਹੀਂ ਕਰਨੀ। ਇਹ ਸਮਝੌਤਾ ਇਕ ਵਿਆਪਕ ਢਾਂਚੇ ਦਾ ਹਿੱਸਾ ਹੈ, ਜੋ ਭਾਰਤ ਅਤੇ ਫਰਾਂਸ ਵਿਚਾਲੇ ਫੌਜੀ ਅਤੇ ਰੱਖਿਆ ਗਠਜੋੜ ਹੈ। ਦੱਸਣਯੋਗ ਹੈ ਕਿ ਰਾਫੇਲ ਕਰਾਰ ਦੇ ਮੁੱਦੇ 'ਤੇ ਭਾਰਤ ਵਿਚ ਵੱਡਾ ਵਿਵਾਦ ਪੈਦਾ ਹੋ ਚੁੱਕਾ ਹੈ। ਇਹ ਵਿਵਾਦ ਫਰਾਂਸ ਦੀ ਮੀਡੀਆ ਵਿਚ ਆਈ ਉਸ ਖਬਰ ਤੋਂ ਬਾਅਦ ਪੈਦਾ ਹੋਇਆ, ਜਿਸ ਵਿਚ ਸਾਬਕਾ ਫਰਾਂਸੀਸੀ ਰਾਸ਼ਟਰਪਤੀ ਫਰਾਂਸਵਾ ਓਲਾਂਦ ਨੇ ਕਿਹਾ ਕਿ ਰਾਫੇਲ ਕਰਾਰ ਵਿਚ ਭਾਰਤੀ ਕੰਪਨੀ ਦੀ ਚੋਣ ਨਵੀਂ ਦਿੱਲੀ ਦੇ ਇਸ਼ਾਰੇ 'ਤੇ ਕੀਤੀ ਗਈ ਸੀ।

# ਜਨਮ ਤੋਂ ਪਹਿਲਾਂ ਮਾਰ ਦਿੱਤੇ ਜਾਂਦੇ ਨੇ ਇਨੇ ਲੱਖ

## ਇਹ ਦੇਸ਼ ਹਨ ਸਭ ਤੋਂ ਅੱਗੇ



ਓਟਾਵਾ— 'ਵਰਲਡ ਹੈਲਥ ਆਰਗੇਨਾਇਜ਼ੇਸ਼ਨ' ਦੀ ਇਕ ਰਿਪੋਰਟ ਮੁਤਾਬਕ ਦੁਨੀਆ 'ਚ ਹਰ ਰੋਜ਼ 1 ਲੱਖ 25 ਹਜ਼ਾਰ ਤੋਂ ਵੀ ਜ਼ਿਆਦਾ ਗਰਭਪਾਤ ਕੀਤੇ ਜਾਂਦੇ ਹਨ ਭਾਵ ਹਰ ਸਾਲ ਲੱਖਾਂ ਬੱਚਿਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਕਈ ਹਾਲਾਤਾਂ 'ਚ ਗਰਭਪਾਤ ਕਰਵਾਉਣਾ ਮਜ਼ਬੂਰੀ ਹੁੰਦੀ ਹੈ ਪਰ ਇਸ ਤੋਂ ਚੰਗਾ ਇਹ ਹੋਵੇਗਾ ਕਿ ਲੋਕ ਇਸ ਪ੍ਰਤੀ ਜਾਗਰੂਕ ਹੋਣ। 45 ਸਾਲ ਪਹਿਲਾਂ 22 ਜਨਵਰੀ 1973 'ਚ ਅਮਰੀਕਾ 'ਚ ਗਰਭਪਾਤ ਨੂੰ ਕਾਨੂੰਨੀ ਬਣਾ ਦਿੱਤਾ ਗਿਆ ਸੀ। ਕਈ ਦੇਸ਼ਾਂ 'ਚ ਤਾਂ ਔਰਤਾਂ ਜਦ ਚਾਹੇ ਗਰਭਪਾਤ ਕਰਵਾ ਸਕਦੀਆਂ ਹਨ ਭਾਵੇਂ ਗਰਭ 9 ਮਹੀਨਿਆਂ ਦਾ ਹੀ ਕਿਉਂ ਨਾ ਹੋਵੇ।

**ਕੈਨੇਡਾ—** ਕੈਨੇਡਾ 'ਚ ਗਰਭਕਾਲ ਦੇ ਕਿਸੇ ਵੀ ਮਹੀਨੇ 'ਚ ਗਰਭਪਾਤ ਕਰਵਾਇਆ ਜਾ ਸਕਦਾ ਹੈ। 1969 ਤੋਂ ਪਹਿਲਾਂ ਅਜਿਹਾ ਕਰਨ 'ਤੇ ਸਜ਼ਾ ਮਿਲਦੀ ਸੀ ਪਰ ਬਾਅਦ 'ਚ ਇਹ ਕਾਨੂੰਨ ਬਦਲ ਗਿਆ। 1968-69 'ਚ ਹੋਏ 'ਅਪਰਾਧਕ ਕਾਨੂੰਨੀ ਸੋਧ ਐਕਟ' ਮਗਰੋਂ ਪੁਰਾਣੇ ਕਾਨੂੰਨ ਨੂੰ ਬਦਲ ਦਿੱਤਾ ਗਿਆ। ਇਸੇ ਲਈ ਇੱਥੇ ਹਰ ਰੋਜ਼ ਹਜ਼ਾਰਾਂ ਗਰਭਪਾਤ ਹੁੰਦੇ ਹਨ। ਹਾਲਾਂਕਿ ਔਰਤਾਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਜ਼ਿਆਦਾਤਰ ਗਰਭਪਾਤ ਸ਼ੁਰੂਆਤੀ ਮਹੀਨਿਆਂ 'ਚ ਹੀ ਕੀਤੇ ਜਾਂਦੇ ਹਨ। ਇਹ ਫੈਸਲਾ ਡਾਕਟਰ ਅਤੇ ਔਰਤਾਂ ਵੱਲੋਂ ਲਿਆ ਜਾਂਦਾ ਹੈ।

**ਸਵਿਟਜ਼ਰਲੈਂਡ—** ਸਵਿਟਜ਼ਰਲੈਂਡ 'ਚ ਵੀ ਗਰਭਕਾਲ ਦੇ ਪਹਿਲੇ 3 ਮਹੀਨਿਆਂ ਤਕ ਔਰਤਾਂ ਗਰਭਪਾਤ ਕਰਵਾ ਸਕਦੀਆਂ ਹਨ। ਜੇਕਰ ਉਨ੍ਹਾਂ ਨੂੰ ਗਰਭਕਾਲ ਦੌਰਾਨ ਕੋਈ ਸਰੀਰਕ ਪਰੇਸ਼ਾਨੀ ਹੋਵੇ ਤਾਂ ਉਹ ਕਿਸੇ ਵੀ ਸਮੇਂ ਗਰਭਪਾਤ ਕਰਵਾ ਸਕਦੀਆਂ ਹਨ। ਉਂਝ ਇਸ ਦੇਸ਼ ਦੇ ਲੋਕ ਕਾਫੀ ਜਾਗਰੂਕ ਹੋ ਗਏ ਹਨ ਅਤੇ ਗਰਭਪਾਤ ਕਰਵਾਉਣ 'ਚ ਕਾਫੀ ਕਮੀ ਆਈ ਹੈ।

**ਸਾਊਥ ਅਫਰੀਕਾ—** ਸਾਊਥ ਅਫਰੀਕਾ 'ਚ ਵੀ ਅਜਿਹਾ ਕਾਨੂੰਨ ਹੈ ਕਿ 13 ਹਫਤਿਆਂ ਤੋਂ ਗਰਭਵਤੀ ਔਰਤਾਂ ਬਿਨਾਂ ਕੋਈ ਕਾਰਨ ਦੱਸਿਆ ਗਰਭਪਾਤ ਕਰਵਾ ਸਕਦੀਆਂ ਹਨ। ਬਲਾਤਕਾਰ ਕਾਰਨ ਗਰਭਵਤੀ ਹੋਣ ਵਾਲੀਆਂ ਔਰਤਾਂ ਜਾਂ ਸਿਹਤ ਠੀਕ ਨਾ ਹੋਣ ਕਾਰਨ ਔਰਤਾਂ ਆਪਣੀ ਮਰਜ਼ੀ ਨਾਲ ਗਰਭਪਾਤ ਕਰਵਾ ਲੈਂਦੀਆਂ ਹਨ। 1 ਫਰਵਰੀ 1997 ਤਕ ਇਸ ਦੇਸ਼ 'ਚ ਵੀ ਗਰਭਪਾਤ ਕਰਵਾਉਣਾ ਗੈਰ-ਕਾਨੂੰਨੀ ਸੀ।

**ਆਸਟਰੀਆ—** ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਆਸਟਰੀਆ ਵਰਗੇ ਦੇਸ਼ 'ਚ 14 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਵੀ ਗਰਭਪਾਤ ਕਰਵਾ ਸਕਦੀਆਂ ਹਨ। ਇੱਥੇ 23 ਜਨਵਰੀ, 1974 ਮਗਰੋਂ ਇੱਥੇ ਇਹ ਕਾਨੂੰਨ ਬਣ ਗਿਆ। ਪਹਿਲੇ 3 ਮਹੀਨਿਆਂ ਤਕ ਔਰਤਾਂ ਹਸਪਤਾਲ ਜਾ ਕੇ ਆਪਣੀ ਮਰਜ਼ੀ ਨਾਲ ਗਰਭਪਾਤ ਕਰਵਾ ਸਕਦੀਆਂ ਹਨ।

**ਫਰਾਂਸ—** ਫਰਾਂਸ ਵਰਗੇ ਦੇਸ਼ 'ਚ 12 ਹਫਤੇ ਤਕ ਦੀਆਂ ਗਰਭਵਤੀ ਔਰਤਾਂ ਬਿਨਾਂ ਕਿਸੇ ਪਰੇਸ਼ਾਨੀ ਦੇ ਗਰਭਪਾਤ ਕਰਵਾ ਸਕਦੀਆਂ ਹਨ। ਇਸ ਦੇ ਬਾਅਦ ਦੇ ਮਹੀਨਿਆਂ 'ਚ ਉਹ ਸਿਰਫ ਦੋ ਕਾਰਨਾਂ ਕਰਕੇ ਹੀ ਗਰਭਪਾਤ ਕਰਵਾ ਸਕਦੀਆਂ ਹਨ। ਪਹਿਲਾ, ਸਿਹਤ ਖਰਾਬੀ ਕਾਰਨ ਡਾਕਟਰਾਂ ਨੇ ਸਲਾਹ ਦਿੱਤੀ ਹੋਵੇ ਅਤੇ ਦੂਜਾ, ਪੈਦਾ ਹੋਣ ਵਾਲਾ ਬੱਚਾ ਕਿਸੇ ਬੀਮਾਰੀ ਨਾਲ ਪੀੜਤ ਹੋਵੇ, ਜਿਸ ਦਾ ਇਲਾਜ ਨਾ ਹੋ ਸਕਦਾ ਹੋਵੇ।

# ਸੱਪ ਦਾ ਖ਼ੂਨ ਪੀਣ ਅਤੇ ਕੱਚਾ ਮੁਰਗਾ ਖਾਣ ਦੀ ਦਿੱਤੀ ਜਾਂਦੀ ਹੈ



ਜਕਾਰਤਾ— ਸੋਸ਼ਲ ਮੀਡੀਆ 'ਤੇ ਇਕ ਵੀਡੀਓ ਕਾਫੀ ਵਾਇਰਲ ਹੋ ਰਿਹਾ ਹੈ। ਇਹ ਵਾਇਰਲ ਵੀਡੀਓ ਇੰਡੋਨੇਸ਼ੀਆ ਦੀ ਸਪੈਸ਼ਲ ਫੋਰਸਜ਼ ਦੇ ਜਵਾਨਾਂ ਦੀ ਦੱਸੀ ਜਾ ਰਹੀ ਹੈ। ਵੀਡੀਓ 'ਚ ਦਿਖਾਇਆ ਗਿਆ ਹੈ ਕਿ ਜਵਾਨ ਆਪਣੇ ਦੰਦਾਂ ਨਾਲ ਸੱਪਾਂ ਨੂੰ ਵੱਡ ਰਹੇ ਹਨ ਤੇ ਉਨ੍ਹਾਂ ਦਾ ਖ਼ੂਨ ਪੀ ਰਹੇ ਹਨ। ਅਜਿਹੀ ਟ੍ਰੇਨਿੰਗ ਇੰਡੋਨੇਸ਼ੀਆ ਦੇ ਕੋਬਰਾ ਗੋਲਡ ਫੋਰਸ ਨੂੰ ਦਿੱਤੀ ਜਾਂਦੀ ਹੈ। ਕੋਬਰਾ ਗੋਲਡ ਜਵਾਨਾਂ ਨੂੰ ਇਹ ਟ੍ਰੇਨਿੰਗ ਇਸ ਲਈ ਦਿੰਦੀ ਹੈ ਤਾਂ ਕਿ ਉਹ ਮੁਸ਼ਕਿਲ ਭਰੇ ਹਲਾਤਾਂ ਦਾ ਸਾਹਮਣਾ ਅਸਾਨੀ ਨਾਲ ਕਰ ਸਕਣ। ਉਨ੍ਹਾਂ ਨੂੰ ਸਿਖਾਇਆ ਜਾਂਦਾ ਹੈ ਕਿ ਜਦੋਂ ਕੁਝ ਵੀ ਖਾਣ ਲਈ ਨਾ ਹੋਵੇਂ ਤਾਂ ਕਿੰਝ ਆਪਣਾ ਢਿੱਡ ਭਰਨਾ ਹੈ। ਕੋਬਰਾ ਗੋਲਡ ਟ੍ਰੇਨਿੰਗ ਦੀ ਸ਼ੁਰੂਆਤ 1982 'ਚ ਹੋਈ। ਇਹ ਟ੍ਰੇਨਿੰਗ ਅਮਰੀਕਾ ਤੇ ਥਾਈਲੈਂਡ ਆਰਮੀ ਮਿਲ ਕੇ ਥਾਈਲੈਂਡ ਦੇ ਜੰਗਲਾਂ 'ਚ ਕਰਵਾਈ ਜਾਂਦੀ ਹੈ। ਹਾਲਾਂਕਿ ਇਸ ਟ੍ਰੇਨਿੰਗ 'ਚ ਕਈ ਦੇਸ਼ਾਂ ਦੇ ਜਵਾਨ ਹਿੱਸਾ ਲੈਂਦੇ ਹਨ। ਇਸ ਟ੍ਰੇਨਿੰਗ ਦਾ ਟੀਚਾ ਫੌਜੀਆਂ ਨੂੰ ਹਰੇਕ ਮੁਸ਼ਕਿਲ ਹਲਾਤਾਂ ਲਈ ਮਜ਼ਬੂਤ ਬਣਾਉਣਾ ਹੁੰਦਾ ਹੈ। ਇਸ ਟ੍ਰੇਨਿੰਗ 'ਚ ਉਨ੍ਹਾਂ ਨੂੰ ਪਿਆਸ ਬੁਝਾਉਣ ਲਈ ਕੋਬਰੇ ਵਰਗੇ ਖਤਰਨਾਕ ਸੱਪ ਦਾ ਖ਼ੂਨ ਪੀਣਾ ਤੇ ਭੁੱਖ ਮਿਟਾਉਣ ਲਈ ਜ਼ਿੰਦਾ ਮੁਰਗੇ ਨੂੰ ਖਾਣਾ ਵੀ ਸਿਖਾਇਆ ਜਾਂਦਾ ਹੈ। ਇਸ ਦੇ ਨਾਲ ਅਜਿਹੇ ਜਵਾਨਾਂ ਨੂੰ ਹੋਰ ਕਈ ਤਰ੍ਹਾਂ ਦੇ ਕੀੜੇ ਖਾਣਾ ਵੀ ਸਿਖਾਇਆ ਜਾਂਦਾ ਹੈ।

# ਕੈਲਗਰੀ ਯੂਨੀਵਰਸਿਟੀ ਨੇ ਕੈਂਸਰ ਦੀ ਰੋਕਥਾਮ ਲਈ ਦਿੱਤੀ ਇਹ ਸਲਾਹ

ਕੈਲਗਰੀ— ਕੈਨੇਡਾ ਦੀ ਕੈਲਗਰੀ ਯੂਨੀਵਰਸਿਟੀ ਤੇ 'ਕੈਨੇਡੀਅਨ ਪੋਪੁਲੇਸ਼ਨ ਐਟਰੀਬੁਟੇਬਲ ਰਿਸਕ ਆਫ ਕੈਂਸਰ ਪ੍ਰੋਜੈਕਟ' ਵੱਲੋਂ ਅਧਿਐਨ ਕੀਤਾ ਗਿਆ ਹੈ ਜਿਸ 'ਚ ਕੈਨੇਡਾ 'ਚ ਵਧ ਰਹੇ ਕੈਂਸਰ ਰੇਟ 'ਤੇ ਕਾਬੂ ਪਾਉਣ ਦੀ ਗੱਲ 'ਤੇ ਧਿਆਨ ਦਿੱਤਾ ਗਿਆ। ਇਸ 'ਚ ਦੱਸਿਆ ਗਿਆ ਕਿ ਜੇਕਰ ਲੋਕ ਆਪਣੇ ਮੋਟਾਪੇ ਅਤੇ ਵਧਦੇ ਭਾਰ 'ਤੇ ਕਾਬੂ ਪਾ ਲੈਣ ਤਾਂ ਉਹ ਕੈਂਸਰ ਵਰਗੀ ਬੀਮਾਰੀ ਤੋਂ ਬਚ ਸਕਦੇ ਹਨ। ਦਵਾਈਆਂ ਬਣਾਉਣ ਵਾਲੇ ਅਤੇ ਇਸ ਖੋਜ 'ਚ ਸਹਾਇਕ ਪ੍ਰੋਫੈਸਰ ਡੈਰਨ ਬਰੇਨਰ ਨੇ ਦੱਸਿਆ ਕਿ ਬਹੁਤ ਜ਼ਿਆਦਾ ਭਾਰ ਵਧਣ ਨਾਲ ਵਿਅਕਤੀ ਕੈਂਸਰ ਨਾਲ ਗ੍ਰਸਿਤ ਹੋ ਸਕਦਾ ਹੈ ਕਿਉਂਕਿ ਉਂਝ ਵੀ ਮੋਟਾਪੇ ਕਾਰਨ ਵਿਅਕਤੀ ਕਈ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਸਰੀਰ ਦੇ ਤਾਕਤਵਰ ਤੱਤਾਂ 'ਤੇ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮੋਟਾਪੇ ਕਾਰਨ ਛਾਤੀ, ਕਿਡਨੀ ਅਤੇ ਕਈ ਹੋਰ ਤਰ੍ਹਾਂ ਦੇ ਕੈਂਸਰ ਹੋਣ ਦਾ ਖਦਸ਼ਾ ਵਧ ਜਾਂਦਾ ਹੈ। ਬਹੁਤ ਸਾਰੇ ਕੈਨੇਡੀਅਨ ਭਾਰ ਵਧਾਉਣ ਦੇ ਸ਼ੌਕੀਨ ਹਨ ਅਤੇ ਉਨ੍ਹਾਂ ਦਾ ਇਹ ਸ਼ੌਕ ਉਨ੍ਹਾਂ ਲਈ ਖਤਰਾ ਬਣ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਲੋਕਾਂ ਦਾ ਖਾਣ-ਪੀਣ ਅਤੇ ਰਹਿਣ-ਸਹਿਣ ਇਸੇ ਤਰ੍ਹਾਂ ਦਾ ਰਿਹਾ ਤਾਂ ਅਗਲੇ ਕੁੱਝ ਸਾਲਾਂ ਤਕ ਹਾਲਤ ਵਧੇਰੇ ਖਰਾਬ ਹੋ ਜਾਣਗੇ।

# ਇਹ ਹੈ ਦੁਨੀਆਂ ਦਾ ਸਭ ਤੋਂ ਖਤਰਨਾਕ ਭੂਚਾਲ,ਇੱਕੋ ਝਟਕੇ 'ਚ ਗਈ ਸੀ 8.3 ਲੱਖ ਦੀ ਜਾਨ



ਸੰਨ 1556 'ਚ 23 ਜਨਵਰੀ ਨੂੰ ਚੀਨ 'ਚ ਦੁਨੀਆਂ ਦਾ ਸਭ ਤੋਂ ਵਿਨਾਸ਼ਕਾਰੀ ਭੂਚਾਲ ਆਇਆ ਸੀ। ਇਸ ਭੂਚਾਲ ਨੇ ਇੱਕੋ ਝਟਕੇ 'ਚ 8 ਲੱਖ 30 ਹਜਾਰ ਲੋਕਾਂ ਦੀ ਜਾਨ ਲੈ ਲਈ ਸੀ। ਇਸ ਭੂਚਾਲ ਨੂੰ ਸ਼ਾਂਕਸੀ ਭੂਚਾਲ ਕਿਹਾ ਜਾਂਦਾ ਹੈ। ਤੀਬਰਤਾ ਦੇ ਮਾਮਲੇ 'ਚ ਧਰਤੀ 'ਤੇ ਇਸ ਤੋਂ ਵੀ ਜਿਆਦਾ ਸ਼ਕਤੀਸ਼ਾਲੀ ਭੂਚਾਲ ਆ ਚੁੱਕੇ ਹਨ, ਪਰ ਇਸ ਭੂਚਾਲ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਸਨ। 23 ਜਨਵਰੀ 1556 ਨੂੰ ਰਿਕਟਰ ਪੈਮਨੇ 'ਤੇ 8 ਤੀਬਰਤਾ ਵਾਲੇ ਭੂਚਾਲ ਨੇ 520 ਮੀਲ (840 ਕਿਲੋ ਮੀਟਰ) 'ਚ ਤਬਾਹੀ ਮਚਾਈ ਸੀ, ਇੰਨਾ ਇਲਾਕਾ ਪੂਰੀ ਤਰਾਂ ਨਾਲ ਮਿੱਟੀ 'ਚ ਮਿਲ ਗਿਆ ਸੀ। ਇਸ ਦਾ ਅਸਰ ਸ਼ਾਂਕਸੀ ਪ੍ਰਾਂਤ ਦੇ 97 ਦੇਸ਼ਾਂ 'ਤੇ ਪਇਆ ਸੀ। ਭੂਚਾਲ ਦੀ ਵਜ੍ਹਾ ਨਾਲ ਕਈਂ ਥਾਵਾਂ 'ਤੇ ਭੂ-ਖਲਨ ਵੀ ਹੋਇਆ ਸੀ।

**ਪੈ ਗਈਆਂ ਸਨ 66 ਫੁੱਟ ਡੂੰਘੀਆਂ ਤਰੇੜਾਂ:-** ਇਤਿਹਾਸਕਾਰਾਂ ਦੇ ਮੁਤਾਬਿਕ ਇਸ ਦੀ ਤੀਬਰਤਾ ਅਜਿਹੀ ਸੀ ਕਿ ਜਮੀਨ 'ਤੇ 66 ਫੁੱਟ ਤੱਕ ਡੂੰਘੀਆਂ ਤਰੇੜਾਂ ਆ ਗਈਆਂ ਸਨ, ਪ੍ਰਭਾਵਿਤ ਇਲਾਕਿਆਂ ਵਿੱਚ 60 ਪ੍ਰਤੀਸ਼ਤ ਤੱਕ ਜਨ ਸੰਖਿਆਂ ਖਤਮ ਹੋ ਗਈ ਸੀ।


**ਇਹ ਸੀ ਇਸ ਦਾ ਸੈਂਟਰ:-** ਦੱਸਿਆ ਜਾਂਦਾ ਹੈ ਕਿ Huaxian ਸਿਟੀ ਦੇ ਕਰੀਬ ਬੇਈ ਨਦੀ ਇਸ ਭੂਚਾਲ ਦਾ ਕੇਂਦਰ ਸੀ। ਹਾਲਾਂਕਿ, ਵਿਗਿਆਨੀਆਂ ਦੇ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਹੈ ਜਿਸਤੋਂ ਪਤਾ ਲੱਗ ਸਕੇ ਕਿ ਭੂਚਾਲ ਕਿੰਨੀ ਗਹਿਰਾਈ ਤੋਂ ਆਇਆ ਸੀ, ਪਰ ਤਬਾਹੀ ਦੇ ਮੰਜ਼ਰ ਨੂੰ ਵੇਖ ਕੇ ਇਹ ਕਿਹਾ ਗਿਆ ਸੀ ਕਿ ਧਰਤੀ ਥੱਲੇ ਇਹ ਕਈਂ ਕਿਲੋ ਮੀਟਰ ਤੋਂ ਸ਼ੁਰੂ ਹੋਇਆ ਸੀ।


**ਇਸ ਤੋਂ ਬਾਅਦ ਵੀ ਆ ਚੁੱਕੇ ਹਨ ਅਜਿਹੇ ਭੂਚਾਲ**

28 ਜੁਲਾਈ 1976 ਨੂੰ ਚੀਨ ਦਾ ਤਾਂਗਸਾਨ ਸਹਿਰ 7.8 ਤੀਬਰਤਾ ਵਾਲੇ ਭੂਚਾਲ ਦੀ ਵਜ੍ਹਾ ਨਾਲ ਮਿੱਟੀ 'ਚ ਮਿਲ ਗਿਆ ਸੀ। ਇਸ ਵਿੱਚ 5 ਲੱਖ ਤੋਂ ਵੱਧ ਲੋਕ ਮਾਰੇ ਗਏ ਸਨ।


## ਕੁੱਝ ਹੋਰ ਤਾਕਤਵਰ ਭੂਚਾਲ

22 ਮਈ 1960 ਨੂੰ ਚਿਲੀ ਦੇ ਵਾਲੀਡਬਿਆ 'ਚ ਰਿਕਟਰ ਸਕੇਲ 'ਤੇ 9.5 ਤੀਬਰਤਾ ਵਾਲੇ ਭੂਚਾਲ ਨੇ ਭਾਰੀ ਤਬਾਹੀ ਮਚਾਈ ਸੀ। ਕਿਹਾ ਜਾਂਦਾ ਹੈ ਕਿ ਇਸ ਭੂਚਾਲ ਦੀ ਤਾਕਤ 1 ਹਜਾਰ ਐਟਮ ਬੰਬ ਦੇ ਬਰਾਬਰ ਸੀ। ਇਸ ਦਾ ਅਸਰ ਵਾਲੀਡਬਿਆ ਤੋਂ ਲੈ ਕੇ ਹਵਾਏ ਦੀਪ ਤੱਕ ਸੀ। ਇਸ ਵਿੱਚ 6 ਹਜਾਰ ਤੋਂ ਜਿਆਦਾ ਲੋਕਾਂ ਦੀ ਮੌਤ ਹੋਈ ਸੀ, ਜਦਕਿ ਲੱਖਾਂ ਲੋਕ ਬੇਘਰ ਹੋਏ ਸਨ। ਰਿਕਟਰ ਸਕੇਲ 'ਤੇ ਇਸ ਨੂੰ ਸਭ ਤੋਂ ਵੱਧ ਤਾਕਤਵਰ ਭੂਚਾਲ ਮੰਨਿਆ






# ਇੱਥੇ ਗਾਇਬ ਹੋ ਗਈ ਸੀ ਸੋਨੇ ਨਾਲ ਭਰੀ ਰੇਲ, 70 ਸਾਲ ਬਾਅਦ ਮਿਲਿਆ ਖਜ਼ਾਨਾ









ਸੰਨ 1945 'ਚ ਇਸ ਥਾਂ ਤੋਂ ਗੁਜਰ ਰਹੀ ਸੋਨੇ ਅਤੇ ਹੀਰੇ-ਜਵਾਹਰਾਤ ਨਾਲ ਭਰੀ ਇੱਕ ਪੂਰੀ ਟਰੇਨ ਗਾਇਬ ਹੋ ਗਈ ਸੀ। ਤਮਾਮ ਦੇਸ਼ਾਂ ਦੇ ਖਜਾਨਾ ਮਾਹਿਰਾਂ(ਐਕਸਪਰਟ) ਕਈਂ ਸਾਲ ਤੱਕ ਨਾਕਾਮ ਰਹੇ। ਹੋਰ ਦੇਸ਼ਾਂ ਦੇ ਲੋਕਾਂ ਦਾ ਇਸ ਦੇਸ਼ 'ਚ ਆਉਣਾ-ਜਾਣਾ ਲੱਗਿਆ ਰਿਹਾ, ਕਈਂ ਲੋਕਾਂ ਨੇ ਤਾਂ ਇਸ ਗੱਲ ਦਾ ਦਾਅਵਾ ਕਰਕੇ ਸੁਰਖੀਆਂ ਬਟੋਰੀਆਂ ਕਿ ਸੋਨੇ ਦੀ ਟਰੇਨ ਦੇ ਬਹੁਤ ਕਰੀਬ ਪਹੁੰਚ ਗਏ ਹਨ, ਪਰ ਖਜਾਨਾ ਇੱਕ ਰਹੱਸ ਹੀ ਬਣਿਆ ਰਿਹਾ। ਹਾਲਾਂਕਿ 70 ਸਾਲ ਬਾਅਦ ਕੁੱਝ ਅਜਿਹਾ ਮਿਲਿਆ ਕਿ ਲੋਕ ਹੈਰਾਨ ਰਹਿ ਗਏ।

**ਇਸ ਜਗ੍ਹਾ ਗਾਇਬ ਹੋਈ ਸੀ ਸੋਨੇ ਦੀ ਭਰੀ ਟਰੇਨ:-**

ਕਿਹਾ ਜਾਂਦਾ ਹੈ ਕਿ ਸੰਨ 1945 'ਚ ਵਰਲਡ ਵਾਰ-2 ਦੇ ਅੰਤ 'ਚ ਨਾਜੀਆਂ ਦੁਆਰਾ ਸੋਨੇ ਅਤੇ ਹੀਰੇ ਜਵਾਹਰਤ ਨਾਲ ਭਰੀ ਰੇਲ ਨੂੰ ਕਿਤੇ ਹੋਰ ਥਾਂ ਸ਼ਿਫਟ ਕੀਤਾ ਜਾ ਰਿਹਾ ਸੀ। ਸਥਾਨਿਕ ਨਾਗਰਿਕਾਂ ਮੁਤਾਬਿਕ ਉਸ ਦੌਰਾਨ ਜਰਮਨ ਸੈਨਿਕ ਸੋਵੀਅਤ ਰੂਸ ਦੀ ਆਰਮੀ ਤੋਂ ਡਰ ਕੇ ਭੱਜ ਰਹੇ ਸਨ ਅਤੇ ਉਨ੍ਹਾਂ ਦੇ ਨਾਲ ਹੀ ਖਜਾਨੇ ਦੀ ਭਰੀ ਰੇਲ ਸੀ ਜਿਸਨੂੰ ਨਾਜੀ ਟਰੇਨ ਦਾ ਨਾਮ ਦਿੱਤਾ ਗਿਆ। ਇਹ ਰੇਲ ਸਾਊਥ-ਵੈਸਟ ਜਰਮਨੀ ਦੇ ਲੋਵਰ ਸਿਲੇਸੀਆ ਦੀ ਆਇਲ ਦੀਆਂ ਪਹਾੜੀਆਂ 'ਚ ਸਥਿਤ ਅੰਡਰਗਰਾਊਂਡ ਸੁਰੰਗ ਤੋਂ ਗੁਜਰਦੇ ਸਮੇਂ ਕਿਸੇ ਸਥਾਨ 'ਤੇ ਦਫਨ ਹੋ ਗਈ ਸੀ। ਦੂਜੀ ਵਰਲਡ-ਵਾਰ ਤੋਂ ਬਾਅਦ ਇਸ ਦੀ ਕਾਫੀ ਖੋਜ ਕੀਤੀ ਗਈ ਪਰ ਕਈਂ ਸਾਲਾਂ ਤੋਂ ਬਾਅਦ ਵੀ ਕੋਈ ਸਫਲਤਾ ਹੱਥ ਨਹੀਂ ਲੱਗੀ।

**ਖਜਾਨੇ ਦੇ ਕਰੀਬ ਪਹੁੰਚਣ ਦਾ ਕੀਤਾ ਗਿਆ ਦਾਅਵਾ:-**

ਲੱਗਭਗ ਤਿੰਨ ਸਾਲ ਪਹਿਲਾਂ ਇੱਥੇ ਦੋ 'ਟਰੇਜਰ' (ਖਜਾਨਾ ਖੋਜਣ ਵਾਲੇ) ਪਿਓਤ ਕੋਪਰ ਅਤੇ ਐਂਡਇਓਜ ਰਿਸ਼ਰ ਨੇ ਗੋਲਡ ਟੇਰਨ ਦੇ ਜਮਾ ਨੇੜੇ ਪਹੁਚਣ ਦਾ ਦਾਅਵਾ ਕੀਤਾ ਸੀ। ਉਹਨਾਂ ਕਿਹਾ ਸੀ ਰਡਾਰ ਇਮੇਜਸ 'ਚ 9 ਮੀਟਰ ਜਮੀਨ ਦੇ ਥੱਲੇ ਕੋਈ ਲੰਬਾ ਵਹਾਨ ਦਬਿਆ ਦਿਖ ਰਿਹਾ ਹੈ, ਹਲਾਂਕਿ ਕਈਂ ਦਿਨਾਂ ਦੀ ਖੋਜ ਤੋਂ ਬਾਅਦ ਕੁੱਝ ਵੀ ਹੱਥ ਨਹੀਂ ਲੱਗਿਆ।

**ਸ਼ਹਿਰ ਨੂੰ ਇਸ ਤਰਾਂ ਮਿਲਿਆ ਖਜਾਨਾ:-**

7 ਦਹਾਕਿਆਂ ਬਾਅਦ ਬੇਸ਼ੱਕ ਖਜਾਨਾ ਹੱਥ ਨਹੀਂ ਲੱਗਿਆ ਪਰ ਇਸ ਖੋਜ ਦੇ ਵਿੱਚ ਸਥਾਨਿਕ ਲੋਕਾਂ ਨੂੰ ਆਪਣੀ ਗੋਲਡ ਟਰੇਨ ਮਿਲ ਗਈ ਹੈ। ਬ੍ਰਿਟੇਨ ਦੀ ਵੈਬਸਾਈਟ 'ਇੰਡੀਪੈਂਡਟ' ਦੇ ਮੁਤਾਬਿਕ ਇਸ ਸ਼ਹਿਰ ਦੇ ਮੇਅਰ ਦਾ ਕਹਿਣਾ ਹੈ ਕਿ ਟਰੇਨ ਦੀ ਵਜ੍ਹਾ ਨਾਲ ਸ਼ਹਿਰ ਨੂੰ ਮਿਲੀ ਪਬਲੀਸਿਟੀ ਦੀ ਕੀਮਤ 20 ਕਰੋੜ ਡਾਲਰ (1350 ਕਰੋੜ ਰੁਪਇਆ) ਹੈ, ਇਸ ਟਰੇਨ ਕਰਕੇ ਸ਼ਹਿਰ ਦਾ ਟੂਰਿਜਮ 44 ਫੀਸਦੀ ਵੱਧ ਗਿਆ ਹੈ। ਮੇਅਰ ਦੇ ਮੁਤਾਬਿਕ ਮਸ਼ਹੂਰੀ ਦੇ ਕਾਰਨ ਸ਼ਹਿਰ ਦਾ ਸਲਾਨਾ ਬਜਟ 3.80 ਲੱਖ ਡਾਲਰ ਹੋਇਆ ਹੈ ਹੁਣ ਬੇਸ਼ੱਕ ਸਾਨੂੰ ਉਹ ਦਫਨ ਹੋਈ ਟਰੇਨ ਨਾ ਮਿਲੇ ਪਰ ਸਾਨੂੰ ਸਾਡੀ ਟਰੇਨ ਮਿਲ ਗਈ ਹੈ। ਇਸ ਸ਼ਹਿਰ 'ਚ ਵਿਕਰੀ ਕਾਫੀ ਤੇਜੀ ਨਾਲ ਵੱਧ ਰਹੀ ਹੈ ਅਤੇ ਲੋਕਾਂ ਦੇ ਜੀਵਨ ਵਿੱਚ ਨਿਖਾਰ ਆ ਰਿਹਾ ਹੈ ਇਸ ਕਰਕੇ ਸਥਾਨਿਕ ਲੋਕ ਇਸ ਤਬਦੀਲੀ ਨੂੰ ਹੀ ਗਲੋਡ ਟਰੇਨ ਸਮਝ ਰਹੇ ਹਨ।

# ਮੈਂ ਹਾਂ ਕੱਟੜ ਅਮਨ ਪਸੰਦ

ਅਗਸਤ ਸਤੰਬਰ ਦੇ ਮਹੀਨੇ ਦੇਸ਼ ਦੀ ਵੰਡ ਤੇ ਇਸ ਨਾਲ ਸਬੰਧਤ ਅਸਹਿ ਤੇ ਅਕਹਿ ਦਰਜ ਦੇਣ ਵਾਲੇ ਵੀ ਹਨ। ਬੇਸ਼ੁਮਾਰ ਲੋਕਾਂ ਦੇ ਉਜੜਨ, ਲੁੱਟੇ ਘਸੁੱਟੇ ਜਾਣ, ਕਤਲੋ ਗਾਰਤ, ਸ਼ਰਨਾਰਥੀ ਕੈਂਪਾਂ ਵਿੱਚ ਰੁਲਣ ਤੇ ਪਨਾਹਗੀਰ ਬਣਨ ਦੀ ਕਲਹਿਣੀ ਘੜੀ ਵੀ ਹੈ। ਮਰ ਚੁੱਕੀ ਇਨਸਾਨੀਅਤ ਅਤੇ ਜਾਗ ਚੁੱਕੀ ਹੈਵਾਨੀਅਤ ਦੀ ਤਿੱਥ ਵੀ ਹੈ। ਦਰਿੰਦਗੀ ਦਾ ਵੇਲਾ, ਧੀਆਂ, ਭੈਣਾਂ, ਮਾਵਾਂ ਦੀ ਬੇਹੁਰਮਤੀ ਦਾ ਕਾਲਾ ਬੋਲਾ ਦੌਰ। ਕੌੜੇ ਸੱਚ ਨਾਲ ਦਗਦੇ ਇਹ ਮਹੀਨੇ, ਜਦੋਂ ਨੇੜੇ ਆਉਂਦੇ ਹਨ ਮੇਰੀ ਰਾਤਾਂ ਦੀ ਨੀਂਦ ਕਾਫੂਰ ਹੋ ਜਾਂਦੀ ਹੈ। ਹੱਲਿਆਂ ਵੇਲੇ ਆਪਣਾ ਘਰ ਬਾਹਰ, ਡੰਗਰ ਵੱਛਾ, ਜ਼ਮੀਨਾਂ, ਜਾਇਦਾਦਾਂ, ਸਰਮਾਇਆ ਸਭ ਲੁਟਾ ਕੇ ਰਫਿਊਜੀ ਬਣਦੇ ਕਾਫਲੇ ਮੇਰੀਆਂ ਅੱਖਾਂ ਅੱਗੋਂ ਲੰਘਣ ਲੱਗ ਜਾਂਦੇ ਨੇ। ਇੰਝ ਜਾਪਦਾ ਹੈ ਜਿਵੇਂ ਲਹੂ ਲੁਹਾਣ ਕਾਫਲੇ ਅੱਜ ਵੀ ਚੱਲ ਰਹੇ ਹੋਣ। ਜੜ੍ਹਾਂ ਤੋਂ ਉਖੜਨਾ ਬੜਾ ਮੁਸ਼ਕਿਲ ਹੁੰਦਾ ਹੈ। ਖਾਸ ਤੌਰ ?ਤੇ ਉਸ ਮਿੱਟੀ ਤੋਂ ਜਿਸ ਮਿੱਟੀ ?ਤੇ ਪਏ ਹੋਣ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਦੀਆਂ ਪੈੜਾਂ ਦੇ ਮੁਕੱਦਸ ਨਿਸ਼ਾਨ। ਜਿੱਥੇ ਮਾਣ ਹੋਵੇ ਵਾਰਿਸ, ਬੁੱਲ੍ਹੇ ਅਤੇ ਫਰੀਦ ਦੇ ਹਮਵਤਨੀ ਹੋਣ ਦਾ। ਜਿੰਨੇ ਮਰਜ਼ੀ ਦਾਅਵੇ ਕਰੀਏ, ਨਿੱਜ ਦੀ ਪੀੜ ਪਰਾਈ ਪੀੜ ਤੋਂ ਸਦਾ ਵੱਡੀ ਹੁੰਦੀ ਹੈ। ਇਕ ਕਾਰਵਾਂ ਸਦਾ ਮੈਨੂੰ ਬੇਚੈਨ ਕਰਦਾ ਰਹਿੰਦਾ ਹੈ। ਗੱਡੇ ਉਤੇ ਮੇਰੇ ਦਾਦਾ ਜੀ, ਜਿਨ੍ਹਾਂ ਨੂੰ ਅਸੀਂ ਸਾਰੇ ਪਾਪਾ ਜੀ ਦੀ ਰੀਸੇ ਭਾਈਆ ਜੀ ਕਹਿੰਦੇ ਸਾਂ, ਆਪਣੀ ਸਾਰੀ ਕਬੀਲਦਾਰੀ ਕਿਊਟੀ ਬੈਠੇ ਹਨ। ਮਾਂ ਜੀ ਲਾਇਲਪੁਰ ਰਹਿ ਗਏ ਗਹਿਣੇ ਗੱਟੇ ਦਾ ਹੇਰਵਾ ਕਰਦੀ ਹੈ, ਕਿੱਲੇ ਨਾਲ ਬੱਝੇ ਡੰਗਰ ਵੱਛੇ ਦੇ ਭੁੱਖੇ ਮਰ ਜਾਣ ਦਾ ਫਿਕਰ ਸਤਾ ਰਿਹਾ ਹੈ। ਭਾਈਆ ਜੀ ਮਿਹਨਤ ਮੁਸ਼ੱਕਤ ਕਰਕੇ ਲਾਇਲਪੁਰ ਦੀਆਂ ਆਬਾਦ ਕੀਤੀਆਂ ਬਾਰਾਂ ਨੂੰ ਝੂਰ ਰਹੇ ਹਨ। ਰਾਹ ਵਿੱਚ ਮੇਰਾ ਛੋਟਾ ਜਿਹਾ ਬਿਮਾਰ ਚਾਚਾ ਪਾਣੀ ਦੀ ਅਣਹੋਂਦ ਕਾਰਨ ਦਮ ਤੋੜ ਜਾਂਦਾ ਹੈ। ਮਾਂ ਜੀ ਉਸ ਨੂੰ ਹਿੱਕ ਨਾਲੋਂ ਲਾਹ ਨਹੀਂ ਰਹੀ ਤੇ ਗਮਗੀਨ ਭਾਈਆ ਜੀ ਸਮਝਾ ਰਹੇ ਨੇ, 'ਕਮਲੀਏ! ਆਪਣੇ ਦਮ ਦਾ ਭਰੋਸਾ ਕੋਈ ਨਹੀਂ। ਕਦ ਤੱਕ ਇਸ ਬੇਜਾਨ ਨੂੰ ਆਪਣੇ ਨਾਲ ਢੋਈ ਫਿਰੇਂਗੀ। ? ਦੁੱਧ ਚੁੰਘਦੇ ਉਸ ਬਾਲ ਦੀ ਲਾਸ਼ ਨੂੰ ਸਪੁਰਦ ਏ ਖਾਕ ਕਰਨ ਦਾ ਸਮਾਂ ਨਹੀਂ।

ਪਵਿੱਤਰ ਪਾਣੀ ਜੋ ਉਸ ਸਮੇਂ ਤੱਕ ਮਨੁੱਖੀ ਖੂਨ ਨਾਲ ਅਪਵਿੱਤਰ ਹੋ ਚੁੱਕੇ ਸਨ, ਉਨ੍ਹਾਂ ਪਾਣੀਆਂ ?ਚ ਪ੍ਰਵਾਹਿਤ ਕਰਨ ਦਾ ਮੌਕਾ ਨਹੀਂ। ਸਿਸਕਦੀ ਵਿਲਕਦੀ ਮੇਰੀ ਮਾਂ ਜੀ ਦੀਆਂ ਬਾਹਾਂ ?ਚੋਂ ਮੇਰੇ ਚਾਚੇ ਨੂੰ ਖੋਹ ਭਾਈਆ ਜੀ ਨੇ ਸਿਰ ਤੋਂ ਡੱਬ ਖੜੱਬਾ ਪਰਨਾ ਲਾਹਿਆ। ਉਸ ਪਰਨੇ ?ਚ ਬੇਜਾਨ ਬੱਚੇ ਨੂੰ ਲਪੇਟ ਲਹੂ ਨਾਲ ਡੱਬ ਖੜੱਬੇ ਹੋਏ ਰਾਹਾਂ ਉਤੇ ਛੱਡ ਕੇ ਕਾਫਲਾ ਅੱਗੇ ਤੁਰ ਪਿਆ। ਚੰਨ ਚਾਨਣੀਆਂ ਰਾਤਾਂ ?ਚ ਆਪਣੇ ਖਾਨਦਾਨ ਦੀ ਇਹ ਦਰਦ ਭਰੀ ਬਾਤ ਮੈਂ ਆਪਣੇ ਬਚਪਨ ਤੋਂ ਲੈ ਕੇ ਭਾਈਆ ਜੀ ਦੇ ਇਸ ਦੁਨੀਆ ਤੋਂ ਰੁਖਸਤ ਹੋ ਜਾਣ ਤੱਕ ਪਤਾ ਨਹੀਂ ਕਿੰਨੀ ਵਾਰ ਸੁਣੀ ਹੋਵੇਗੀ ਤੇ ਕਿੰਨੀ ਵਾਰ ਅਸੀਂ ਸਾਰਾ ਟੱਬਰ ਧਾਹਾਂ ਮਾਰ ਕੇ ਰੋਏ ਹੋਵਾਂਗੇ। ਮੈਨੂੰ ਯਾਦ ਹੈ ਕਿ ਮੇਰੀ ਮਾਂ ਜੀ ਭਾਈਆ ਜੀ ਨਾਲ ਲੜਦੀ ਹੁੰਦੀ ਸੀ ਕਿ ਕਿਉਂ ਸੁਣਾਉਂਦਾ ਆਪਣੇ ਦੁੱਖੜੇ ਬਾਲੜੀ ਰੂਹ ਨੂੰ। ਸਿਰ ਮੁੰਨੀ ਸੁੱਤੀ ਪਈ ਵੀ ਹਟਕੋਰੇ ਲੈਂਦੀ ਰਹਿੰਦੀ ਏ। ਖੈਰ! ਜ਼ਖਮ ਬਹੁਤ ਗਹਿਰੇ ਨੇ ਦੋਸਤੋ। ਅੱਜ ਵੀ ਚੀਸ ਪੈਂਦੀ ਹੈ। ਮੈਂ ਇਸ ਦਰਦ ਨੂੰ ਆਪਣੇ ਭਾਈਆ ਜੀ ਰਾਹੀਂ, ਆਪਣੇ ਪਾਪਾ ਰਾਹੀਂ ਜਾਣਿਆ ਹੀ ਨਹੀਂ, ਹਰ ਸਾਹ ਨਾਲ ਜੀਵਿਆ ਹੈ। ਮੇਰੇ ਪਿਤਾ ਜੀ ਉਦੋਂ ਚੌਥੀ ਜਮਾਤ ?ਚ ਪੜ੍ਹਦੇ ਸੀ। ਮਾਂ ਭੂਮੀ ਨਾਲ ਤੇਹ ਕਿ ਉਨ੍ਹਾਂ ਨੂੰ ਉਸ ਖੂਨੀ ਮੰਜ਼ਰ ਦਾ ਇਕ-ਇਕ ਸਫਾ ਯਾਦ ਹੈ। ਉਹ ਦਿਨ, ਉਹ ਵਾਰ, ਉਹ ਤਾਰੀਕ, ਸਮਾਂ ਸਥਾਨ ਐਨੇ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਸਭ ਕੁਝ ਬੀਤੇ ਕੱਲ੍ਹ ਵਾਂਗ ਹੈ। ਅਤੀਤ ਦੇ ਉਸ ਸੰਤਾਪ ਨੂੰ ਉਹ ਹਰ ਰੋਜ਼ ਜਿਉਂਦੇ ਨੇ, ਹਰ ਘੜੀ ਜਿਉਂਦੇ ਨੇ। ਬੀਤੇ ਦੇ ਦਾਗਾਂ ਨੂੰ ਹੰਝੂਆਂ ?ਚ ਕਈ ਵਾਰ ਧੋਣ ਦੀ ਕੋਸ਼ਿਸ਼ ਕਰਦੇ ਨੇ। ਸਿਰਫ ਉਜੜ ਕੇ ਇਧਰੋਂ ਗਏ ਜਾਂ ਉਧਰੋਂ ਆਏ ਲੋਕਾਂ ਨੂੰ ਉਸ ਕਸਕ ਦਾ ਹੇਰਵਾ ਨਹੀਂ, ਮੇਰੀ ਪੀੜ੍ਹੀ ਤੱਕ ਦੇ ਲੋਕਾਂ ਨੂੰ ਇਹ ਪੀੜ ਵਿਰਸੇ ?ਚ ਮਿਲੀ ਹੈ। ਸੱਤ ਦਹਾਕੇ ਬੀਤ ਜਾਣ ?ਤੇ ਵੀ ਜ਼ਖਮ ਅੱਲ੍ਹੇ ਨੇ। ਬੇ ਵਤਨੇ ਹੋਣ ਦੇ ਬੇ ਕਿਰਕ ਪਲ ਜੋ ਸਾਡੇ ਵਡੇਰਿਆਂ ਨੇ ਆਪਣੇ ਤਨ ਮਨ ?ਤੇ ਹੰਢਾਏ, ਉਸ ਕਾਲ ਤੋਂ ਦੋ ਦਹਾਕੇ ਬਾਅਦ ਜੰਮੀ ਮੇਰੀ ਪੀੜ੍ਹੀ ਤੱਕ ਹਾਵੀ ਨੇ। ਯਾਦ ਹੈ ਮੈਨੂੰ ਬਚਪਨ ?ਚ ਆਮ ਬੱਚਿਆਂ ਵਾਂਗ ਮੈਂ ਵੀ ਬੜੇ ਚਾਅ ਨਾਲ ਨਾਨਕੇ ਜਾਂਦੀ ਸੀ। ਜਦ ਮੇਰੀਆਂ ਮਾਮੀਆਂ ਮੈਨੂੰ 'ਪਨਾਹਗੀਰਾਂ ਦੀ ਧੀ? ਕਹਿ ਕੇ ਸਤਾਉਂਦੀਆਂ ਤਾਂ ਮੈਂ ਨਿੱਕੀਆਂ-ਨਿੱਕੀਆਂ ਬਾਹਾਂ ਕੱਢ ਕੇ ਉਨ੍ਹਾਂ ਨਾਲ ਪੂਰਾ ਆਢਾ ਲੈਂਦੇ ਅਤੇ ਰੋ-ਰੋ ਕੇ ਆਪਣੇ ਪਿੰਡ ਵਾਪਸ ਜਾਣ ਦੀ ਦੁਹਾਈ ਚੁੱਕ ਲੈਂਦੀ। ਅੱਜ ਹਿੰਦ ਪਾਕਿ ਦੋ ਵੱਖਰੇ ਦੇਸ਼ ਨੇ ਪਰ ਸਾਡੇ ਦੁੱਖ ਸੁੱਖ ਸਾਂਝੇ ਨੇ। ਸਾਡੀ ਕਹਾਣੀ ਇਕੋ ਹੈ। ਅਸੀਂ ਹਮਸਾਏ ਮਾਂ ਪਿਓ ਜਾਏ ਆਪਸ ?ਚ ਮਿਲਣਾ ਵਰਤਣਾ ਚਾਹੁੰਦੇ ਹਾਂ। ਆਪਣੇ ਵੱਡੇ ਵਡੇਰਿਆਂ ਦੀ ਜੰਮਣ ਭੋਂ ਨੂੰ ਸਿਜਦਾ ਕਰਨ ਲਈ ਅਸੀਂ ਸਹਿਕਦੇ ਰਹਿੰਦੇ ਹਾਂ, ਪਰ ਸਿਆਸਤ ਦੀਆਂ ਸ਼ਤਰੰਜੀ ਚਾਲਾਂ ਸਾਨੂੰ ਇਕ ਹੋਣ ਨਹੀਂ ਦਿੰਦੀਆਂ। ਵਤਨ ਪ੍ਰਸਤੀ ਦੇ ਨਾਂ ਹੇਠ ਜ਼ਿੰਦਾਬਾਦ ਮੁਰਦਾਬਾਦ ਦੇ ਨਾਅਰੇ ਸੁਣ ਕੇ ਮਨ ਵਿੱਚ ਸਦਾ ਇਹ ਸਵਾਲ ਉਠਦਾ ਹੈ ਕਿ ਕਿਸ ਵਤਨ ਦੀ ਮੁਰਦਾਬਾਦ? ਜਿਸ ਨੂੰ ਅਸੀਂ ਸਹਿਕ ਰਹੇ ਹਾਂ? ਹਰ ਸੰਵੇਦਨਸ਼ੀਲ ਇਨਸਾਨ ਨੂੰ ਇਹ ਗੱਲਾਂ ਅੱਖਰਦੀਆਂ ਹਨ। ਅੱਜ ਜਦੋਂ ਵਹਿਸ਼ੀਪੁਣੇ, ਫਿਰਕੂਪੁਣੇ ਦੀਆਂ ਖਬਰਾਂ ਪੜ੍ਹਦੀ ਸੁਣਦੀ ਹਾਂ ਤਾਂ ਉਹ ਰੂਹ ਕੰਬ ਜਾਂਦੀ ਹੈ। ਮਨ ਵਿੱਚ ਸਵਾਲ ਉਠਦਾ ਹੈ ਕਿ ਜਦੋਂ ਇਹ ਦੇਸ਼ ਉਨ੍ਹਾਂ ਦਾ ਹੈ ਤਾਂ ਇਸ ਉਪਰ ਮਾਲਕੀ ਦਾ ਅਹਿਸਾਸ ਵੀ ਤੇ ਹੱਕ ਸ਼ਫਾ ਦਾ ਦਾਅਵਾ ਵੀ ਉਨ੍ਹਾਂ ਦਾ ਰਹਿਣਾ ਚਾਹੀਦਾ ਹੈ। ਅੱਜ ਵੀ ਸਾਡੀ ਸੋਚ ਦੇ ਕਿਸੇ ਹਿੱਸੇ ਵਿੱਚ ਜੰਗਲ ਉਗਿਆ ਹੈ। ਜੰਗਲ ਬੀਆਬਾਨ। ਕਿਉਂ ਅਸੀਂ ਪਿੱਛੇ ਨੂੰ ਪਰਤ ਰਹੇ ਹਾਂ? ਜੇ ਇਹ ਝੂਠ ਹੈ ਤਾਂ ਫਿਰ ਕਿਉਂ ਵਾਪਰਿਆ ਚੁਰਾਸੀ ਦਾ ਕਾਲਾ ਦੌਰ, ਦਿੱਲੀ ਦੇ ਦੰਗੇ, ਗੁਜਰਾਤ ਦਾ ਖੂਨ ਖਰਾਬਾ, ਕਸ਼ਮੀਰ ?ਚ ਕਤਲੇਆਮ, ਮੁਜ਼ੱਫਰਨਗਰ ਦਾ ਖੂਨੀ ਦੌਰ? ਅੱਜ ਜਦੋਂ ਜੰਗ ਸਾਡੀਆਂ ਬਰੂਹਾਂ ?ਤੇ ਖੜੀ ਹੈ। ਪੂੰਜੀਵਾਦੀ ਤਾਕਤਾਂ, ਸੱਤਾ ਦੇ ਭੁੱਖੇ ਤਾਨਾਸ਼ਾਹ, ਹਥਿਆਰਾਂ ਦੇ ਤਾਜ਼ਰ, ਬਾਰੂਦ ਦੇ ਵਪਾਰੀ ਸਮੁੱਚੀ ਕਾਇਨਾਤ ਨੂੰ ਜੰਗ ਦੀ ਭੱਠੀ ਵਿੱਚ ਝੋਕਣ ਲਈ ਤਿਆਰ ਬਰ ਤਿਆਰ ਖੜੇ ਨੇ। ਅੱਜ ਅਮਨ ਸ਼ਾਂਤੀ, ਫਿਰਕੂ ਸਦਭਾਵਨਾ ਤੇ ਏਕਤਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਜਦ ਕਿਸੇ ਧਾਰਮਿਕ ਜਨੂੰਨੀਆਂ ਦੀ ਕੱਟੜਤਾ ਵਿਰੁੱਧ ਆਵਾਜ਼ ਬੁਲੰਦ ਕੀਤੀ ਤਾਂ ਪੁੱਠੀ ਖੱਲ ਲੁਹਾਉਣੀ ਪਈ, ਮਨਸੂਰ ਵਾਂਗ ਸੂਲੀ ਚੜ੍ਹਨਾ ਪਿਆ, ਨਾਨਕ ਵਾਂਗ ਚੱਕੀ ਝੋਣੀ ਪਈ, ਤੱਤੀ ਤਵੀ ?ਤੇ ਬਹਿਣਾ ਪਿਆ, ਸਰਬੰਸ ਵਾਰਨਾ ਪਿਆ। ਅਸੀ ਵਾਰਿਸ ਹਾਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ, ਅਸੀਂ ਕਦੇ ਈਨ ਨਹੀਂ ਮੰਨਣੀ। ਅਸੀਂ ਕੱਟੜ ਅਮਨ ਪਸੰਦ ਹਾਂ। ਸਾਡੀ ਇਹ ਕੱਟੜਤਾ ਸਾਡੀ ਕਮਜ਼ੋਰੀ ਨਹੀਂ, ਮਾਨਵਤਾ ਪ੍ਰਤੀ ਮੁਹੱਬਤੀ ਜਜ਼ਬਾ ਹੈ, ਕਿਉਂਕਿ ਅਸੀਂ ਮੁਹੱਬਤੀ ਇਨਸਾਨ ਹਾਂ। ਅਸੀਂ ਮੁਹੱਬਤ ਦਾ ਤਹੱਈਆ ਕੀਤਾ ਹੈ। ਨਫਰਤ ਦਾ ਬੋਝ ਸਾਥੋਂ ਝੱਲ ਨਹੀਂ ਹੋਣਾ।

ਨਫਰਤ ਸਾਰੇ ਝਗੜੇ ਝੇੜਿਆਂ ਤੇ ਪੁਆੜਿਆਂ ਦੀ ਜੜ੍ਹ ਹੈ। ਮਨ ਵਿੱਚ ਨਫਰਤ ਹੋਵੇ ਤਾਂ ਭਲੇ ਦੀ ਉਮੀਦ ਫਜ਼ੂਲ ਹੈ। ਮੁਹੱਬਤ ਵਾਲੀ ਸਾਡੀ ਇਹ ਫਿਤਰਤ ਸਦਾ ਬਰਕਰਾਰ ਰਹਿਣੀ ਚਾਹੀਦੀ ਹੈ। ਆਓ ਦੁਆ ਕਰੀਏ ਕਿ ਜੋ ਦਰਦ ਸਾਡੇ ਪੁਰਖਿਆਂ ਨੇ ਹੰਢਾਏ, ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਸਬਕ ਸਿੱਖਣ। ਇਤਿਹਾਸ ਕਦੇ ਵੀ ਦੁਹਰਾਇਆ ਨਾ ਜਾਏ, ਕਦਾਚਿਤ ਵੀ ਨਹੀਂ। ਆਮੀਨ।

# ਬਾਬਿਆਂ ਦੀ ਭਾਵਨਾ ਨੂੰ ਵੀ ਸਮਝੋ

ਸ਼ੌਂਕ ਨਾਲ ਬਣਾਈਆਂ ਤੇ ਰੀਝਾਂ ਨਾਲ ਸਜਾਈਆਂ ਚੀਜ਼ਾਂ ਦੀ ਜਦੋਂ ਭੰਨਤੋੜ ਹੁੰਦੀ ਹੈ ਤਾਂ ਦਿਲ ?ਤੇ ਕਹਿਰ ਢਹਿੰਦਾ ਹੈ, ਪਰ ਜੇ ਇਹ ਦੁੱਖ ਆਪਣੇ ਹੱਥੀਂ ਜੰਮੇ ਜਾਇਆ ਵੱਲੋਂ ਦਿੱਤਾ ਜਾਵੇ ਤਾਂ ਕਿਸ ਦੀ ਮਾਂ ਨੂੰ ਮਾਸੀ ਕਹੀਏ। ਖਾਸ ਤੌਰ ?ਤੇ ਬੁਢਾਪੇ ਵਿੱਚ ਜਾ ਕੇ ਜਦੋਂ ਨਵੀਂ ਤੇ ਪੁਰਾਣੀ ਪੀੜ੍ਹੀ ਦਾ ਟਕਰਾਅ ਹੁੰਦਾ ਹੈ ਤਾਂ ਕਮਜ਼ੋਰ ਤੇ ਨਿਤਾਣੇ ਸਰੀਰ ਨੂੰ ਆਪਣੀਆਂ ਭਾਵਨਾਵਾਂ ਤੇ ਜਜ਼ਬਾਤ ਨੂੰ ਅੰਦਰ ਹੀ ਰੋਕਣਾ ਪੈ ਜਾਂਦਾ ਹੈ ਤੇ ਸਮਝਿਆ ਜਾਂਦਾ ਹੈ ਕਿ ਬਾਹਲੀ ਗਈ ਤੇ ਥੋੜ੍ਹੀ ਰਹਿ ਗਈ। ਸ਼ਿਕਵੇ ਸ਼ਿਕਾਇਤਾਂ ਕਰਕੇ ਆਪਣਿਆਂ ਦੇ ਮਨ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੁੰਦਾ, ਪਰ ਅੰਦਰੋਂ-ਅੰਦਰੀ ਧੁਖਦਾ ਰਹਿੰਦਾ ਹਾਂ। ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ ਤਿਉਂ-ਤਿਉਂ ਘਰ ਤੋਂ ਦੂਰੀ ਵਧਣ ਲੱਗਦੀ ਹੈ। ਦੁੱਖ ਨੂੰ ਸੁਣਨ ਵਾਲਾ ਵੀ ਕੋਈ ਨਹੀਂ ਮਿਲਦਾ। ਭਾਵਨਾਵਾਂ ਦੇ 'ਕਤਲ ? ਨੂੰ ਭਾਵਨਾਵਾਂ ਦਾ ਹਾਣੀ ਸਮਝ ਸਕਦਾ ਹੈ। ਦੂਜੇ ਲਈ ਤਾਂ ਇਹ 'ਪਾਖੰਡ ? ਹੋਵੇਗਾ। ਕਸ਼ਟਾਂ ਨਾਲ ਬਣਾਇਆ ਠਰ ਪੁੱਤ ਨੂੰ ਜਦੋਂ ਪਸੰਦ ਨਹੀਂ ਆਉਂਦਾ ਤਾਂ ਬਾਪੂ ਦੀ ਜ਼ਿੰਦਗੀ ਨੂੰ ਨਰਕਾਂ ਦੀ ਤਰ੍ਹਾਂ ਜਿਊਣਾ ਆਖ ਕੇ ਕੋਠੀ ਪਾਉਣ ਲਈ ਕਹੀ ਚੁੱਕ ਲੈਂਦਾ ਤੇ ਚਾਵਾਂ ਨਾਲ ਬਣਾਈ ਬੈਠਕ ਨੂੰ ਮਲੀਆਮੇਟ ਕਰਕੇ ਬਾਪੂ ਵੱਲੋਂ ਕੱਟੀਆਂ ਔਖਿਆਈਆਂ ਨੂੰ ਅੱਖੋਂ ਪਰੋਖੇ ਕਰਕੇ ਉਸ ਦੀਆਂ ਭਾਵਨਾਵਾਂ ਦਾ ਕਤਲ ਕਰ ਦਿੰਦਾ ਹੈ।

ਬਾਪੂ ਕਿਸੇ ਕੋਲ ਜ਼ਿਕਰ ਕਰਨ ਦੀ ਥਾਂ ਅਤੀਤ ਦੀਆਂ ਹਲਚਲ ਮਚਾਉਂਦੀਆਂ ਯਾਦਾਂ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ। ਕੱਚੀ ਕੰਧ ਵਿੱਚ ਗੱਡੇ ਕਿੱਲੇ ਯਾਦ ਆਉਂਦੇ ਹਨ, ਜਿਨ੍ਹਾਂ ?ਤੇ ਉਹ ਪਰਾਣੀ ਅਤੇ ਬਲਦਾਂ ਦੇ ਨਾੜੇ ਟੰਗਿਆ ਕਰਦਾ ਸੀ। ਤੰਗੜ ਵੀ ਜੱਟ ਦੀ ਬੈਠਕ ਦੀ ਰੌਣਕ ਸੀ। ਵਿਆਹ ਵੇਲੇ ਦਾ ਰੰਗੀਨ ਪਾਵਿਆਂ ਦਾ ਪਲੰਘ ਯਾਦ ਆਉਂਦਾ ਹੈ, ਜਿਹੜਾ ਪੁੱਤ ਨੂੰ ਪਸੰਦ ਨਹੀਂ ਆਇਆ ਤੇ ਨਵੇਂ ਨਮੂਨੇ ਦਾ ਬੈਡ ਲੈ ਆਇਆ। ਸੂਤ ਨਾਲ ਬਣਿਆ ਪਲੰਘ ਤਾਂ ਸੱਤਰ ਸਾਲ ਬੀਤਣ ਦੇ ਬਾਵਜੂਦ ਨਵਾਂ ਨਰੋਆ ਪਿਆ ਸੀ। ਆਏ ਗਏ ਮਹਿਮਾਨਾਂ, ਰਿਸ਼ਤੇਦਾਰਾਂ, ਮਿੱਤਰਾਂ, ਪ੍ਰੇਮੀਆਂ ਦੀਆਂ ਵਿਆਹ ਸ਼ਾਦੀਆਂ ਵੇਲੇ ਮਹਿਫਲਾਂ ਇਸ ਬੈਠਕ ਦਾ ਸ਼ਿੰਗਾਰ ਬਣਦੀਆਂ ਤੇ ਸ਼ੁਗਲ ਪਾਣੀ ਚਲਦਾ ਬਾਪੂ ਨੂੰ ਯਾਦ ਆ ਕੇ ਬੇਚੈਨ ਕਰ ਦਿੰਦਾ ਹੈ। ਬੈਠਕ ਦੀ ਸਾਫ ਸਫਾਈ ਪਿੱਛੋਂ ਪੁੱਤ ਸਬਾਤ ਦਾ ਕਿਰਿਆ ਕਰਮ ਕਰਨ ਲਈ ਕਮਰ ਕੱਸ ਰਿਹਾ ਹੈ ਤਾਂ ਮਾਂ ਨੂੰ ਯਾਦ ਆਇਆ ਕਿ ਨਲਕੇ ਨਹੀਂ ਹੁੰਦੇ ਸਨ ਤੇ ਛੱਪੜ ਤੋਂ ਸਿਰਾਂ ?ਤੇ ਪਾਣੀ ਢੋ ਕੇ ਗਾਰਾ ਬਣਾਉਂਦੇ ਸੀ ਤੇ ਕੱਚੇ ਗੁੰਮਿਆਂ ਨਾਲ ਸਬਾਤ ਦੀਆਂ ਕੰਧਾਂ ਕੱਢੀਆਂ ਸਨ। ਮੱਕੀਆਂ ਵਾਲੇ ਖੇਤ ਦੀ ਬੇਰੀ ਵੱਢ ਕੇ ਮਜ਼ਬੂਤ ਲਟੈਣ ਬਣਾਈ ਸੀ। ਮੈਂ ਕੱਚੀਆਂ ਕੰਧਾਂ ਦੇ ਕਦੇ ਵੀ ਲਿਉੜ ਡਿੱਗਣ ਨਹੀਂ ਸਨ ਦਿੱਤੇ। ਸਬਾਤ ਦੇ ਕੱਚਾ ਚੌਂਤਰਾ (ਫਰਸ਼) ਲਿੱਪ ਪੋਚ ਕੇ ਰੱਖਿਆ ਕਰਦੀ ਸੀ। ਪੁੱਤ ਦੀ ਕੋਠੀ ਪੈਂਦੀ ਵੇਖ ਕੇ ਮਾਂ ਭਾਵੇਂ ਬਹੁਤ ਖੁਸ਼ ਹੈ, ਪਰ ਦੋ ਬੰਦੇ ਲਾ ਕੇ ਪੁੱਤ ਜਦੋਂ ਬੇਬੇ ਦਾ ਸੰਦੂਕ ਬਾਹਰ ਕੱਢ ਰਿਹਾ ਹੈ ਤੇ ਆਖ ਰਿਹਾ ਹੈ, 'ਮਾਂ ਉਹ ਕਿਹੋ ਜਿਹੇ ਲੋਕ ਸਨ। ਇਨ੍ਹਾਂ ਲੱਕੜ ਦੇ ਸੰਦੂਕਾਂ ਤੋਂ ਕੀ ਕਰਾਉਣਾ ਸੀ ? ? ਤਦ ਮਾਂ ਨੂੰ ਬਹੁਤ ਦੁੱਖ ਹੋਇਆ। ਸੰਦੂਕ ਦੀ ਤਾਂ ਮਾਂ ਨਾਲ ਸਾਰੀ ਉਮਰ ਦੀ ਭਾਈਵਾਲੀ ਹੁੰਦੀ ਹੈ। ਸਬਾਤ ਦੇ ਖੂੰਜੇ ਪਈ ਬੇਬੇ ਦੀ ਚੱਕੀ ਨੂੰ ਦੋ ਮਜ਼ਦੂਰ ਚੁੱਕ ਕੇ ਬਾਹਰ ਲਿਆ ਰਹੇ ਹਨ, ਜਿਸ ?ਤੇ ਵੇਲੇ ਕੁਵੇਲੇ ਬੇਬੇ ਦਾਲ ਦਲਿਆ ਕਰਦੀ ਸੀ। ਪੁੱਤ ਨੂੰ ਵਿਰਸੇ ਦੀਆਂ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ ਕਿ ਦਾਦੀ ਮਾਂ ਸੂਰਜ ਦੀ ਟਿੱਕੀ ਚੜ੍ਹਨੋਂ ਪਹਿਲਾਂ ਸਾਰੇ ਟੱਬਰ ਦੇ ਲਈ ਆਟਾ ਪੀਹ ਕੇ ਰੋਟੀ ਪਕਾਇਆ ਕਰਦੀ ਸੀ ਤੇ ਪਿੰਡ ਵਿੱਚ ਆਟਾ ਚੱਕੀ ਨਹੀਂ ਲੱਗੀ ਸੀ। ਸਬਾਤ ਦੇ ਬਾਹਰ ਇਕ ਪਾਸੇ ਲੱਗੀ ਹੋਈ ਉਖਲੀ ਦੀ ਵੀ ਲੋੜ ਨਹੀਂ ਸਮਝੀ ਜਾ ਰਹੀ ਤੇ ਹਾਰਿਆਂ ਦੀ ਵੀ ਹੋਣੀ ਆ ਗਈ।ਤੋਤੇ, ਮੋਰ ਚਿੜੀਆਂ ਨਾਲ ਸਜਾਈ, ਲਿੱਪੀ ਪੋਚੀ ਕੰਧਵੀ ਵੀ ਆਖਰੀ ਸਾਹਾਂ ?ਤੇ ਹੈ। ਮਸੋਸੀ ਹੋਈ ਮਾਂ ਨੂੰ ਦੇਖ ਕੇ ਧੀਰਜ ਧਰਾਉਣ ਲਈ ਪੁੱਤ ਆਖਦਾ ਹੈ, 'ਮਾਂ ਅੱਜ ਕੱਲ੍ਹ ਇਨ੍ਹਾਂ ਦਾ ਰਿਵਾਜ ਨਹੀਂ ਰਿਹਾ। ਆਪਾਂ ਗੈਸ ਦੀ ਵਰਤੋਂ ਕਰਿਆ ਕਰਾਂਗੇ। ? ਨੀਹਾਂ ਭਰਨ ਵੇਲੇ ਬਾਬੇ ਦੇ ਹੱਥਾਂ ਦੀ ਵਿਹੜੇ ?ਚ ਲੱਗੀ ਨਿੰਮ ?ਤੇ ਕੁਹਾੜਾ ਖੜਕ ਰਿਹਾ ਹੈ, ਜਿਸ ਨਾਲ ਮਾਂ ਅਤੇ ਦਾਦੀ ਮਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਸਨ, ਜਿਸ ਦੀ ਗੂੜ੍ਹੀ ਛਾਂ ਥੱਲੇ ਕੁੜੀਆਂ ਚਿੜੀਆਂ ਛੋਪ ਕੱਤਿਆ ਕਰਦੀਆਂ ਹਨ। ਦਾਦੀ ਮਾਂ ਗਲੋਟੇ ਅਟੇਰਿਆ ਕਰਦੀ ਸੀ। ਦੁਪਹਿਰ ਨੂੰ ਪਸ਼ੂ ਵੀ ਠੰਢੀ ਛਾਂ ਦਾ ਆਨੰਦ ਮਾਣਦੇ ਹਨ। ਉਹ ਸਿਰਫ ਅੱਜ ਦੀ ਪ੍ਰਾਹੁਣੀ ਹੈ। ਬਾਬੇ ਨੇ ਇਹ ਨਿੰਮ ਛੱਪੜ ਤੋਂ ਪਾਣੀ ਢੋ ਕੇ ਪੁੱਤਾਂ ਵਾਂਗੂੰ ਕਸ਼ਟਾਂ ਨਾਲ ਉਡਾਰ ਕੀਤੀ ਸੀ। ਪਸ਼ੂਆਂ ਦੀਆਂ ਖੁਰਲੀਆਂ ਪੁੱਟੀਆਂ ਜਾ ਰਹੀਆਂ ਹਨ ਤੇ ਕਿੱਲੇ ਉਖਾੜੇ ਜਾ ਰਹੇ ਹਨ। ਬਾਪੂ ਆਖਦਾ ਹੈ, 'ਬੇਟਾ ਘਰ ਦਾ ਦੁੱਧ ਚੰਗਾ ਹੁੰਦਾ ਹੈ। ਘਰ ਦੇ ਦੁੱਧ ਵਰਗੀ ਰੀਸ ਨਹੀਂ। ? 'ਪਸ਼ੂ ਸਾਂਭਣੇ ਔਖੇ ਹਨ। ਇਨ੍ਹਾਂ ਦਾ ਗੋਹਾ ਚੁੱਕਣਾ ਵੀ ਮੁਸ਼ਕਲ ਹੈ। ਆਪਾਂ ਤਾਂ ਕਿਲੋ ਮੁੱਲ ਲੈ ਲਿਆ ਕਰਾਂਗੇ। ? ਮੁੰਡਾ ਬਾਪ ਦਾਦੇ ਦੀ ਕੋਈ ਵੀ ਨਿਸ਼ਾਨੀ ਘਰ ਰੱਖਣੀ ਨਹੀਂ ਚਾਹੁੰਦਾ। ਐਥੇ ਕਾਰ, ਐਥੇ ਸਕੂਟਰ ਖੜਿਆ ਕਰਨਗੇ। ਸਕੀਮਾਂ ਬਣਾ ਰਿਹਾ ਪੁੱਤ, ਘਰ ਨੂੰ ਨਵੇਂ ਨਮੂਨੇ ਦਾ ਬਣਾਉਣ ਖਾਤਰ ਵਿਰਸੇ ਨੂੰ ਸੰਭਾਲਣਾ ਜਾਂ ਯਾਦ ਰੱਖਣਾ ਬੇਲੋੜਾ ਸਮਝਦਾ ਹੈ। ਬਾਪੂ ਸੋਚਦਾ ਹੈ ਕਿ ਕੰਮ ਕਰਨ ਤੋਂ ਬਿਨਾਂ ਚਾਰ ਕਿੱਲੇ ਪੈਲੀ, ਉਹ ਵੀ ਵਿਕ ਜਾਵੇਗੀ।

ਰਾਤੀਂ ਬਾਪੂ ਬੇਬੇ ਨੂੰ ਅਤੀਤ ਦੀਆਂ ਯਾਦਾਂ ਸੁਪਨਿਆਂ ਦੇ ਰੂਪ ਵਿੱਚ ਆ ਕੇ ਬੇਚੈਨ ਕਰਦੀਆਂ ਹਨ। ਬਾਪੂ ਦੇ ਦੁੱਖਾਂ ਵਿੱਚ ਵਾਧਾ ਹੋ ਜਾਂਦਾ ਹੈ, ਜਦੋਂ ਇਕੋ-ਇਕ ਪੁੱਤ ਘਰ ਵੇਚ ਕੇ ਸ਼ਹਿਰ ਰਹਿਣ ਦੀ ਜ਼ਿੱਦ ਫੜ ਲੈਂਦਾ ਹੈ। ਬਾਪੂ ਨੂੰ ਆਪਣਾ ਗੁਆਂਢੀ ਜੰਟਾ ਯਾਦ ਆਉਂਦਾ ਹੈ ਜਿਹੜਾ ਪਿੰਡ ਦੀ ਸਾਰੀ ਜਾਇਦਾਦ ਵੇਚ ਕੇ ਸ਼ਹਿਰ ਰਹਿਣ ਲੱਗ ਜਾਂਦਾ ਹੈ। ਪਿੰਡ ਦਾ ਵਿਛੋੜਾ ਨਾ ਝੱਲਦੀ ਹੋਈ ਉਸ ਦੀ ਮਾਂ ਸਾਲ ਦੇ ਅੰਦਰ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਸ਼ਹਿਰ ਉਸ ਦਾ ਜੀਅ ਨਹੀਂ ਲੱਗਿਆ ਸੀ। ਪਿੰਡ ਦੀ ਵਾਤ ਪਾਉਣ ਲਈ ਤਰਸਦੀ ਮਰ ਗਈ। ਆਪਣੀ ਜਾਇਦਾਦ ਤੇ ਹਾਣੀਆਂ ਦਾ ਵਿਛੋੜਾ ਸਹਾਰਨਾ ਹੰਝੂ ਕੇਰਨ ਦੇ ਸਮਾਨ ਹੁੰਦਾ ਹੈ। ਦੁੱਖ ਸਾਂਝਾ ਕਰਨ ਵਾਲਾ ਕੋਈ ਨੇੜੇ ਤੇੜੇ ਨਹੀਂ ਹੁੰਦਾ। ਕੰਧਾਂ ਨਾਲ ਗੱਲਾਂ ਕਰਨ ਦੀ ਨੌਬਤ ਆ ਜਾਂਦੀ ਹੈ। ਦੁੱਖਾਂ ਦਾ ਕਹਿਰ ਹੋਰ ਟੁੱਟ ਪੈਂਦਾ ਹੈ। ਕੋਈ ਪੁੱਤ, ਪੋਤਾ ਵਿਦੇਸ਼ ਜਾਣ ਦੀ ਜ਼ਿੱਦ ਕਰਦਾ ਹੈ ਤਾਂ ਦਾਦੀ ਦੀ ਹਾਲਤ ਉਹੋ ਜਾਣਦੀ ਹੈ। ਬਜ਼ੁਰਗ ਆਪਣੀਆਂ ਭਾਵਨਾਵਾਂ ਅੰਦਰ ਹੀ ਦਬਾਅ ਲੈਂਦੇ ਹਨ। ਉਨ੍ਹਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਘਰ ਦੀ ਕੋਈ ਚੀਜ਼ ਨਜ਼ਰ ਨਹੀਂ ਪੈਂਦੀ। ਫਿਰ ਉਨ੍ਹਾਂ ਦੇ ਅੰਤਿਮ ਸਮੇਂ ਨੂੰ ਟਾਲਿਆ ਨਹੀਂ ਜਾ ਸਕਦਾ। ਆਖਰ ਰੱਬ ਵੀ ਬਜ਼ੁਰਗਾਂ ਨਾਲ ਘੱਟ ਨਹੀਂ ਕਰਦਾ। ਉਨ੍ਹਾਂ ਵਿੱਚੋਂ ਇਕ ਅਗੇਤਾ ਪਛੇਤਾ ਤੁਰ ਜਾਵੇ ਤਾਂ ਬਾਕੀ ਰਹਿੰਦੀ ਉਮਰ ਇਕੱਲੇ ਨੂੰ ਕੱਟਣੀ ਬਹੁਤ ਔਖੀ ਹੋ ਜਾਂਦੀ ਹੈ। ਆਸੇ ਪਾਸੇ ਧਿਆਨ ਮਾਰਦਾ ਹੈ ਤਾਂ ਸਭ ਰਾਹ ਪਏ ਨਜ਼ਰ ਆਉਂਦੇ ਹਨ। ਮੋਹ ਸਾਰਿਆਂ ਨਾਲੋਂ ਭੰਗ ਹੋਣ ਲੱਗਦਾ ਹੈ। ਬੁਢਾਪੇ ?ਚ ਆ ਕੇ ਪਤੀ ਪਤਨੀ ਵੀ ਵੰਡੇ ਜਾਂਦੇ ਹਨ। ਅੰਦਰ ਭਾਂਬੜ ਬਲ ਉਠਦੇ ਹਨ ਤੇ ਇਹ ਸੇਕ ਅਕਿਹ ਤੇ ਅਸਹਿ ਹੋ ਜਾਂਦਾ ਹੈ, ਜਿਸ ਦੀ ਬਦੌਲਤ ਉਹ ਕਾਲਜੇ ?ਚ ਮੁੱਕੀ ਦੇ ਕੇ ਅੱਗੇ ਜਾਣ ਲਈ ਰੱਬ ਨੂੰ ਸਹਿਮਤੀ ਭੇਜਦੇ ਹਨ। ਸਭ ਕੁਝ ਹੁੰਦਿਆਂ ਸੁੰਦਿਆਂ ਘਰ ਖਾਲੀ ਪ੍ਰਤੀਤ ਹੁੰਦਾ ਹੈ। ਜਦੋਂ ਭਾਵਨਾਵਾਂ ਖਤਮ ਹੋ ਗਈਆਂ ਤਾਂ ਮਨੁੱਖ ਜਿਉਂਦਾ ਵੀ ਮੋਇਆਂ ਬਰਾਬਰ ਹੁੰਦਾ ਹੈ। ਭਾਵਨਾਵਾਂ ਦਾ ਜੇ ਕੋਈ ਹਾਣੀ ਹੋਵੇ ਤਾਂ ਬਜ਼ੁਰਗਾਂ ਦਾ ਮਰਨ ਕੁਝ ਸਮੇਂ ਲਈ ਅੱਗੇ ਪਾਇਆ ਜਾ ਸਕਦਾ ਹੈ।

ਪੰਜਾਬੀ ਦੁਨੀਆ
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੇਸਪੌਂਡੈਂਸ :
ਫੋਟੋਗ੍ਰਾਫਰ : ਹਮਾਦ
ਗਗਨਦੀਪ ਸਿੰਘ (ਇੰਡੀਆ)
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਔਰਤਾਂ ਦੀ ਸੁਰੱਖਿਆ ਅਤੇ ਸਿੱਖਿਆ ਦਾ ਸੁਪਨਾ

ਅੱਜ ਦੇਸ਼ ਵਿੱਚ ਧੀਆਂ ਦੀ ਸੁਰੱਖਿਆ ਦੇ ਵਿਸ਼ੇ ਉਤੇ ਚਿੰਤਾ ਅਤੇ ਚਿੰਤਨ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸੁਨੇਹਾ ਦੇਣ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ ? ਦਾ ਨਾਅਰਾ ਦਿੱਤਾ, ਪਰ ਧੀਆਂ ਦੀ ਚਿੰਤਾ ਭਾਰਤ ਦੇ ਮਹਾਨ ਸਪੂਤ ਸਵਾਮੀ ਵਿਵੇਕਾਨੰਦ ਨੇ ਵੀ ਕੀਤੀ ਸੀ। ਉਹ ਚਾਰ ਵਰ੍ਹੇ ਵਿਦੇਸ਼ਾਂ ਵਿੱਚ ਭਾਰਤੀ ਧਰਮ ਤੇ ਸੱਭਿਆਚਾਰ ਦਾ ਝਡਾ ਬੁਲੰਦ ਕਰਕੇ 1898 ਵਿੱਚ ਭਾਰਤ ਪਰਤੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਦੇਸ਼ ਦੀ ਮਜ਼ਬੂਤੀ ਤੇ ਸੁਤੰਤਰਤਾ ਲਈ ਕਾਰਜ ਕੀਤਾ। ਜਨਤਾ ਵਿੱਚ ਆਪਣੇ ਵਿਚਾਰਾਂ ਰਾਹੀਂ ਨਵੀਂ ਕਰਾਂਤੀ ਪੈਦਾ ਕੀਤੀ। ਇਸੇ ਸਾਲ ਉਘੇ ਰਸਾਲੇ ਦੇ ਸੰਪਾਦਕ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨਾਲ ਕਈ ਵਿਸ਼ਿਆਂ ?ਤੇ ਚਰਚਾ ਕੀਤੀ। ਉਨ੍ਹਾਂ ਨੇ ਸਵਾਮੀ ਵਿਵੇਕਾਨੰਦ ਨੂੰ ਸਵਾਲ ਕੀਤਾ ਕਿ ਭਾਰਤ ਵਿੱਚ ਔਰਤਾਂ ਨਾਲ ਪੱਖਪਾਤ ਕਿਉਂ ਕੀਤਾ ਜਾਂਦਾ ਹੈ ? ਉਨ੍ਹਾਂ ਕਿਹਾ ਕਿ ਕਿਤੇ ਅਸੀਂ ਇਹ ਤਾਂ ਨਹੀਂ ਮੰਨ ਰਹੇ ਕਿ ਪੱਛਮੀ ਔਰਤਾਂ ਦੀ ਤੁਲਨਾ ਵਿੱਚ ਆਪਣੇ ਮੁਲਕ ਦੀਆਂ ਔਰਤਾਂ ਦੀ ਹਾਲਤ ਵੱਖਰੀ ਦੇਖ ਕੇ, ਅਸੀਂ ਭਾਰਤ ਵਿੱਚ ਔਰਤਾਂ ਪ੍ਰਤੀ ਨਾਬਰਾਬਰੀ ਦੇ ਵਿਦੇਸ਼ੀਆਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਚੁੱਪ ਚੁਪੀਤੇ ਕਬੂਲ ਤਾਂ ਨਹੀਂ ਰਹੇ। ਜਦੋਂ ਉਨ੍ਹਾਂ ਤੋਂ ਔਰਤਾਂ ਦੀ ਮੌਜੂਦਾ ਹਾਲਤ ਤੋਂ ਸੰਤੁਸ਼ਟ ਹੋਣ ਬਾਰੇ ਪੁੱਛਿਆ ਗਿਆ ਤਾਂ ਸਵਾਮੀ ਵਿਵੇਕਾਨੰਦ ਵੱਲੋਂ ਦਿੱਤਾ ਜਵਾਬ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹੈ। ਉਨ੍ਹਾਂ ਕਿਹਾ ਸੀ ਕਿ ਔਰਤਾਂ ਦੇ ਸਬੰਧ ਵਿੱਚ ਸਾਡਾ ਦਖਲ ਅੰਦਾਜ਼ੀ ਦਾ ਅਧਿਕਾਰ ਮਹਿਜ਼ ਉਨ੍ਹਾਂ ਨੂੰ ਸਿੱਖਿਆ ਦੇਣ ਤੱਕ ਸੀਮਿਤ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਯੋਗ ਬਣਾਉਣਾ ਹੋਵੇਗਾ ਜਿਸ ਨਾਲ ਉਹ ਆਪਣੀਆਂ ਸਮੱਸਿਆਵਾਂ ਦਾ ਆਪ ਹੱਲ ਲੱਭ ਸਕਣ। ਕੋਈ ਹੋਰ ਉਨ੍ਹਾਂ ਲਈ ਕੰਮ ਨਹੀਂ ਕਰ ਸਕਦਾ ਅਤੇ ਅਜਿਹਾ ਕਰਨਾ ਵੀ ਠੀਕ ਨਹੀਂ। ਭਾਰਤੀ ਔਰਤਾਂ ਆਪਣੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਦੁਨੀਆ ਦੇ ਕਿਸੇ ਵੀ ਹਿੱਸੇ ਦੀਆਂ ਔਰਤਾਂ ਤੋਂ ਪਿਛਾਂਹ ਨਹੀਂ ਹਨ। ਇਸੇ ਵਿਸ਼ੇ ਉੱ ਨਿਊਯਾਰਕ ਵਿੱਚ ਭਾਸ਼ਣ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਔਰਤਾਂ ਦੀ ਜੇ ਉਸੇ ਤਰ੍ਹਾਂ ਤਰੱਕੀ ਹੋਵੇ ਜਿਵੇਂ ਇਸ ਦੇਸ਼ ਵਿੱਚ ਹੋਈ ਹੈ ਤਾਂ ਉਨ੍ਹਾਂ ਨੂੰ ਖੁਸ਼ੀ ਹੋਵੇਗੀ, ਪਰ ਇਹ ਤਰੱਕੀ ਉਦੋਂ ਹੀ ਉਨ੍ਹਾਂ ਦੀ ਇੱਛਾ ਦੀ ਪੂਰਤੀ ਕਰ ਸਕਦੀ ਹੈ ਜਦੋਂ ਉਹ ਉਨ੍ਹਾਂ ਦੇ ਜੀਵਨ ਵਿੱਚ ਇਸਤਰੀ ਦੇ ਆਪਣੇ ਵਜੂਦ ਨੂੰ ਸੱਟ ਨਾ ਮਾਰੇ। ਇਹ ਸੁਪਨਾ ਅੱਜ ਤੋਂ ਸਵਾ ਸੌ ਵਰ੍ਹੇ ਪਹਿਲਾਂ ਸਵਾਮੀ ਵਿਵੇਕਾਨੰਦ ਨੇ ਦੇਖਿਆ ਸੀ। ਆਜ਼ਾਦ ਦੇਸ਼ ਵਿੱਚ ਨਿਸ਼ਚਿਤ ਹੀ ਇਸ ਨੂੰ ਪੂਰਾ ਕਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਜਾਪਦਾ ਹੈ ਕਿ ਜਿਨ੍ਹਾਂ ਔਰਤਾਂ ਨੂੰ ਇਹ ਮੌਕਾ ਮਿਲਿਆ, ਉਹ ਆਪਣੇ ਦ੍ਰਿੜ੍ਹ ਨਿਸ਼ਚੇ ਨਾਲ ਸਾਜ਼ਗਾਰ ਹਾਲਾਤ ਦਾ ਲਾਹਾ ਲੈਂਦਿਆਂ ਗਿਆਨ ਵਿਗਿਆਨ ਦੇ ਖੇਤਰ ਵਿੱਚ ਪੁਲਾਂਘਾਂ ਪੁੱਟਦੀਆਂ ਗਈਆਂ। ਆਜ਼ਾਦ ਭਾਰਤ ਦੇ ਹਾਸਲ ਸ਼ੁਰੂਆਤੀ ਅੰਕੜਿਆਂ ਮੁਤਾਬਕ ਮੁਲਕ ਦੀ ਕੁੱਲ ਆਬਾਦੀ ਦਾ 16 ਤੋਂ 20 ਫੀਸਦੀ ਹਿੱਸਾ ਹੀ ਸਿੱਖਿਅਤ ਸੀ। ਅੱਜ ਦੇਸ਼ ਵਿੱਚ ਸਿੱਖਿਅਤ ਲੋਕਾਂ ਦੀ ਗਿਣਤੀ 75 ਫੀਸਦੀ ਹੋ ਗਈ ਹੈ। ਇਹ ਵੱਡਾ ਹਾਸਲ ਹੈ। ਮੁਲਕ ਦੇ 25 ਫੀਸਦੀ ਲੋਕਾਂ ਦਾ ਹਾਲੇ ਵੀ ਅਨਪੜ੍ਹ ਰਹਿਣਾ ਚਿੰਤਾ ਦਾ ਵਿਸ਼ਾ ਹੈ, ਪਰ ਇਸ ਦਾ ਵੱਡਾ ਕਾਰਨ ਤੇਜ਼ੀ ਨਾਲ ਵਧ ਰਹੀ ਆਬਾਦੀ, ਗਰੀਬੀ ਅਤੇ ਬੇਰੁਜ਼ਗਾਰੀ ਹੈ। ਇਹ ਦੁੱਖ ਦੀ ਗੱਲ ਹੈ ਕਿ ਕੁੱਲ ਸਿੱਖਿਅਤ ਔਰਤਾਂ ਦੀ ਗਿਣਤੀ ਹਾਲੇ ਵੀ ਔਰਤ ਦੀ ਆਬਾਦੀ ਦਾ 65 ਫੀਸਦੀ ਹੈ। ਇਸ ਅਨੁਸਾਰ ਹਾਲੇ ਵੀ 35 ਫੀਸਦੀ ਔਰਤਾਂ ਸਿੱਖਿਆ ਤੋਂ ਵਾਂਝੀਆਂ ਹਨ। ਮਾਂ ਨੂੰ ਸਾਡੇ ਧਰਮ ਵਿੱਚ ਪਹਿਲਾ ਗੁਰੂ, ਪਹਿਲਾ ਵਿਦਵਾਨ ਕਿਹਾ ਜਾਂਦਾ ਹੈ। ਜੇ 35 ਫੀਸਦੀ ਧੀਆਂ, ਭੈਣਾ, ਮਾਵਾਂ ਸਿੱਖਿਆ ਤੋਂ ਵਾਂਝੀਆਂ ਹਨ ਤਾਂ ਪਰਵਾਰਾਂ ਨੂੰ ਸਹੀ ਸੱਭਿਆਚਾਰ ਬਾਰੇ ਸਿੱਖਿਅਤ ਕਰਨਾ ਦੂਰ ਦੀ ਗੱਲ ਹੋਵੇਗਾ। ਇਹ ਸਹੀ ਹੈ ਕਿ ਪੇਟ ਪਾਲਣ ਲਈ ਪਰਵਾਰ ਦੇ ਸਾਰੇ ਜੀਅ ਕੰਮ ਕਰ ਰਹੇ ਹਨ, ਪਰ ਇਸ ਨਾਲ ਸਿਰਫ ਸਰੀਰਕ ਪੋਸ਼ਣ ਮਿਲ ਰਿਹਾ ਹੈ। ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਭਾਰਤ ਵਿੱਚ ਉਸ ਨੂੰ ਸਿੱਖਿਅਤ ਮੰਨ ਲਿਆ ਜਾਂਦਾ ਹੈ, ਜਿਹੜਾ ਮਾੜਾ ਮੋਟਾ ਪੜ੍ਹਨਾ ਅਤੇ ਦਸਤਖਤ ਕਰਨਾ ਸਿੱਖ ਲੈਂਦਾ ਹੈ। ਦੂਜੇ ਪਾਸੇ ਦੇਸ਼ ਵਿੱਚ ਹੀ ਸਿੱਖਿਅਤ ਸਮਾਜ ਦੀ ਬਿਹਤਰੀਨ ਮਿਸਾਲ ਵੀ ਹੈ। 1989 ਵਿੱਚ ਕੇਰਲ ਦੇ ਕੋਟਾਯਮ ਸ਼ਹਿਰ ਨੂੰ ਪੂਰੀ ਤਰ੍ਹਾਂ ਸਿੱਖਿਅਤ ਐਲਾਨਿਆ ਗਿਆ ਸੀ। ਇਤਿਹਾਸ ਵਿੱਚ 1989 ਦਾ ਵਰ੍ਹਾ ਇਸ ਲਈ ਵੀ ਮਹੱਤਵ ਪੂਰਨ ਹੈ ਕਿ ਇਸ ਵਰ੍ਹੇ ਸਾਖਰਤਾ ਮੁਹਿੰਮ ਤੇਜ਼ੀ ਨਾਲ ਚਲਾਈ ਜਾ ਰਹੀ ਸੀ। ਇਹ ਉਸ ਮੁਹਿੰਮ ਦਾ ਸ਼ੁਰੂਆਤੀ ਦੌਰ ਸੀ। ਕੇਰਲ ਦੀ ਸਾਖਰਤਾ ਦਰ ਸੌ ਫੀਸਦੀ ਹੈ ਤੇ ਇਥੋਂ ਦੇ ਲੋਕ ਸਭ ਤੋਂ ਵੱਧ ਸਿੱਖਿਅਤ ਵੀ ਹਨ, ਪਰ ਕਿਸੇ ਇਕ ਸ਼ਹਿਰ ਨੂੰ ਸੌ ਫੀਸਦੀ ਸਾਖਰ ਐਲਾਨਿਆ ਜਾਣਾ ਇਕ ਅਨੋਖੀ ਮਿਸਾਲ ਕਿਹਾ ਜਾ ਸਕਦਾ ਹੈ। ਕਿਹੜਾ ਉਤਸ਼ਾਹ ਸੀ ਕਿ ਉਨ੍ਹਾਂ ਨੇ ਇਹ ਸਥਾਨ ਹਾਸਲ ਕੀਤਾ। ਅਸਲ ਵਿੱਚ ਉਨ੍ਹਾਂ ਦੀ ਇਸ ਕੋਸ਼ਿਸ਼ ਵਿੱਚ ਸਮਾਜਿਕ ਸੰਗਠਨਾਂ ਅਤੇ ਸਰਕਾਰ ਨੇ ਮਿਲ ਕੇ ਯੋਗਦਾਨ ਦਿੱਤਾ ਅਤੇ ਅਨਪੜ੍ਹ ਨੂੰ ਸਾਖਰ ਕਰਨ ਦੀ ਮੁਹਿੰਮ ਚਲਾਈ ਜਿਸ ਕਾਰਨ ਕੋਟਾਯਾਮ ਇਹ ਟੀਚਾ ਹਾਸਲ ਕਰ ਗਿਆ। ਇਕ ਜਾਣਕਾਰੀ ਮੁਤਾਬਕ ਇਸ ਲਈ ਜਿਹੜੇ 14 ਹਜ਼ਾਰ ਵਾਲੰਟੀਅਰ ਤਿਆਰ ਹੋਏ, ਉਨ੍ਹਾਂ ਵਿੱਚੋਂ 12 ਹਜ਼ਾਰ ਔਰਤਾਂ ਸਨ। ਸਵਾਮੀ ਵਿਵੇਕਾਨੰਦ ਨੇ ਵੀ ਇਹ ਸੁਨੇਹਾ ਦੇਸ਼ ਦੇ ਸਿੱਖਿਅਤ ਵਰਗ ਖਾਸਕਰ ਸਾਧਾਂ ਸੰਤਾਂ ਨੂੰ ਦਿੱਤਾ ਸੀ ਕਿ ਉਹ ਦੇਸ਼ ਨੂੰ ਸਾਖਰ ਕਰਨ। ਉਨ੍ਹਾਂ ਕਿਹਾ ਸੀ ਕਿ ਰੋਗੀ ਡਾਕਟਰ ਕੋਲ ਪੁੱਜਣ ਤੋਂ ਅਸਮਰੱਥ ਹੈ ਤਾਂ ਡਾਕਟਰ ਨੂੰ ਉਸ ਕੋਲ ਪੁੱਜ ਜਾਣਾ ਚਾਹੀਦਾ ਹੈ। ਸਵਾਮੀ ਵਿਵੇਕਾਨੰਦ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਪਣੇ ਦੇਸ਼ ਦੇ ਸਾਧਾਂ ਨੂੰ ਸਿਰਫ ਧਰਮ ਦੀ ਸਿੱਖਿਆ ਰਾਹੀਂ ਮੋਕਸ਼ ਹਾਸਲ ਕਰਨ ਦਾ ਸੁਨੇਹਾ ਨਹੀਂ ਦਿੰਦੇ, ਸਗੋਂ ਉਨ੍ਹਾਂ ਦਾ ਕਹਿਣਾ ਸੀ ਕਿ ਸ਼ਾਮ ਸਮੇਂ ਕਿਸੇ ਚੌਪਾਲ ਜਾਂ ਦਰੱਖਤ ਹੇਠਾਂ ਬੈਠੇ ਦੇਸ਼ ਦੇ ਨਾਗਰਿਕਾਂ ਕੋਲ ਜਾਓ ਤੇ ਉਨ੍ਹਾਂ ਨੂੰ ਦੇਸ਼ ਦੀ ਦਸ਼ਾ, ਭੂਗੋਲ ਤੇ ਇਤਿਹਾਸ ਦਾ ਗਿਆਨ ਚਿੱਤਰਾਂ ਰਾਹੀਂ ਦਿਓ। ਅੱਜ ਜਦੋਂ ਮੁਲਕ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦੇ ਰਿਹਾ ਹੈ ਤਾਂ 35 ਫੀਸਦੀ ਅਨਪੜ੍ਹ ਰਹਿ ਗਈਆਂ ਔਰਤਾਂ ਦੀ ਸਿੱਖਿਆ ਅਤੇ ਉਨ੍ਹਾਂ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਜਾਵੇ।

# ਪਰਵਾਸ: ਮਨੁੱਖੀ ਹੁਨਰ ਤੇ ਆਰਥਿਕ ਸੰਕਟ ਦੀ ਚਿਤਾਵਨੀ

**-ਬਿੰਦਰ ਸਿੰਘ ਖੁੱਡੀ ਕਲਾਂ**

ਪੰਜਾਬੀਆਂ ਵੱਲੋਂ ਪਰਵਾਸ ਕੀਤੇ ਜਾਣ ਦਾ ਸਿਲਸਿਲਾ ਬੇਸ਼ੱਕ ਕਾਫ਼ੀ ਪੁਰਾਣਾ ਹੈ, ਪਰ ਇਨ੍ਹੀਂ ਦਿਨੀਂ ਇਸ ਦੇ ਵਧੇ ਰੁਝਾਨ ਵਿੱਚ ਪੁਰਾਣੇ ਸਮਿਆਂ ਦੇ ਪਰਵਾਸ ਨਾਲੋਂ ਜ਼ਮੀਨ-ਅਸਮਾਨ ਦਾ ਫ਼ਰਕ ਹੈ।

ਪਹਿਲੇ ਸਮਿਆਂ ਵਿੱਚ ਪਰਿਵਾਰ ਦੇ ਇੱਕ-ਦੋ ਜੀਅ ਵਿਦੇਸ਼ਾਂ ਵਿੱਚ ਕਮਾਈ ਕਰਨ ਦੇ ਉਦੇਸ਼ ਨਾਲ ਜਾਂਦੇ ਸਨ, ਜੋ ਬਹੁਤੇ ਪੜ੍ਹੇ-ਲਿਖੇ ਨਹੀਂ ਹੁੰਦੇ ਸਨ, ਪਰ ਮਿਹਨਤੀ ਜ਼ਰੂਰ ਹੁੰਦੇ ਸਨ। ਵਿਦੇਸ਼ੀ ਧਰਤੀ 'ਤੇ ਰਹਿੰਦਿਆਂ ਉਹ ਹੱਡ-ਭੰਨਵੀਂ ਮਿਹਨਤ ਕਰਦੇ ਅਤੇ ਕਮਾਇਆ ਧਨ ਆਪਣੇ ਪਰਿਵਾਰਾਂ ਨੂੰ ਭੇਜਦੇ ਸਨ। ਬਾਹਰੋਂ ਕਮਾਏ ਡਾਲਰ ਤੇ ਪੌਂਡ ਜਦੋਂ ਦੇਸ ਦੀ ਕਰੰਸੀ ਵਿੱਚ ਤਬਦੀਲ ਹੁੰਦੇ ਤਾਂ ਪਿੱਛੇ ਪਰਿਵਾਰ ਦੀ ਕਾਇਆ-ਕਲਪ ਹੋ ਜਾਂਦੀ ਤੇ ਵਿਦੇਸ਼ ਗਏ ਮੈਂਬਰ ਦੀ ਕਮਾਈ ਬਾਰੇ ਗੱਲਾਂ ਸਾਰੇ ਪਿੰਡ-ਸ਼ਹਿਰ ਦੀ ਜ਼ੁਬਾਨ 'ਤੇ ਹੁੰਦੀਆਂ ਸਨ। ਇਹ ਲੋਕ ਕਮਾਈ ਕਰਨ ਮਗਰੋਂ ਪਰਤ ਆਉਂਦੇ ਸਨ। ਵਿਦੇਸ਼ੀ ਧਰਤੀ 'ਤੇ ਪੱਕੇ ਵਸਣ ਦਾ ਕਦੇ ਉਨ੍ਹਾਂ ਨੇ ਸੁਪਨਾ ਵੀ ਨਹੀਂ ਵੇਖਿਆ ਸੀ। ਉਦੋਂ ਪਰਵਾਸ ਸਾਡੇ ਦੇਸ਼ ਅਤੇ ਪੰਜਾਬ ਲਈ ਵਰਦਾਨ ਸੀ, ਕਿਉਂਕਿ ਵਿਦੇਸ਼ ਗਏ ਮੈਂਬਰ ਬਾਹਰਲੀ ਕਰੰਸੀ ਆਪਣੇ ਦੇਸ਼ ਵਿੱਚ ਭੇਜਦੇ ਸਨ।

ਅਜੋਕੇ ਪਰਵਾਸ ਦੇ ਮਾਮਲੇ ਵਿੱਚ ਉਲਟੀ ਗੰਗਾ ਵਗੀ ਹੋਈ ਹੈ। ਅੱਜ ਦੇ ਜ਼ਮਾਨੇ ਵਿੱਚ ਸਾਡੇ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਨੂੰ ਜਿਵੇਂ ਆਪਣੇ ਦੇਸ਼ ਅਤੇ ਸੂਬੇ ਤੋਂ ਨਫ਼ਰਤ ਹੋ ਗਈ ਹੈ। ਪੜ੍ਹਾਈ ਵਿੱਚ ਹੁਸ਼ਿਆਰ ਅਤੇ ਅੰਗਰੇਜ਼ੀ ਵਿਸ਼ੇ ਵਿੱਚ ਮੁਹਾਰਤ ਰੱਖਣ ਵਾਲਾ ਹਰ ਨੌਜਵਾਨ ਬਾਰ੍ਹਵੀਂ ਜਮਾਤ ਪਾਸ ਕਰਨ ਮਗਰੋਂ ਵਿਦੇਸ਼ ਜਾਣ ਨੂੰ ਉਤਾਵਲਾ ਵਿਖਾਈ ਦਿੰਦਾ ਹੈ। ਕਈ ਵਰ੍ਹੇ ਪਹਿਲਾਂ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਜਾਣ ਦੀ ਥਾਂ ਇੱਥੇ ਕੋਈ ਰੁਜ਼ਗਾਰ ਭਾਲਣ ਨੂੰ ਮਜਬੂਰ ਕਰਦੇ ਸਨ, ਪਰ ਅੱਜ ਮਾਪੇ ਵੀ ਬੱਚਿਆਂ ਦੀ ਵਿਦੇਸ਼ ਜਾਣ ਦੀ ਇੱਛਾ ਨਾਲ ਇਕਸੁਰ ਹੋਣ ਲੱਗੇ ਹਨ। ਵਰਨਣ ਯੋਗ ਹੈ ਕਿ ਪਰਵਾਸ ਕਰਨ ਵਾਲੇ ਹੁਸ਼ਿਆਰ ਤੇ ਲਾਇਕ ਨੌਜਵਾਨ ਸਿਰਫ਼ ਕਮਾਈ ਕਰਨ ਦੇ ਉਦੇਸ਼ ਨਾਲ ਵਿਦੇਸ਼ ਨਹੀਂ ਜਾ ਰਹੇ, ਬਲਕਿ ਉਹ ਤਾਂ ਪੱਕੇ ਤੌਰ 'ਤੇ ਆਪਣੇ ਦੇਸ਼ ਨੂੰ ਅਲਵਿਦਾ ਕਹਿ ਰਹੇ ਹਨ। ਦੇਸ਼ ਪਰਤਣ ਦੀ ਉਨ੍ਹਾਂ ਦੇ ਮਨ ਵਿੱਚ ਭੋਰਾ ਵੀ ਇੱਛਾ ਨਹੀਂ ਹੈ। ਪਰਵਾਸ ਪ੍ਰਤੀ ਆਈ ਇਸ ਮਾਨਸਿਕ ਤਬਦੀਲੀ ਨੇ ਦੇਸ਼ ਅਤੇ ਸੂਬੇ ਦੀ ਆਰਥਿਕਤਾ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਹੈ।

ਸਾਡਾ ਮਨੁੱਖੀ ਤੇ ਮਾਲੀ ਸਰਮਾਇਆ ਲਗਾਤਾਰ ਸਾਡੇ ਹੱਥੋਂ ਖੁੱਸ ਰਿਹਾ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾਣ ਵਾਲੇ ਨੌਜਵਾਨ ਮਹਿੰਗੀਆਂ ਫੀਸਾਂ ਨਾਲ ਵਿਦੇਸ਼ੀ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਖੀਸੇ ਭਰ ਰਹੇ ਹਨ। ਇੱਕ ਤਰ੍ਹਾਂ ਨਾਲ ਵਿਦੇਸ਼ੀ ਕਾਲਜਾਂ ਦੇ ਵਾਰੇ-ਨਿਆਰੇ ਹੋਏ ਪਏ ਹਨ ਤੇ ਸਾਡੇ ਕਾਲਜਾਂ ਨੂੰ ਦਾਖ਼ਲਿਆਂ ਦੇ ਲਾਲੇ ਪੈ ਗਏ ਹਨ। ਪਿਛਲੇ ਦਿਨੀਂ ਅਖ਼ਬਾਰਾਂ ਦੀਆਂ ਰਿਪੋਰਟਾਂ ਇਹ ਸਨ ਕਿ ਪੰਜਾਬ ਦੇ ਕਾਲਜਾਂ ਵਿੱਚ ਵੱਡੀ ਗਿਣਤੀ ਵਿੱਚ ਸੀਟਾਂ ਖਾਲੀ ਰਹਿੰਦੀਆਂ ਹਨ। ਸਾਡੀਆਂ ਯੂਨੀਵਰਸਿਟਆਂ ਅਤੇ ਕਾਲਜ ਲਗਾਤਾਰ ਵੀਰਾਨ ਹੋ ਰਹੇ ਹਨ।

ਪਰਵਾਸ ਕਰਨ ਵਾਲੇ ਇਨ੍ਹਾਂ ਨੌਜਵਾਨਾਂ ਨੇ ਕਦੇ ਵਾਪਸ ਨਹੀਂ ਮੁੜਨਾ ਅਤੇ ਇਨ੍ਹਾਂ ਨੇ ਵਿਦੇਸ਼ ਦੀ ਤਰੱਕੀ ਲਈ ਕੰਮ ਕਰਨਾ ਹੈ। ਇੱਕ ਨਾ ਇੱਕ ਦਿਨ ਇਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੇ ਵੀ ਪਰਵਾਸ ਕਰਕੇ ਆਪਣੇ ਪੁੱਤਾਂ-ਧੀਆਂ ਕੋਲ ਜਾਣ ਲਈ ਵਤਨ ਨੂੰ ਅਲਵਿਦਾ ਕਹਿ ਜਾਣਾ ਹੈ। ਜਿਹੜੇ ਮਾਪਿਆਂ ਦੇ ਬੱਚੇ ਪਰਵਾਸ ਕਰ ਰਹੇ ਹਨ, ਉਹ ਇੱਧਰ ਪੂੰਜੀ ਨਿਵੇਸ਼ ਕਰਨੋਂ ਹੀ ਹਟ ਨਹੀਂ ਰਹੇ, ਸਗੋਂ ਏਧਰਲੀਆਂ ਜਾਇਦਾਦਾਂ ਵੇਚਣ ਲੱਗੇ ਹਨ। ਕਿਸਾਨ ਪਰਿਵਾਰ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਦੀ ਆਰਥਿਕ ਮਦਦ ਕਰਨ ਲੱਗੇ ਹਨ।

ਪਰਵਾਸ ਦੇ ਕੰਮ ਵਿੱਚ ਆਈ ਤੇਜ਼ੀ ਤੇ ਉਲਟ ਵਰਤਾਰੇ ਦੇ ਮਾਮਲੇ ਵਿੱਚ ਸਰਕਾਰਾਂ ਨੇ ਚੁੱਪ ਵੱਟੀ ਹੋਈ ਹੈ। ਤੇਜ਼ੀ ਨਾਲ ਬਾਹਰ ਜਾ ਰਹੇ ਮਨੁੱਖੀ ਅਤੇ ਮਾਲੀ ਸਰਮਾਏ ਦਾ ਸਰਕਾਰਾਂ ਨੂੰ ਕੋਈ ਫ਼ਿਕਰ ਨਹੀਂ ਜਾਪਦਾ। ਸਾਡੇ ਮੁਲਕ ਅਤੇ ਸੂਬੇ ਵਿੱਚੋਂ ਹੁਨਰ ਬਾਹਰ ਜਾ ਰਿਹਾ ਹੈ। ਹਰ ਸਾਲ ਹੋਣ ਵਾਲੇ ਪਰਵਾਸ ਦੀ ਗਿਣਤੀ ਲੱਖਾਂ ਨੂੰ ਪੁੱਜ ਗਈ ਹੈ। ਪਰਵਾਸ ਦੇ ਇਸ ਵਰਤਾਰੇ ਨੇ ਸਾਡੇ ਦੇਸ਼ ਅਤੇ ਸੂਬੇ ਦੀ ਆਰਥਿਕਤਾ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ।

ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਪਰਵਾਸ ਦਾ ਰੁਝਾਨ ਠੱਲ੍ਹਣ ਲਈ ਸਰਕਾਰਾਂ ਨੂੰ ਵਿਸ਼ੇਸ਼ ਕਦਮ ਚੁੱਕਣੇ ਪੈਣਗੇ। ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੇਸ਼ ਕਰਨੇ ਪੈਣਗੇ। ਨੌਕਰੀ ਦਾ ਵਧੀਆ ਮਾਹੌਲ ਅਤੇ ਚੰਗੀ ਤਨਖ਼ਾਹ ਯਕੀਨੀ ਕਰਨੀ ਹੋਵੇਗੀ। ਨੌਕਰੀ ਦੌਰਾਨ ਕੀਤਾ ਜਾ ਰਿਹਾ ਆਰਥਿਕ ਸ਼ੋਸ਼ਣ ਰੋਕਣਾ ਹੋਵੇਗਾ। ਜੇ ਸਰਕਾਰਾਂ ਨੇ ਸਮੇਂ ਸਿਰ ਨੌਜਵਾਨਾਂ ਦੇ ਪਰਵਾਸ ਵੱਲ ਗੰਭੀਰਤਾ ਨਾ ਵਿਖਾਈ ਤਾਂ ਆਉਣ ਵਾਲੇ ਕੁਝ ਹੀ ਸਾਲਾਂ ਵਿੱਚ ਪੰਜਾਬ ਆਰਥਿਕ ਅਤੇ ਮਨੁੱਖੀ ਹੁਨਰ ਦੇ ਗੰਭੀਰ ਸੰਕਟ ਵਿੱਚ ਹੋਵੇਗਾ।




ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

ਨਿਊਯਾਰਕ ਤੋਂ ਪ੍ਰਕਾਸ਼ਿਤ ਹੁੰਦੇ ਪੰਜਾਬੀ ਅਖ਼ਬਾਰ ਲਈ ਦੇਸ਼ ਵਿਦੇਸ਼ ਵਿਚੋਂ ਪੱਤਰਕਾਰਾਂ ਦੀ ਲੋੜ ਹੈ

ਪੰਜਾਬੀ ਦੁਨੀਆ ਟੀ. ਵੀ. ਲਈ ਕੈਮਰਾਮੈਨ ਦੀ ਲੋੜ

editor@punjabiduniya.com, www.punjabiduniya.com

# ਮੋਦੀ ਦੇ ਇੱਕ ਸਾਲ 'ਚ 9 ਏਅਰਪੋਰਟ ਬਣਾਉਣ ਦੇ ਦਾਅਵੇ ਦਾ ਸੱਚ



## ਵਧ ਰਹੇ ਹਨ ਹਵਾਈ ਯਾਤਰਾ ਦੇ ਪ੍ਰਸ਼ੰਸਕ

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਨੂੰ ਆਪਣੀ ਏਅਰਪੋਰਟ ਸਮਰੱਥਾ ਹੋਰ ਵਧਾਉਣ ਦੀ ਲੋੜ ਹੈ ਅਤੇ ਹਵਾਬਾਜ਼ੀ ਦੇ ਖੇਤਰ ਵਿੱਚ ਬੁਨਿਆਦੀ ਢਾਂਚੇ ਦੇ ਵਿਸਥਾਰ ਕਰਨ ਦੀ ਮੌਜੂਦਾ ਭਾਜਪਾ ਸਰਕਾਰ ਦੀਆਂ ਮਹੱਤਵਪੂਰਨ ਯੋਜਨਾਵਾਂ ਵੀ ਹਨ। ਬੀਤੇ ਸਾਲ ਸਰਕਾਰ ਨੇ ਟੂ-ਟੀਅਰ ਸ਼ਹਿਰਾਂ ਯਾਨਿ ਛੋਟੇ ਸ਼ਹਿਰਾਂ ਨੂੰ ਹਵਾਈ ਰਸਤਿਆਂ ਅਤੇ ਵੱਡੇ ਸ਼ਹਿਰਾਂ ਨਾਲ ਜੋੜਨ ਲਈ "ਉਡਾਣ" ਯੋਜਨਾ ਸ਼ੁਰੂ ਕੀਤੀ। ਇਸ ਸਾਲ ਦੀ ਸ਼ੁਰੂਆਤ ਵਿੱਚ ਹਵਾਬਾਜ਼ੀ ਮੰਤਰੀ ਜਯੰਤ ਸਿਨਹਾ ਨੇ ਕਿਹਾ, "ਭਾਰਤ ਨੂੰ ਸਾਲ 2035 ਤੱਕ 150 ਤੋਂ 200 ਹਵਾਈ ਅੱਡਿਆਂ ਦੀ ਲੋੜ ਹੋਵੇਗੀ। ਬੀਤੇ ਦੋ ਦਹਾਕਿਆਂ ਤੋਂ ਵੱਧ ਦੇ ਵੇਲੇ 'ਚ ਭਾਰਤ ਨੇ ਆਪਣੇ ਏਵੀਏਸ਼ਨ ਸੈਕਟਰ ਨੂੰ ਵਿਦੇਸ਼ੀ ਨਿਵੇਸ਼ ਲਈ ਖੋਲ੍ਹਿਆ ਹੈ। ਯਾਤਰੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਦੇਸ ਵਿੱਚ ਹਵਾਈ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਵਿਚਾਲੇ ਮੁਕਾਬਲਾ ਹੈ ਜਿਸ ਕਾਰਨ ਹਾਲ ਦੇ ਸਾਲਾਂ ਵਿੱਚ ਹਵਾਈ ਯਾਤਰਾ ਦੀਆਂ ਕੀਮਤਾਂ ਵਿੱਚ ਵੀ ਗਿਰਾਵਟ ਦੇਖੀ ਗਈ ਹੈ। ਵਧੇਰੇ ਸਮਾਂ ਲੈਣ ਅਤੇ ਸੁਖਾਵੀਂ ਹੋਣ ਦੇ ਬਾਵਜੂਦ ਕਈ ਭਾਰਤੀ ਹੁਣ ਵੀ ਲੰਬੀ ਦੂਰੀ ਦੀ ਯਾਤਰਾ ਲਈ ਰੇਲ ਗੱਡੀ ਨੂੰ ਹੀ ਪਸੰਦ ਕਰਦੇ ਹਨ ਕਿਉਂਕਿ ਇਹ ਸਸਤੀ ਹੈ। ਹਾਲਾਂਕਿ, ਲੂਸੀ ਕਹਿੰਦੇ ਹਨ, "ਭਾਰਤ 'ਚ ਮੱਧ ਵਰਗ ਦੇ ਅਜਿਹੇ ਉਪਭੋਗਤਾਵਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਜਿਨ੍ਹਾਂ ਕੋਲ ਖਰਚ ਕਰਨ ਲਈ ਵਾਧੂ ਪੈਸੇ ਹਨ ਅਤੇ ਉਹ ਸਮੇਂ ਨੂੰ ਵਧੇਰੇ ਤਰਜ਼ੀਹ ਦਿੰਦੇ ਹਨ। ਉਨ੍ਹਾਂ ਦੀ ਵੱਧ ਰਹੀ ਮੰਗ ਕਾਰਨ ਘਰੇਲੂ ਹਵਾਈ ਮਾਰਗਾਂ ਦੇ ਵਿਕਾਸ ਨੂੰ ਵੀ ਉਤਸ਼ਾਹ ਮਿਲ ਰਿਹਾ ਹੈ।" ਸੱਚ ਕਿਹਾ ਜਾਵੇ ਤਾਂ ਦੇਸ ਦੀ ਰਾਜਧਾਨੀ ਦਿੱਲੀ ਅਤੇ ਦੇਸ ਦੀ ਆਰਥਿਕ ਰਾਜਧਾਨੀ ਮੁੰਬਈ ਵਿਚਾਲੇ ਦੋ ਘੰਟਿਆਂ ਦਾ ਹਵਾਈ ਰਸਤਾ ਹੁਣ ਦੁਨੀਆਂ ਦਾ ਸਭ ਤੋਂ ਵਧੇਰੇ ਮਸ਼ਰੂਫ਼ ਰਸਤਾ ਹੈ।

ਆਪਣੇ ਦੇਸ 'ਚ ਸਭ ਤੋਂ ਵਧੇਰੇ ਏਅਰਪੋਰਟ ਬਣਾਉਣ ਦਾ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾਅਵਾ ਕੀ ਸੱਚਮੁੱਚ ਸਹੀ ਹੈ ? ਪ੍ਰਧਾਨ ਮੰਤਰੀ ਨੇ ਬੀਤੇ ਹਫ਼ਤੇ ਟਵੀਟ ਕੀਤਾ ਕਿ ਭਾਰਤ 'ਚ ਹੁਣ 100 ਹਵਾਈ ਅੱਡੇ ਹਨ ਅਤੇ ਬੀਤੇ ਚਾਰ ਸਾਲਾਂ 'ਚ ਮੋਦੀ ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ 35 ਹਵਾਈ ਅਜੇ ਪੂਰੀ ਤਰ੍ਹਾਂ ਬਣ ਕੇ ਤਿਆਰ ਹੋ ਗਏ ਹਨ।

ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਲਾਉਂਦਿਆਂ ਉਨ੍ਹਾਂ ਕਿਹਾ ਸੀ, "ਆਜ਼ਾਦੀ ਦੇ 67 ਸਾਲ ਬਾਅਦ 2017 ਤੱਕ ਭਾਰਤ 'ਚ ਕੇਵਲ 65 ਹਵਾਈ ਅੱਡੇ ਸਨ। ਇਸ ਦਾ ਮਤਲਬ ਹੈ ਕਿ ਹਰ ਸਾਲ ਸਿਰਫ਼ ਇੱਕ ਹਵਾਈ ਅੱਡਾ ਬਣਾਇਆ ਗਿਆ ਹੈ।" ਇਨ੍ਹਾਂ ਅੰਕੜਿਆਂ ਨੂੰ ਦੇਖੀਏ ਤਾਂ ਲੱਗਦਾ ਹੈ ਕਿ ਮੌਜੂਦਾ ਪ੍ਰਸ਼ਾਸਨ 'ਚ ਹਵਾਈ ਅੱਡੇ ਬਣਾਉਣ ਦਾ ਕੰਮ ਤੇਜ਼ੀ ਨਾਲ ਹੋਇਆ ਹੈ ਅਤੇ ਹਰ ਸਾਲ ਔਸਤਨ 9 ਹਵਾਈ ਅੱਡੇ ਬਣਾਏ ਗਏ ਹਨ। ਪਰ ਕੀ ਅਧਿਕਾਰਤ ਅੰਕੜੇ ਵੀ ਪ੍ਰਧਾਨ ਮੰਤਰੀ ਦੇ ਦਾਅਵਿਆਂ ਦੀ ਪੁਸ਼ਟੀ ਕਰਦੇ ਹਨ ?

**ਉਪਭੋਗਤਾਵਾਂ ਦੀ ਵਧਦੀ ਮੰਗ**

ਭਾਰਤ ਵਿੱਚ ਸਿਵਿਲ ਏਵੀਏਸ਼ਨ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਏਅਰਪੋਰਟ ਅਥਾਰਿਟੀ ਆਫ ਇੰਡੀਆ ਜ਼ਿੰਮੇਵਾਰ ਹੈ ਇਸ ਦੀ ਵੈੱਬਸਾਈਟ 'ਤੇ ਮੌਜੂਦਾ ਸੂਚੀ ਮੁਤਾਬਕ ਭਾਰਤ 'ਚ ਕੁੱਲ 100 ਏਅਰਪੋਰਟ ਹਨ। ਭਾਰਤ 'ਚ ਦੇਸ ਦੇ ਅੰਦਰ ਆਉਣ-ਜਾਣ ਵਾਲੇ ਹਵਾਈ ਯਾਤਰਾ ਲਈ ਰੈਗੂਲੈਟਰੀ ਵਜੋਂ ਡਾਇਰੈਕਟੋਰੇਟ ਜਨਰਲ ਆਫ ਸਿਵਿਲ ਏਵੀਏਸ਼ਨ ਨਜ਼ਰ ਰੱਖਦਾ ਹੈ। ਇਸ ਦੀ ਰਿਪੋਰਟ ਮੁਤਾਬਕ ਦੇਸ 'ਚ 13 ਮਾਰਚ 2018 ਤੱਕ 101 ਘਰੇਲੂ ਏਅਰ ਪੋਰਟ ਹਨ। ਪਰ ਜੇਕਰ ਅਸੀਂ ਇਸ ਤੋਂ ਪਹਿਲਾਂ ਦੇ ਸਮੇਂ 'ਤੇ ਝਾਤ ਪਾਈਏ ਤਾਂ ਤਸਵੀਰ ਧੁੰਦਲੀ ਹੁੰਦੀ ਜਾਂਦੀ ਹੈ। ਘਰੇਲੂ ਹਵਾਈ ਅੱਡਿਆਂ ਦੀ ਗਿਣਤੀ ਸਬੰਧ 'ਚ ਡੀਜੀਸੀਏ ਦੇ ਅੰਕੜੇ ਦੱਸਦੇ ਹਨ- ਸਾਲ 2015 'ਚ ਭਾਰਤ 'ਚ 95 ਹਵਾਈ ਅੱਡੇ ਸਨ ਜਿਨ੍ਹਾਂ ਵਿਚੋਂ 31 ਕਾਮ ਨਹੀਂ ਕਰ ਰਹੇ ਸਨ ਯਾਨਿ "ਨਾਨ ਆਪ੍ਰੇਸ਼ਨਲ" ਸਨ। ਸਾਲ 2018 'ਚ ਦੇਸ 'ਚ ਕੁੱਲ 101 ਹਵਾਈ ਅੱਡੇ ਹਨ ਜਿਨ੍ਹਾਂ ਵਿਚੋਂ 27 "ਨਾਨ ਆਪ੍ਰੇਸ਼ਨਲ" ਹਨ। ਇਸ ਦਾ ਮਤਲਬ ਹੈ ਕਿ 2015 ਤੋਂ ਬਾਅਦ ਭਾਰਤ 'ਚ ਕੇਵਲ 6 ਨਵੇਂ ਹਵਾਈ ਅੱਡੇ ਬਣ ਕੇ ਤਿਆਰ ਹੋਏ ਹਨ ਜਾਂ ਫੇਰ ਅਸੀਂ ਕਹਿ ਸਕਦੇ ਹਾਂ ਕਿ ਕੰਮ ਕਰਨ ਵਾਲੇ ਯਾਨਿ "ਆਪਰੇਸ਼ਨਲ" ਹਵਾਈ ਅੱਡਿਆਂ ਦੀ ਗਿਣਤੀ 10 ਹੋ ਗਈ ਹੈ। ਇਹ ਅੰਕੜਾ ਪ੍ਰਧਾਨ ਮੰਤਰੀ ਦੇ 2014 ਤੋਂ ਬਾਅਦ 35 ਹਵਾਈ ਅੱਡੇ ਬਣਾਉਣ ਦੇ ਦਾਅਵਿਆਂ ਤੋਂ ਕਾਫੀ ਘੱਟ ਹੈ। ਇਸੇ ਮਹੀਨੇ ਦਿੱਲੀ 'ਚ ਇੱਕ ਹਵਾਬਾਜ਼ੀ ਨਾਲ ਜੁੜੇ ਸੰਮੇਲਨ ਵਿੱਚ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਆਈਏਟੀਏ) ਦੇ ਮੁਖੀ ਅਲੈਗਜ਼ੈਂਡਰ ਡੀ ਜਿਊਨਿਯੈਕ ਨੇ ਹਵਾਈ ਅੱਡੇ ਬਣਾਉਣ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਦੀ ਤਾਰੀਫ਼ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ, "ਬੀਤੇ ਇੱਕ ਦਹਾਕੇ 'ਚ ਭਾਰਤ 'ਚ ਹਵਾਈ ਅੱਡਿਆਂ ਦੇ ਬੁਨਿਆਦੀ ਢਾਂਚੇ ਦੇ ਖੇਤਰ 'ਚ ਜੋ ਵਿਕਾਸ ਹੋਇਆ ਹੈ ਉਹ ਹੈਰਾਨੀ ਭਰਿਆ ਹੈ।" ਅਲੈਗਜ਼ੈਂਡਰ ਡੀ ਜਿਊਨਿਯੈਕ ਨੇ ਜਿਸ ਇੱਕ ਦਹਾਕੇ ਦੀ ਗੱਲ ਕੀਤੀ ਹੈ, ਉਸ ਵਿੱਚ ਸਾਲ 2014 ਤੋਂ ਬਾਅਦ ਦਾ ਉਹ ਵੇਲਾ ਆਉਂਦਾ ਹੈ ਜਦੋਂ ਮੋਦੀ ਦੀ ਅਗਵਾਈ ਵਾਲੀ ਸਰਕਾਰ ਸੱਤਾ 'ਚ ਆਈ। ਇੱਥੇ ਇਹ ਕਹਿਣਾ ਹੈ ਜ਼ਰੂਰੀ ਹੈ ਕਿ ਮੌਜੂਦਾ ਸਰਕਾਰ ਦੇ ਬੀਤੇ ਚਾਰ ਸਾਲ ਦੇ ਕਾਰਜਕਾਲ 'ਚ ਜੋ ਨਵੇਂ ਹਵਾਈ ਅੱਡੇ ਖੋਲ੍ਹੇ ਗਏ ਹਨ ਉਨ੍ਹਾਂ ਦੇ ਕੰਮ ਉਨ੍ਹਾਂ ਤੋਂ ਪਹਿਲਾਂ ਦੀ ਸਰਕਾਰ ਨੇ ਸ਼ੁਰੂ ਕੀਤੇ ਹੋਣਗੇ, ਬੇਸ਼ੱਕ ਉਨ੍ਹਾਂ ਨੂੰ ਪੂਰਾ ਕਰਨ ਦਾ ਕੰਮ ਅਤੇ ਉਨ੍ਹਾਂ ਦਾ ਉਦਘਾਟਨ ਮੌਜੂਦਾ ਪ੍ਰਸ਼ਾਸਨ 'ਚ ਹੋਇਆ ਹੋਵੇ। ਯੂਕੇ ਦੀ ਲਾਫਬੋਰੋ ਯੂਨੀਵਰਸਿਟੀ 'ਚ ਹਵਾਈ ਟਰਾਂਸਪੋਰਟ ਦੇ ਬੁਨਿਆਦੀ ਢਾਂਚੇ ਸਬੰਧ ਮਾਮਲਿਆਂ ਦੀ ਜਾਣਕਾਰ ਲੂਸੀ ਬਡ ਕਹਿੰਦੀ ਹੈ, "ਏਅਰਪੋਰਟ ਬਣਾਉਣ ਲਈ ਉਪਭੋਗਤਾਵਾਂ ਦੀ ਵਧਦੀ ਮੰਗ ਦਾ ਅੰਦਾਜ਼ਾ ਕਰਨਾ, ਇਸ ਲਈ ਜ਼ਰੂਰੀ ਜ਼ਮੀਨ ਨੂੰ ਐਕੁਆਇਰ ਕਰਨਾ ਅਤੇ ਫੇਰ ਕੰਮ ਸ਼ੁਰੂ ਕਰਨ ਲਈ ਜ਼ਰੂਰੀ ਪੈਸੇ ਇਕੱਠੇ ਕਰਨਾ ਪ੍ਰਕਿਰਿਆ ਦਾ ਹਿੱਸਾ ਹੁੰਦਾ ਹੈ।" "ਇਸ ਦਾ ਮਤਲਬ ਹੈ ਕਿ ਏਅਰਪੋਰਟ ਬਣਾਉਣ ਲਈ ਕਈ ਸਾਲ ਪਹਿਲਾਂ ਯੋਜਨਾ ਬਣਾਉਣੀ ਪੈਂਦੀ ਹੈ।"

**ਮੌਜੂਦਾ ਸਮਰੱਥਾ ਨੂੰ ਵਧਾਉਣਾ ਹੋਵੇਗਾ**

ਆਈਏਟੀਏ ਮੁਤਾਬਕ, "ਆਉਣ ਵਾਲੇ 20 ਸਾਲਾਂ ਵਿੱਚ ਭਾਰਤ 'ਚ ਹਰ ਸਾਲ ਹਵਾਈ ਮਾਰਗ ਰਾਹੀਂ ਯਾਤਰਾ ਕਰਨ ਵਾਲੇ ਲੋਕਾਂ ਦੀ ਗਿਣਤੀ 50 ਕਰੋੜ ਤੋਂ ਵੱਧ ਹੋ ਜਾਵੇਗੀ।"ਪਰ ਹਾਲ ਵਿੱਚ ਆਈ ਇਸ ਦੀ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਹਵਾਈ ਅੱਡੇ ਦੀ ਗਿਣਤੀ (ਹਰ 10 ਲੱਖ ਵਿਅਕਤੀ ਦੀ 'ਤੇ ਏਅਰਪੋਰਟ ਦੀ ਗਿਣਤੀ) ਦੇ ਮਾਮਲੇ 'ਚ ਭਾਰਤ ਦੀ ਰੈਂਕਿੰਗ ਘੱਟ ਹੈ। ਆਈਟੀਏ ਮੁਤਾਬਕ ਇਸ ਖੇਤਰ ਦੀ ਸਮਰੱਥਾ ਦਾ ਪੂਰਾ ਵਿਕਾਸ ਕਰਨ ਲਈ, "ਸਹੀ ਸਮੇਂ 'ਤੇ ਅਤੇ ਸਹੀ ਥਾਂ 'ਤੇ, ਸਹੀ ਤਰ੍ਹਾਂ ਦੇ ਬੁਨਿਆਦੀ ਢਾਂਚੇ ਦੀ ਜ਼ਰੂਰਤ ਹੋਵੇਗੀ।" ਅਸਲ 'ਚ ਕੁਝ ਜਾਣਕਾਰਾਂ ਦਾ ਮੰਨਣਾ ਹੈ ਕਿ ਯਾਤਰੀਆਂ ਦੀ ਗਿਣਤੀ ਵਿੱਚ ਵਾਧੇ ਦਾ ਆਲਮ ਕੁਝ ਅਜਿਹਾ ਹੈ ਕਿ ਭਵਿੱਖ 'ਚ ਸ਼ਹਿਰਾਂ ਨੂੰ ਦੂਜੇ ਹਵਾਈ ਅੱਡਿਆਂ ਦੀ ਲੋੜ ਹੋਵੇਗੀ। ਏਵੀਏਸ਼ਨ ਮੁੱਦਿਆਂ 'ਤੇ ਸਲਾਹ ਦੇਣ ਵਾਲੇ ਸਮੂਹ ਸੀਏਪੀਏ ਦੇ ਦੱਖਣ ਏਸ਼ੀਆ ਨਿਦੇਸ਼ਕ ਵਿਨੀਤ ਸੌਮਿਆ ਕਹਿੰਦੇ ਹਨ, "2030 ਤੱਕ ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਨੂੰ ਦੂਜੇ ਹਵਾਈ ਅੱਡੇ ਦੀ ਲੋੜ ਹੋਵੇਗੀ। ਉਦੋਂ ਤੱਕ ਸ਼ਾਇਦ ਮੁੰਬਈ ਨੂੰ ਤੀਜੇ ਹਵਾਈ ਅੱਡੇ ਦੀ ਲੋਘ ਹੈ ਸਕਦੀ ਹੈ।" "ਅਸਲ ਵਿੱਚ ਭਾਰਤ ਦੇ ਹੋਰ ਵੱਡੇ ਸ਼ਹਿਰਾਂ 'ਚ ਸਾਰੇ ਮੌਜੂਦ 40 ਵੱਡੇ ਹਵਾਈ ਅੱਡੇ ਵੀ ਆਪਣੀ ਪੂਰੀ ਸਮਰੱਥਾ 'ਚ ਚੱਲ ਰਹੇ ਹੋਣਗੇ ਅਤੇ ਉਨ੍ਹਾਂ ਦੀ ਸਮਰੱਥਾ ਨੂੰ ਹੋਰ ਵਧਾਉਣ ਦੀ ਜ਼ਰੂਰਤ ਹੋਵੇਗੀ।" ਇਸ ਸਾਲ ਦੀ ਸ਼ੁਰੂਆਤ 'ਚ ਆਈ ਸੀਏਪੀਏ ਦੀ ਇੱਕ ਰਿਪੋਰਟ 'ਚ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ "2022 ਤੱਕ ਭਾਰਤ ਦੀ ਹਵਾਈ ਅੱਡਿਆਂ ਦੀ ਵਿਵਸਥਾ ਆਪਣੇ ਬੁਨਿਆਦੀ ਸਮਰੱਥਾ ਨਾਲ ਵਧੇਰੇ ਭਾਰ ਸੰਭਾਲ ਰਹੀ ਹੋਵੇਗੀ।" ਹਾਲਾਂਕਿ ਇਸ ਰਿਪੋਰਟ ਮੁਤਾਬਕ, "2016 ਤੋਂ ਬਾਅਦ ਏਅਰਪੋਰਟ ਦੀ ਸਮਰੱਥਾ ਵਧਾਉਣ ਲਈ ਬਹਾਲੀ ਦੇ ਕੰਮ ਨੇ ਤੇਜ਼ੀ ਫੜ੍ਹ ਲਈ ਹੈ।" ਨਵੇਂ ਹਵਾਈ ਅੱਡੇ ਬਣਾਉਣ ਦੀ ਯੋਜਨਾ ਦੇ ਨਾਲ-ਨਾਲ ਮੌਜੂਦਾ ਹਵਾਈ ਅੱਡਿਆਂ ਦਾ ਵਿਸਥਾਰ ਕਰਨ ਅਤੇ ਇਨ੍ਹਾਂ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਨਵੇਂ ਤਰੀਕਿਆਂ ਨੂੰ ਵੀ ਵਿਕਸਿਤ ਕੀਤਾ ਜਾ ਰਿਹਾ ਹੈ। ਤੁਹਾਨੂੰ ਇਹ ਵੀ ਪਸੰਦ ਆ ਸਕਦਾ ਹੈ

# ਲੱਦਾਖੀ ਲੋਕ ਜੋ 'ਅਸਲ ਆਰੀਆ' ਹੋਣ ਦਾ ਦਾਅਵਾ ਕਰਦੇ ਨੇ



ਲੱਦਾਖ ਦੇ ਪਹਾੜਾਂ 'ਚ ਦੂਰ-ਦੁਰਾਡੇ ਵਸੇ ਕਰੀਬ 5 ਹਜ਼ਾਰ ਬ੍ਰੋਕਪਾ ਖ਼ੁਦ ਨੂੰ ਦੁਨੀਆਂ ਦੇ ਆਖ਼ਰੀ ਬਚੇ ਹੋਏ ਸ਼ੁੱਧ ਆਰੀਆ ਮੰਨਦੇ ਹਨ। ਕੀ ਇਹ ਸੱਚਮੁੱਚ ਉਹ ਜਾਤੀ ਹੈ, ਜਿਸ ਨੂੰ ਨਾਜ਼ੀ 'ਮਾਸਟਰ ਰੇਸ' ਮੰਨਦੇ ਸਨ ? ਜਾਂ ਫੇਰ ਇਹ ਦਾਅਵਾ ਸਿਰਫ਼ ਮਿਥ ਹੈ, ਜਿਸ ਨੂੰ ਬਰਕਾਰ ਰੱਖਣਾ ਇਨ੍ਹਾਂ ਲੋਕਾਂ ਲਈ ਲਾਹੇਵੰਦ ਸੌਦਾ ਹੈ। ਸਾਡੇ ਦੌਰ ਦੇ ਸਭ ਤੋਂ ਚਰਚਿਤ ਜੰਗ ਦੇ ਮੈਦਾਨ ਕਾਰਗਿਲ ਨੂੰ ਨੇੜਿਓਂ ਦੇਖਣ ਦਾ ਉਤਸ਼ਾਹ ਲੰਬੇ ਤੇ ਪਹਾੜੀ ਸਫ਼ਰ ਨੂੰ ਬੋਝ ਬਣਨ ਨਹੀਂ ਦਿੰਦਾ। ਲੇਹ ਤੋਂ ਉੱਤਰ-ਪੱਛਮ ਵੱਲ ਵਧਦੇ ਹੋਏ ਪਹਿਲਾ ਖ਼ਿਆਲ ਕਾਰਗਿਲ ਦਾ ਹੀ ਆਉਂਦਾ ਹੈ ਪਰ ਬੀਬੀਸੀ ਦੀ ਟੀਮ ਇਸ ਸੜਕ 'ਤੇ ਕੁਝ ਹੋਰ ਲੱਭਣ ਲਈ ਗਈ ਸੀ। ਕਰੀਬ 4 ਘੰਟੇ ਤੱਕ ਲੇਹ ਤੋਂ ਬਟਾਲਿਕ ਤੱਕ ਦਾ ਰਸਤਾ ਹਾਈ ਵੇਅ ਵਰਗਾ ਹੈ। ਇਸ ਤੋਂ ਬਾਅਦ ਸੜਕ ਤੰਗ ਹੋ ਕੇ ਸਿੰਧੂ ਨਦੀ ਦਾ ਕੰਢਾ ਫੜ ਲੈਂਦੀ ਹੈ। ਕਿਤੇ ਕੱਚੇ, ਕਿਤੇ ਪੱਕੇ ਰਸਤੇ 'ਤੇ ਤਕਰੀਬਨ ਦੋ ਘੰਟੇ ਹੋਰ ਚੱਲਣ ਤੋਂ ਬਾਅਦ ਤੁਸੀਂ ਗਾਰਕੋਨ ਪਿੰਡ ਪਹੁੰਚ ਜਾਂਦੇ ਹੋ। ਪਿੰਡ ਤੋਂ ਠੀਕ ਬਿਆਮਾ 'ਚ ਤੁਹਾਡਾ ਧਿਆਨ ਸਭ ਤੋਂ ਪਹਿਲਾਂ 2015 'ਚ ਆਏ ਹੜ੍ਹ 'ਚ ਡੁੱਬੇ ਘਰਾਂ ਵੱਲ ਜਾਂਦਾ ਹੈ। ਨੰਗੇ, ਪਥਰੀਲੇ ਪਹਾੜਾਂ 'ਤੇ ਹਰੇ ਪੌੜੀਦਾਰ ਖੇਤ ਸਥਾਨਕ ਲੋਕਾਂ ਦੀ ਮਿਹਨਤ ਭਰੀ ਜ਼ਿੰਦਗੀ ਦੀ ਗਵਾਹੀ ਦਿੰਦੇ ਹਨ ਪਰ ਇਸ ਥਾਂ ਦੀ ਸਭ ਤੋਂ ਵੱਡੀ ਖ਼ਾਸੀਅਤ ਖ਼ੁਦ ਇਹ ਲੋਕ ਹਨ।

**ਕਿਉਂ ਖ਼ਾਸ ਹੈ ਬ੍ਰੋਕਪਾ ?**

ਗਾਰਕੋਨ ਦੇ ਬੱਚੇ, ਬੁੱਢੇ ਅਤੇ ਜਵਾਨ ਹੁਣ ਸ਼ਹਿਰੀ ਦਿਖਣ ਵਾਲੇ ਲੋਕਾਂ ਨੂੰ ਦੇਖ ਕੇ ਹੈਰਾਨ ਨਹੀਂ ਹੁੰਦੇ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਹੜੀ ਤਾਂਘ ਉਨ੍ਹਾਂ ਨੂੰ ਇੱਥੇ ਖਿੱਚ ਕੇ ਲੈ ਆਉਂਦੀ ਹੈ। ਪਿੰਡ ਦੇ ਕਿਸੇ ਵੀ ਸ਼ਖ਼ਸ ਨਾਲ 5 ਮਿੰਟ ਦੀ ਗੱਲਬਾਤ ਵੀ ਤੁਹਾਨੂੰ ਇਸ ਸਵਾਲ ਤੱਕ ਲੈ ਹੀ ਜਾਂਦੀ ਹੈ। ਚੰਡੀਗੜ੍ਹ 'ਚ ਪੜ੍ਹਾਈ ਕਰ ਰਹੀ ਸੋਨਮ ਲਹਾਮੋ ਦੱਸਦੀ ਹੈ ਕਿ ਸ਼ੁੱਧ ਆਰੀਆ ਹੋਣ ਦੀ ਗੱਲ ਉਨ੍ਹਾਂ ਦੇ ਭਾਈਚਾਰੇ 'ਚ ਪੀੜ੍ਹੀ-ਦਰ-ਪੀੜ੍ਹੀ ਤੋਂ ਤੁਰੀ ਆ ਰਹੀ ਹੈ। ਉਹ ਕਹਿੰਦੀ ਹੈ, "ਤੁਸੀਂ ਪੜ੍ਹਿਆ ਹੋਵੇਗਾ ਆਰੀਆ ਲੰਬੇ ਅਤੇ ਗੋਰੇ ਹੁੰਦੇ ਸਨ। ਤੁਸੀਂ ਇੱਥੋਂ ਦੀ ਆਬਾਦੀ 'ਚ ਵੀ ਇਹੀ ਗੱਲ ਦੇਖ ਸਕਦੇ ਹੋ। ਅਸੀਂ ਵੀ ਕੁਦਰਤ ਦੀ ਪੂਜਾ ਕਰਦੇ ਹਾਂ। ਅਸੀਂ ਆਪਣੇ ਸੱਭਿਆਚਾਰ ਨੂੰ ਹੀ ਆਪਣੇ ਸ਼ੁੱਧ ਆਰੀਅਨ ਹੋਣ ਦਾ ਸਬੂਤ ਮੰਨਦੇ ਹਾਂ।" ਇਹ ਦੇਖਿਆ ਜਾ ਸਕਦਾ ਹੈ ਬਿਆਮਾ, ਗਾਰਕੋਨ, ਦਾਰਚਿਕ, ਦਾਹ ਅਤੇ ਹਾਨੂ ਦੇ ਲੋਕਾਂ ਦੀਆਂ ਸ਼ਕਲਾਂ ਬਾਕੀ ਲੱਦਾਖੀਆਂ ਦੇ ਮੰਗੋਲ ਨੈਨ-ਨਕਸ਼ ਨਾਲੋਂ ਵੱਖ ਹਨ। ਬ੍ਰੋਕਪਾ ਨਾਮ ਉਨ੍ਹਾਂ ਨੂੰ ਲੱਦਾਖ ਦੀ ਬਾਕੀ ਆਬਾਦੀ ਵੱਲੋਂ ਮਿਲਿਆ ਹੈ। ਸਥਾਨਕ ਭਾਸ਼ਾ 'ਚ ਇਸ ਦਾ ਮਤਲਬ ਘੁਮੱਕੜ ਹੁੰਦਾ ਹੈ। ਬੋਧੀ ਹੋਣ ਦੇ ਬਾਵਜੂਦ ਬ੍ਰੋਕਪਾ ਦੇਵੀ-ਦੇਵਤਾਵਾਂ 'ਚ ਯਕੀਨ ਕਰਦੇ ਹਨ ਅਤੇ ਅੱਗ ਵਰਗੀਆਂ ਕੁਦਰਤੀ ਤਾਕਤਾਂ ਪੂਜਦੇ ਹਨ। ਇਨ੍ਹਾਂ ਵਿਚ ਬਲੀ ਦੇਣ ਦੀ ਪ੍ਰਥਾ ਵੀ ਹੁਣ ਤੱਕ ਜ਼ਿੰਦਾ ਹੈ ਹਾਲਾਂਕਿ ਅਜੋਕੀ ਪੀੜ੍ਹੀ 'ਚ ਇਸ ਦਾ ਵਿਰੋਧ ਹੋਣ ਲੱਗਾ ਹੈ। ਅੱਗ ਅਤੇ ਪ੍ਰਕਿਰਤੀ ਦੀਆਂ ਦੂਜੀਆਂ ਤਾਕਤਾਂ ਨੂੰ ਪੂਜਣ ਅਤੇ ਬਲੀ ਦੇਣ ਦਾ ਜ਼ਿਕਰ ਵੇਦਾਂ 'ਚ ਮਿਲਦਾ ਹੈ। ਹਾਲਾਂਕਿ, ਬ੍ਰੋਕਰਾ ਸੱਭਿਆਚਾਰ 'ਚ ਬੱਕਰੀਆਂ ਨੂੰ ਗਊਆਂ ਨਾਲੋਂ ਵਧੇਰੇ ਉੱਚਾ ਦਰਜਾ ਹਾਸਿਲ ਹੈ। ਬਦਲਦੇ ਵਕਤ ਦੇ ਨਾਲ ਕਿਤੇ-ਕਿਤੇ ਹੁਣ ਗਊ-ਵੰਸ਼ ਨਜ਼ਰ ਆਉਣ ਲੱਗਾ ਹੈ ਪਰ ਬੱਕਰੀ ਦਾ ਦੁੱਧ ਅਤੇ ਘਿਉ ਹੁਣ ਵੀ ਲੋਕਾਂ ਦੀ ਪਹਿਲੀ ਪਸੰਦ ਹੈ। ਜ਼ਾਹਿਰ ਹੈ ਕਿ ਬਾਕੀ ਲੱਦਾਖੀ ਸੱਭਿਆਚਾਰ ਤੋਂ ਵੱਖ ਹੋਣਾ ਹੀ ਉਨ੍ਹਾਂ ਦਾ ਸ਼ੁੱਧ ਆਰੀਆ ਦਾ ਸਬੂਤ ਨਹੀਂ ਹੋ ਸਕਦਾ। ਇਸੇ ਭਾਈਚਾਰੇ ਨਾਲ ਸੰਬੰਧ ਰੱਖਣ ਵਾਲੇ ਸਵਾਂਗ ਗੈਲਸਨ ਕਾਰਗਿਲ ਦੇ ਕਾਲਜ 'ਚ ਪੜ੍ਹਦੇ ਹਨ। ਉਨ੍ਹਾਂ ਦੀ ਦਿਲਚਸਪੀ ਆਪਣੇ ਇਤਿਹਾਸ ਦੀ ਤਹਿ ਤੱਕ ਜਾਣ ਵਿੱਚ ਹੈ। ਉਹ ਦੱਸਦੇ ਹਨ, "ਕਈ ਇਤਿਹਾਸਕਾਰਾਂ ਨੇ ਇਸ ਗੱਲ ਦੇ ਸੰਕੇਤ ਦਿੱਤੇ ਹਨ। ਮਸਲਨ, ਜਰਮਨ ਮਾਹਿਰ ਏਐਚ ਫ੍ਰੈਂਕੀ ਨੇ ਆਪਣੀ ਕਿਤਾਬ 'ਦਿ ਹਿਸਟਰੀ ਆਫ ਵੈਸਟਰਨ ਤਿੱਬਤ' 'ਚ ਸਾਡੀ ਆਬਾਦੀ ਆਰੀਅਨ ਸਟਾਕ ਦਾ ਨਾਮ ਦਿੱਤਾ ਹੈ।" ਹਾਲ ਹੀ ਵਿੱਚ ਆਪਣੀ ਭਾਸ਼ਾ ਦਾ ਸ਼ਬਦਕੋਸ਼ ਛਪਵਾ ਚੁੱਕੇ ਗੈਲਸਨ ਸੰਸਕ੍ਰਿਤ ਦੇ ਨਾਲ ਉਨ੍ਹਾਂ ਦੀ ਭਾਸ਼ਾ ਦੀ ਸਮਾਨਤਾਵਾਂ ਵੀ ਗਿਣਵਾਉਂਦੇ ਹਨ। ਉਨ੍ਹਾਂ ਮੁਤਾਬਕ, "ਬਾਕੀ ਲੱਦਾਖੀ ਭਾਸ਼ਾਵਾਂ ਤੋਂ ਵੱਖ ਸਾਡੀ ਜ਼ੁਬਾਨ 'ਚ ਕਈ ਸੰਸਕ੍ਰਿਤ ਦੇ ਕਈ ਸ਼ਬਦ ਮਿਲਦੇ ਹਨ। ਉਦਾਹਰਣ ਲਈ ਘੋੜੇ ਲਈ ਅਸ਼ਵ, ਸੂਰਜ ਲਈ ਸੂਰਿਆ ਆਦਿ। ਇਹੀ ਗੱਲ ਅਸੀਂ ਅੰਕਾਂ ਬਾਰੇ ਵੀ ਕਹਿ ਸਕਦੇ ਹਾਂ।"

**ਸਿਕੰਦਰ ਦੇ ਫ਼ੌਜੀਆਂ ਦੇ ਵਾਰਸ**

ਗੈਲਸਨ ਮੁਤਾਬਕ ਇੱਕ ਮਿੱਥ ਇਹ ਵੀ ਹੈ ਉਨ੍ਹਾਂ ਦਾ ਭਾਈਚਾਰਾ ਸਮਰਾਟ ਸਿਕੰਦਰ ਦੇ ਸੈਨਿਕਾਂ ਦਾ ਵਾਰਿਸ ਹੈ ਹਾਲਾਂਕਿ ਪਾਕਿਸਤਾਨ ਦੀ ਕਲਾਸ਼ ਜਾਤੀ, ਹਿਮਾਚਲ ਪ੍ਰਦੇਸ਼ 'ਚ ਮਲਾਣਾ ਅਤੇ ਬੜਾ ਭੰਗਾਲ ਇਲਾਕੇ ਦੇ ਲੋਕ ਵੀ ਅਜਿਹਾ ਹੀ ਦਾਅਵਾ ਕਰਦੇ ਹਨ। ਬ੍ਰੋਕਪਾ ਲੋਕ ਗੀਤਾਂ 'ਚ ਇਸ ਗੱਲ ਦਾ ਜ਼ਿਕਰ ਮਿਲਦਾ ਹੈ ਕਿ ਉਨ੍ਹਾਂ ਦੇ ਪੁਰਖੇ ਕਰੀਬ ਸੱਤਵੀਂ ਸਦੀ 'ਚ ਗਿਲਗਿਤ-ਬਲੋਚਿਸਤਾਨ ਤੋਂ ਆ ਕੇ ਬਟਾਲਿਕ ਦੇ ਨੇੜਲੇ ਇਲਾਕਿਆਂ 'ਚ ਵਸੇ ਹੋਣਗੇ। ਉਨ੍ਹਾਂ ਦਾ ਸਭ ਤੋਂ ਵੱਡਾ ਤਿਉਹਾਰ ਅਕਤੂਬਰ 'ਚ ਫਸਲ ਕੱਟਣ ਵੇਲੇ ਮਨਾਇਆ ਜਾਣ ਵਾਲਾ ਬੋਨੋਨਾ ਹੈ। ਹਰ ਬ੍ਰੋਕਪਾ ਪਿੰਡ 'ਚ ਹਰ ਸਾਲ ਇਸ ਨੂੰ ਧੂਮ ਧਾਮ ਨਾਲ ਮਨਾਉਂਦੇ ਹਨ। ਇੱਕ ਸਾਲ ਪਾਕਿਸਤਾਨ ਵੱਲ ਵਸੇ ਉਨ੍ਹਾਂ ਦੇ ਪਿੰਡ ਗਨੋਕ ਲਈ ਵੀ ਛੱਡਿਆ ਜਾਂਦਾ ਹੈ। ਹਾਲਾਂਕਿ, ਇਹ ਕਹਿਣਾ ਮੁਸ਼ਕਲ ਹੈ ਕਿ ਉਨ੍ਹਾਂ ਵੱਲੋਂ ਉਸ ਪਰੰਪਰਾ ਨੂੰ ਹੁਣ ਵੀ ਨਿਭਾਇਆ ਜਾਂਦਾ ਹੈ ਜਾਂ ਨਹੀਂ।

**ਕੀ ਹੈ ਆਰੀਆ ਦਾ ਇਤਿਹਾਸ ?**

ਅੱਜ ਦੇ ਭਾਰਤ 'ਚ ਇਹ ਸਵਾਲ ਸਿਆਸਤ ਤੋਂ ਪਰੇ ਨਹੀਂ ਹਨ ਪਰ ਇਹ ਸੱਚ ਹੈ ਕਿ ਆਰੀਆ ਨੂੰ ਲੈ ਕੇ ਕੋਈ ਇੱਕ ਰਾਇ ਨਹੀਂ ਹੈ। ਵੀਹਵੀਂ ਸਦੀ ਤੱਕ ਮੰਨਿਆ ਜਾਂਦਾ ਰਿਹਾ ਹੈ ਕਿ ਇੰਡੋ-ਯੂਰਪੀ ਭਾਸ਼ਾ ਬੋਲਣ ਵਾਲੇ ਇਹ ਸਮੂਹ ਮੱਧ ਏਸ਼ੀਆ ਤੋਂ ਤਕਰੀਬਨ 2000-1500 ਈਸਾ ਪੂਰਵ ਭਾਰਤ ਆਏ ਹੋਣਗੇ। ਮਤਭੇਦ ਇਸ ਗੱਲ 'ਤੇ ਰਿਹਾ ਹੈ ਕਿ ਇਹ ਲੋਕ ਹਮਲਾਵਰ ਸੀ ਜਾਂ ਫੇਰ ਰੋਜ਼ੀ-ਰੋਟੀ ਦੇ ਬਿਹਤਰ ਮੌਕਿਆਂ ਦੀ ਭਾਲ ਵਾਲੇ ਘੁਮੱਕੜ। ਪਿਛਲੇ 2 ਦਹਾਕਿਆਂ 'ਚ ਆਰੀਆ ਨੂੰ ਭਾਰਤ ਦੇ ਮੂਲ ਨਿਵਾਸੀ ਦੱਸਣ ਵਾਲੀ ਥਿਊਰੀ ਨੇ ਵੀ ਜ਼ੋਰ ਫੜ ਲਿਆ ਹੈ। ਬ੍ਰਿਟੇਨ ਗੀ ਹਡਰਸਫੀਲਡ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਰਟਿਨ ਪੀ ਰਿਚਰਡ ਦੀ ਅਗਵਾਈ 'ਚ 16 ਵਿਗਿਆਨੀਆਂ ਦੇ ਵਫ਼ਦ ਨੇ ਸੱਚ ਜਾਣਨ ਲਈ ਮੱਧ ਏਸ਼ੀਆ, ਯੂਰਪ ਅਤੇ ਦੱਖਣੀ ਏਸ਼ੀਆ ਦੀ ਆਬਾਦੀ ਦੇ ਵਾਈ-ਕ੍ਰੋਮੋਸੋਮ ਦਾ ਅਧਿਅਨ ਕੀਤਾ। ਵਾਈ-ਕ੍ਰੋਮੋਸੋਮ ਸਿਰਫ਼ ਪਿਤਾ ਵਿਚ ਹੋਣ ਕਾਰਨ ਪੁੱਤਰ ਪੈਦਾ ਹੁੰਦਾ ਹੈ। ਇਸ ਖੋਜ ਮੁਤਾਬਕ ਕਾਂਸੇ ਯੁੱਗ (3000-1200 ਈਸਾ ਪੂਰਵ) 'ਚ ਹਿਜ਼ਰਤ ਕਰਨ ਵਾਲੇ 'ਚ ਵਧੇਰੇ ਪੁਰਸ਼ ਹੁੰਦੇ ਹਨ। ਪਿਛਲੇ ਸਾਲ ਮਾਰਚ ਦੇ ਅੰਕ ਵਿੱਚ ਛਪੇ ਇਸ ਰਿਸਰਚ ਪੇਪਰ ਨੇ ਲਿਖਿਆ ਹੈ, "ਸਾਡੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਔਰਤਾਂ ਦੇ ਜੀਨਜ਼ ਲਗਭਗ ਪੂਰੀ ਤਰ੍ਹਾਂ ਦੇਸੀ ਹਨ, ਅਤੇ 55 ਹਜ਼ਾਰ ਸਾਲ ਪਹਿਲਾਂ ਇੱਥੇ ਵਸੇ ਪਹਿਲੇ ਇਨਸਾਨਾਂ ਨਾਲ ਕਾਫੀ ਮਿਲਦੇ ਹਨ। ਪਰ ਪੁਰਸ਼ਾਂ ਦੇ ਜੀਨਜ਼ ਵੱਖ ਹਨ, ਜਿਨ੍ਹਾਂ ਦਾ ਤਾਅਲੁਕ ਦੱਖਣੀ-ਪੱਛਮੀ ਏਸ਼ੀਆ ਅਤੇ ਮੱਧ ਏਸ਼ੀਆ ਨਾਲ ਰਿਹਾ ਹੈ।" ਹਾਲਾਂਕਿ ਖੋਜ ਦਾ ਦਾਅਵਾ ਹੈ ਕਿ ਹਿਜ਼ਰਤ ਦਾ ਇਹ ਸਿਲਸਿਲਾ ਹਜ਼ਾਰਾਂ ਸਾਲ ਤੱਕ ਚੱਲਿਆ ਹੋਵੇਗਾ। ਜੇਕਰ ਆਰੀਆ ਸੱਚਮੁੱਚ ਏਸ਼ੀਆ ਦੇ ਕੈਲਪੀਅਨ ਸਾਗਰ ਦੇ ਨੇੜੇ ਘਾਹ ਦੇ ਮੈਦਾਨਾਂ ਤੋਂ ਨਿਕਲ ਕੇ ਦੱਖਣੀ ਏਸ਼ੀਆ ਆਏ ਹੋਣਗੇ ਤਾਂ ਬਹੁਤ ਮੁਮਕਿਨ ਹੈ ਕਿ ਉਨ੍ਹਾਂ ਦਾ ਰਸਤਾ ਗਿਲਗਿਤ-ਬਲਾਟਿਸਤਾਨ ਤੋਂ ਹੋ ਕੇ ਲੰਘਿਆ ਹੋਵੇ। ਗੈਲਸਨ ਵੀ ਬ੍ਰੋਕਪਾਵਾਂ ਦੇ ਡੀਐਨਏ ਦੀ ਜਾਂਚ ਲਈ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਵਿਸ਼ੇ 'ਤੇ ਅਜੇ ਹੋਰ ਜਾਂਚ ਦੀ ਲੋੜ ਹੈ। 'ਆਰੀਆ ਦਾ ਇਤਿਹਾਸਕ ਅਕਸ ਜੇਤੂਆਂ ਵਰਗਾ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਕੱਲ ਬ੍ਰੋਕਪਾ ਨੌਜਵਾਨਾਂ 'ਚ ਇਸ ਪਛਾਣ ਨੂੰ ਲੈ ਕੇ ਉਤਸ਼ਾਹ ਵਧਿਆ ਹੈ ਪਰ ਅਸੀਂ ਮੰਨਦੇ ਹਾਂ ਕਿ ਇਸ ਦੇ ਦਾਅਵੇ ਵੱਲ ਵਧੇਰੇ ਖੋਜ ਕਰਨ ਦੀ ਲੋੜ ਹੈ।"

**ਪ੍ਰੈਗਨੈਂਸੀ ਟੂਰਿਜ਼ਮ ਦੇ ਕਿੱਸੇ**

ਇੰਟਰਨੈੱਟ ਆਉਣ ਤੋਂ ਬਾਅਦ ਬ੍ਰੋਕਪਾਵਾਂ ਦੀ ਇਸ ਪਛਾਣ ਨੇ ਦੁਨੀਆਂ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਇਨ੍ਹਾਂ ਪਿੰਡਾਂ 'ਚ ਜਰਮਨ ਔਰਤਾਂ ਦੇ 'ਸ਼ੁੱਧ ਆਰੀਆ ਬੀਜ' ਦੀ ਚਾਹਤ 'ਚ ਇੱਥੇ ਆਉਣ ਦੇ ਕਿੱਸੇ ਮਸ਼ਹੂਰ ਹਨ। ਸਾਲ 2007 'ਚ ਫਿਲਮਕਾਰ ਸੰਜੀਵ ਸਿਵਨ ਦੀ ਦਸਤਾਵੇਜ਼ੀ ਫਿਲਮ ਵਿੱਚ ਇੱਕ ਜਰਮਨ ਔਰਤ ਕੈਮਰੇ 'ਤੇ ਇਹ ਗੱਲ ਸਵੀਕਾਰ ਕਰਦੀ ਸੁਣੀ ਜਾ ਸਕਦੀ ਹੈ। ਵਧੇਰੇ ਬ੍ਰੋਕਪਾ ਇਸ ਬਾਰੇ ਚਰਚਾ ਕਰਨ ਤੋਂ ਬਚਦੇ ਹਨ। ਪਰ ਬਟਾਲਿਕ 'ਚ ਦੁਕਾਨ ਚਲਾਉਣ ਵਾਲੇ ਇਸ ਭਾਈਚਾਰੇ ਦੇ ਇੱਕ ਸ਼ਖ਼ਸ ਨੇ ਨਾਮ ਨਾ ਛਾਪਣ ਦੀ ਸ਼ਰਤ 'ਚ ਦੱਸਿਆ, "ਇੱਕ ਜਰਮਨ ਔਰਤ ਨੇ ਕਈ ਸਾਲ ਪਹਿਲਾਂ ਮੈਨੂੰ ਲੇਹ ਦੇ ਹੋਟਲਾਂ ਵਿੱਚ ਆਪਣੇ ਨਾਲ ਰੱਖਿਆ। ਗਰਭਵਤੀ ਹੋਣ ਤੋਂ ਬਾਅਦ ਉਹ ਮਹਿਲਾ ਜਰਮਨੀ ਵਾਪਸ ਚਲੀ ਗਈ। ਕੁਝ ਸਾਲ ਬਾਅਦ ਉਹ ਆਪਣੇ ਬੱਚੇ ਦੇ ਨਾਲ ਮੁੜ ਮਿਲਣ ਆਈ ਸੀ।"

# ਮਹਿੰਗੀ ਸ਼ਰਾਬ ਨਾਲ ਨਹਾਉਣ ਦੀ ਸ਼ੌਕੀਨ ਹੈ ਇਹ ਪਾਕਿਸਤਾਨੀ







## ਹਰ ਸਾਲ ਖਰਚ ਕਰਦੀ ਹੈ ਕਰੋੜਾਂ

ਪਾਕਿਸਤਾਨ ਮੂਲ ਦੇ ਬ੍ਰਿਟਿਸ਼ ਅਰਬਪਤੀ ਮੁੰਹਮਦ ਜਹੂਰ ਦੀ ਪਤਨੀ ਕਮਾਲਿਆ ਅੱਜਕੱਲ ਸੁਰਖੀਆਂ 'ਚ ਹੈ,ਕਾਰਨ ਹੈ ਉਸ ਦੇ ਅਨੌਖੇ ਸ਼ੌਂਕ। ਅਸਲ 'ਚ ਕਮਾਲਿਆ ਨੂੰ ਸ਼ੈਂਪੇਨ ਨਾਲ ਨਹਾਉਣ ਦਾ ਸ਼ੌਂਕ ਹੈ। ਇਸ ਲਈ ਉਸ ਨੇ ਸੈਂਕੜੇ ਮਹਿੰਗੀਆਂ ਬੋਤਲਾਂ ਖਾਲੀ ਕਰ ਦਿੱਤੀਆਂ ਹਨ। ਉਹ ਖ਼ੂਬਸੂਰਤ ਦਿਖਣ ਲਈ ਸਿਰਫ ਨਹਾਉਣ 'ਤੇ ਹੀ ਸਾਲ ਦਾ ਕਰੋੜ ਰੁਪਇਆ ਖਰਚ ਕਰ ਦਿੰਦੀ ਹੈ।

**ਹਰ ਰੋਜ 18-20 ਬੋਤਲਾਂ ਨਾਲ ਨਹਾਉਂਦੀ ਹੈ:-** ਨਹਾਉਣ ਲਈ ਪਾਣੀ ਦੀ ਤਰਾਂ ਪੈਸਾ ਵਹਾਉਣ ਵਾਲੀ ਕਮਾਲਿਆ ਹਰ ਰੋਜ ਪੰਜ ਹਜਾਰ ਕੀਮਤ ਦੀਆਂ ਬੋਤਲਾਂ ਖਾਲੀ ਕਰ ਦਿੰਦੀ ਹੈ। ਰਿਪੋਰਟਾਂ ਦੇ ਮੁਤਾਬਿਕ ਉਸ ਦੀ ਸੇਵਾ 'ਚ ਦਿਨ-ਰਾਤ 22 ਨੌਕਰ ਲੱਗੇ ਰਹਿੰਦੇ ਹਨ। ਕਮਾਲਿਆ ਦੇ ਪਤੀ ਇਨ੍ਹਾਂ ਨੌਕਰਾਂ ਦੀ ਤਨਖਾਹ 'ਤੇ ਹੀ 1.94 ਕਰੋੜ ਰੁਪਇਆ ਖਰਚ ਕਰ ਦਿੰਦੇ ਹਨ।

**ਰਹਿ ਚੁੱਕੀ ਹੈ ਗਾਇਕਾ ਅਤੇ ਮਾਡਲ:-**
ਵਿਆਹ ਤੋਂ ਪਹਿਲਾਂ ਕਮਾਲਿਆ ਸਿੰਗਰ ਅਤੇ ਮਾਡਲ ਵੀ ਰਹਿ ਚੁੱਕੀ ਹੈ, ਉਸਦਾ ਜਨਮ ਯੂਕਰੇਨ 'ਚ ਹੋਇਆ ਸੀ ਉਹ ਲੰਬੇ ਸਮੇ ਤੱਕ ਰੂਸ 'ਚ ਵੀ ਰਹੀ ਹੈ। ਪਾਕਿਸਤਾਨ 'ਚ ਵਕਤ ਬਿਤਾਉਂਦੇ ਉਹ ਚੈਰਿਟੀ ਪ੍ਰੋਗਰਾਮ ਵੀ ਕਰ ਚੁੱਕੀ ਹੈ।

**ਨਿੱਤ ਵਰਤੋਂ ਵਾਲਾ ਸਮਾਨ ਵੀ ਕਰੋੜਾਂ ਦਾ:-**
ਕਮਾਲਿਆ ਹੀਰਿਆਂ ਨਾਲ ਜੜੀ ਹੋਈ ਘੜੀ ਪਹਿਨਦੀ ਹੈ ਜਿਸ ਦੀ ਕੀਮਤ 40 ਲੱਖ ਰੁਪਏ ਹੈ। ਉਸ ਦੇ ਇੱਕ ਚਸਮੇ ਦੀ ਕੀਮਤ 4 ਲੱਖ ਰੁਪਏ ਹੈ। ਉਸ ਦਾ ਹੈਂਡਬੈਗ 90 ਲੱਖ ਰੁਪਏ ਦਾ ਹੈ ਅਤੇ ਹਰ ਸਾਲ 20 ਲੱਖ ਰੁਪਇਆ ਉਹ ਜੁੱਤਿਆਂ 'ਤੇ ਖਰਚਦੀ ਹੈ।

**ਵਿਦੇਸ਼ੀ ਟੂਰ ਲਈ 14 ਘਰ ਅਤੇ 2 ਜੈੱਟ:-**
ਉਝੰ ਤਾਂ ਕਮਾਲਿਆਂ ਨੂੰ ਪੈਰਿਸ ਦੇ ਮਸ਼ਹੂਰ ਅਤੇ ਸਭ ਤੋਂ ਵੱਡੇ ਹੋਟਲ 'ਸੂਟ ਇੰਮਪੇਰੀਅਲ' ਰਿਜੋਰਟ 'ਚ ਰੁਕਣ ਦਾ ਸ਼ੌਂਕ ਹੈ। ਇਸ ਹੋਟਲ 'ਚ ਇੱਕ ਰਾਤ ਦਾ ਖਰਚ 20 ਲੱਖ ਰੁਪਏ ਹੈ, ਇਸ ਤੋਂ ਇਲਾਵਾ ਖਾਣ-ਪੀਣ ਅਤੇ ਹੋਰ ਖਰਚ ਅਲੱਗ ਹੁੰਦੇ ਹਨ।ਪਰ ਵਿਦੇਸ਼ੀ ਟੂਰ ਲਈ ਵੱਖ-ਵੱਖ ਦੇਸ਼ਾਂ 'ਚ ਉਸ ਦੇ 14 ਘਰ ਹਨ ਅਤੇ ਉਸ ਕੋਲ 2 ਪ੍ਰਾਈਵੇਟ ਜੈੱਟ ਵੀ ਹਨ।

## ਭਾਰਤੀ ਮੂਲ ਦੇ 2 ਲੋਕਾਂ ਨੂੰ 'ਇਨਵੈਂਟਰਸ ਹਾਲ ਆਫ ਫੇਮ' 'ਚ ਕੀਤਾ ਗਿਆ ਸ਼ਾਮਲ

ਵਾਸ਼ਿੰਗਟਨ — ਅਮਰੀਕਾ ਵਿਚ ਨਵੇਂ ਖੇਤਰ ਦੇ ਭਾਰਤੀ ਮੂਲ ਦੇ 2 ਵੱਡੇ ਨਾਮਾਂ ਨੂੰ ਪ੍ਰਸਿੱਧ 'ਨੈਸ਼ਨਲ ਇਨਵੈਂਟਰਸ ਹਾਲ ਆਫ ਫੇਮ' ਵਿਚ ਸ਼ਾਮਲ ਕੀਤਾ ਗਿਆ ਹੈ। ਆਰੋਗਿਆਸਵਾਮੀ ਪਾਲਰਾਜ ਅਤੇ ਸੁਮਿੱਤਰਾ ਮਿਤਰਾ ਉਨ੍ਹਾਂ 13 ਨਾਮਾਂ ਵਿਚ ਸ਼ਾਮਿਲ ਹਨ, ਜਿਨ੍ਹਾਂ ਨੂੰ ਨਵੇਂ ਉਦਯੋਗ ਦੇ ਸਭ ਤੋਂ ਪ੍ਰਮੁੱਖ ਪ੍ਰੋਗਰਾਮ 'ਦਿ ਗਰੇਟੈਸਟ ਸੈਲੀਬਰੇਸ਼ਨ ਆਫ ਅਮੇਰੀਕਨ ਇਨੋਵੇਸ਼ਨ' ਵਿਚ ਰਸਮੀ ਰੂਪ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦਾ ਪ੍ਰਬੰਧ 2-3 ਮਈ ਨੂੰ ਹੋਵੇਗਾ। 'ਨੈਸ਼ਨਲ ਇਨਵੈਂਟਰਸ ਹਾਲ ਆਫ ਫੇਮ' ਨੇ ਉਨ੍ਹਾਂ ਲੋਕਾਂ ਦੀ ਸੂਚੀ ਜਾਰੀ ਕੀਤੀ ਹੈ, ਜਿਨ੍ਹਾਂ ਨੂੰ 2018 ਵਿਚ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਉਸ ਨੇ ਕਿਹਾ ਕਿ ਪਾਲਰਾਜ ਦੀ ਵਾਇਰਲੈਸ ਤਕਨਾਲੋਜੀ ਦੁਨੀਆ ਭਰ ਵਿਚ ਅਰਬਾਂ ਲੋਕਾਂ ਤੱਕ ਬਰਾਡਬੈਂਡ ਵਾਇਰਲੈਸ ਇੰਟਰਨੈਟ ਦੀ ਪਹੁੰਚ ਦੇ ਸੰਦਰਭ ਵਿਚ ਕ੍ਰਾਂਤੀਵਾਦੀ ਤਬਦੀਲੀ ਲੈ ਕੇ ਆਈ। ਪਾਲਰਾਜ ਨੂੰ 'ਮਲਟੀਪਲ-ਇਨਪੁਟ ਮਲਟੀਪਲ-ਆਉਟਪੁਟ' (ਮਿਮੋ) ਵਾਇਰਲੈਸ ਤਕਨਾਲੋਜੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ

## ਚੀਨ ਨੇ ਸਿਰਫ 9 ਘੰਟਿਆਂ 'ਚ ਬਣਾਇਆ ਰੇਲਵੇ ਸਟੇਸ਼ਨ




### ਇਸ ਕਾਰਨ ਬਣਾਇਆ ਗਿਆ ਸਟੇਸ਼ਨ

ਇਸ ਸਟੇਸ਼ਨ ਨੂੰ ਇੰਨੀ ਤੇਜ਼ੀ ਨਾਲ ਇਸ ਲਈ ਬਣਾਇਆ ਗਿਆ ਕਿਉਂਕਿ ਇੱਥੋਂ ਦੇ ਸਥਾਨਕ ਰੇਲ ਨੈੱਟਵਰਕ ਗੇਲਾਂਗ ਰੇਲਵੇ, ਗੇਨਰੂਈਲਾਂਗ ਰੇਲਵੇ ਅਤੇ ਜੇਹਾਨਲਾਂਗ ਰੇਲਵੇ ਨੂੰ ਨਵੇਂ ਰੇਲ ਰੂਟ ਨੇਨਲਾਂਗ ਰੇਲਵੇ ਨਾਲ ਜੋੜਨ ਦੀ ਲੋੜ ਸੀ। 246 ਕਿਲੋਮੀਟਰ ਦੇ ਇਸ ਨਵੇਂ ਰੇਲ ਰੂਟ 'ਤੇ ਹੁਣ 200 ਕਿਲੋਮੀਟਰ ਪ੍ਰਤੀ ਘੰਟਾ ਦੀ ਗਤੀ ਨਾਲ ਸਥਾਨਕ ਟਰੇਨਾਂ ਚੱਲਣਗੀਆਂ। ਮੰਨਿਆ ਜਾ ਰਿਹਾ ਹੈ ਕਿ ਸਾਲ 2018 ਦੇ ਅਖੀਰ ਤੱਕ ਇਹ ਪੂਰਾ ਨਵਾਂ ਰੇਲ ਨੈੱਟਵਰਕ ਬਣ ਕੇ ਤਿਆਰ ਹੋ ਜਾਵੇਗਾ।

ਬੀਜਿੰਗ— ਚੀਨ ਨੇ ਇਕ ਵਾਰੀ ਫਿਰ ਇੰਜੀਨੀਅਰਿੰਗ ਦਾ ਕਮਾਲ ਦਿਖਾਉਂਦੇ ਹੋਏ ਸਿਰਫ 9 ਘੰਟਿਆਂ ਵਿਚ ਇਕ ਰੇਲਵੇ ਸਟੇਸ਼ਨ ਤਿਆਰ ਕੀਤਾ ਹੈ। ਇਹ ਕਾਰਨਾਮਾ ਚੀਨ ਦੇ ਫੁਜੀਆਨ ਸੂਬੇ ਵਿਚ ਹੋਇਆ ਹੈ, ਜੋ ਇੰਜੀਨੀਅਰਿੰਗ ਦੀ ਇਕ ਨਵੀਂ ਮਿਸਾਲ ਬਣ ਗਿਆ ਹੈ। ਜਿੰਨੀ ਤੇਜ਼ ਗਤੀ ਨਾਲ ਚੀਨ ਵਿਚ ਟਰੇਨਾਂ ਚੱਲਦੀਆਂ ਹਨ, ਠੀਕ ਉਨੀਂ ਹੀ ਗਤੀ ਨਾਲ ਹੁਣ ਚੀਨ ਨੇ ਇਕ ਰੇਲਵੇ ਸਟੇਸ਼ਨ ਤਿਆਰ ਕੀਤਾ ਹੈ। ਜਦੋਂ ਇੱਥੇ ਤਿੰਨ ਰੇਲ ਰੂਟਸ ਨੂੰ ਜੋੜਣ ਦੀ ਲੋੜ ਮਹਿਸੂਸ ਹੋਈ ਤਾਂ ਇੰਜੀਨੀਅਰਸ ਨੇ ਸਿਰਫ 9 ਘੰਟਿਆਂ ਦੇ ਅੰਦਰ 1500 ਵਰਕਰਾਂ ਦੀ ਮਦਦ ਨਾਲ ਇਕ ਰੇਲਵੇ ਸਟੇਸ਼ਨ ਤਿਆਰ ਕਰ ਦਿੱਤਾ।

ਇਹ ਰੇਲਵੇ ਸਟੇਸ਼ਨ ਤਿਆਰ ਕਰ ਕੇ ਚੀਨ ਨੇ ਸਾਰੀ ਦੁਨੀਆ ਵਿਚ ਇੰਜੀਨੀਅਰਿੰਗ ਦੀ ਮਿਸਾਲ ਪੇਸ਼ ਕਰ ਦਿੱਤੀ ਹੈ। ਇਸ ਕੰਮ ਵਿਚ 1500 ਵਰਕਰਾਂ ਨੇ ਇੱਕਠਿਆਂ ਕੰਮ ਕੀਤਾ। ਇਸ ਸਟੇਸ਼ਨ ਨੂੰ ਬਣਾਉਣ ਲਈ ਪ੍ਰੀ-ਪਲਾਨਿੰਗ, ਡਿਜ਼ਾਈਨ, ਟਾਸਕ ਫੋਰਸ ਅਤੇ ਕੰਮ ਪਹਿਲਾਂ ਤੋਂ ਹੀ ਵੰਡਿਆ ਹੋਇਆ ਸੀ। ਹਰ ਵਰਕਰ, ਇੰਜੀਨੀਅਰ ਅਤੇ ਮਜ਼ਦੂਰ ਨੇ ਕਈ ਤਰ੍ਹਾਂ ਦੇ ਕੰਮ ਕੀਤੇ, ਜੋ 7 ਪੜਾਆਂ ਵਿਚ ਸਾਰਿਆਂ ਨੂੰ ਵੰਡੇ ਗਏ ਸਨ। ਸਿਰਫ ਇਮਾਰਤ ਹੀ ਨਹੀਂ, ਇੱਥੋਂ ਨਿਕਲਣ ਵਾਲੇ ਰੇਲ ਰੂਟ ਲਈ ਪਟੜੀਆਂ, ਸਿਗਨਲ ਅਤੇ ਹੋਰ ਜ਼ਰੂਰੀ ਚੀਜ਼ਾਂ ਕੁਝ ਘੰਟਿਆਂ ਵਿਚ ਹੀ ਤਿਆਰ ਕਰ ਲਈਆਂ ਗਈਆਂ। ਇਸ ਨਾਲ ਚੀਨ ਦੀ ਇੰਜੀਨੀਅਰਿੰਗ ਸਪੀਡ ਦਾ ਪਤਾ ਲੱਗਦਾ ਹੈ।

## ਅੰਬਾਨੀ ਤੋਂ 19 ਗੁਣਾ ਜਿਆਦਾ ਦੌਲਤ ਸੰਭਾਲਦਾ ਹੈ ਇਹ ਸ਼ਖਸ਼

### ਪਲੇਨ 'ਚ ਹੀ ਬੀਤਦੇ ਨੇ ਸਾਲ ਦੇ 250 ਦਿਨ

81 ਸਾਲ ਦੇ ਇਸ ਸ਼ਖਸ਼ ਨੂੰ ਪੈਸੇ ਤੋਂ ਪੈਸਾ ਬਣਾਉਣ ਲਈ ਜਾਣਿਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਦੁਨੀਆਂ ਇੰਨਵੈਸਟਰ ਇਸ ਦੀ ਸਲਾਹ 'ਤੇ ਅਰਬਾਂ ਰੁਪਇਆਂ ਦਾ ਦਾਅ ਲਗਾ ਦਿੰਦੇ ਹਨ। ਇਸ ਸ਼ਖਸ਼ ਦਾ ਨਾਮ ਜੋਸਫ ਮਾਰਕ ਮੋਵੀਅਸ, ਜੋ ਫਿਲਹਾਲ ਲੱਗਭਗ 48 ਲੱਖ ਕਰੋੜ (740ਅਰਬ ਡਾਲਰ) ਦੀ ਵੈਲਥ (ਸੰਪਤੀ) ਸੰਭਾਲਦਾ ਹੈ। ਇਸ ਪ੍ਰਕਾਰ ਮੋਵੀਅਸ ਭਾਰਤ ਦੇ ਸਭ ਤੋਂ ਅਮੀਰ ਸ਼ਖਸ਼ ਮੁਕੇਸ਼ ਅੰਬਾਨੀ ਤੋਂ ਕਈਂ ਗੁਣਾ ਜਿਆਦਾ ਦੌਲਤ ਸੰਭਾਲਦੇ ਹਨ।

ਮਾਰਕ ਮੋਵੀਅਸ ਦੁਨੀਆਂ ਦੇ ਪ੍ਰਮੁੱਖ ਫੰਡ ਮੈਨੇਜਰ ਫ੍ਰੈਂਕਲਿਨ ਟੈਂਪਲਟਨ ਇਨਵੈਸਮੈਂਟਸ ਦੇ ਐਗਜੀਕਿਊਟਿਵ ਚੇਅਰਮੈਨ ਹੈ। ਦੁਨੀਆਂ ਭਰ ਦੇ ਇਨਵੈਸਟਰ ਦਾ ਉਨ੍ਹਾਂ 'ਤੇ ਭਰੋਸਾ ਹੀ ਹੈ ਜੋ ਉਨ੍ਹਾਂ ਦੀ ਕੰਪਨੀ 48 ਲੱਖ ਕਰੋੜ ਦੀ ਵੈਲਥ ਦਾ ਪ੍ਰਬੰਧਨ ਕਰਦੀ ਹੈ। ਵਲੂਮਬਰਗ ਬਿਲੇਨੀਅਰ ਇੰਨਡੈਕਸ ਦੇ ਮੁਤਾਬਿਕ ਮੁਕੇਸ਼ ਅੰਬਾਨੀ ਦੀ ਪਰਸਨਲ ਵੈਲਥ 2.6ਲੱਖ (40 ਅਰਬ ਡਾਲਰ) ਕਰੋੜ ਹੈ।

**ਕਿਹਾ ਜਾਂਦਾ ਹੈ ਮਾਰਕਿਟ ਗੁਰੂ:-**
ਮਾਰਕ ਮੋਵੀਅਸ ਨੂੰ ਮਾਰਕਿਟ ਗੁਰੂ ਵੀ ਕਿਹਾ ਜਾਂਦਾ ਹੈ,ਇਹਨਾਂ ਨੂੰ ਅਫਰੀਕਾ,ਏਸ਼ੀਆ,ਪੂਰਵੀ ਯੂਰਪ ਅਤੇ ਲੈਟਿਨ ਅਮਰੀਕਾ 'ਚ ਕਮਾਈ ਦੇ ਸਾਧਨਾਂ ਦੀ ਖੋਜ ਦਾ ਸਭ ਤੋਂ ਭਰੋਸੇਮੰਦ ਸ਼ਖਸ਼ ਮੰਨਿਆ ਜਾਂਦਾ ਹੈ।

**ਜਹਾਜ 'ਚ ਲੰਘਦੇ ਨੇ 250 ਦਿਨ**
ਉਹਨਾਂ ਨੇ 30 ਸਾਲ ਤੱਕ ਬਤੌਰ ਫੰਡ ਮੈਨੇਜਰ ਕੰਮ ਕੀਤਾ। ਉਹਨਾਂ 'ਤੇ ਅਮਰੀਕੀ ਇਨਵੈਸਟਰ ਨੂੰ ਇਸ ਕਦਰ ਭਰੋਸਾ ਸੀ ਕਿ ਉਹਨਾਂ ਦੇ ਲਈ ਪਹਿਲਾ ਇਮੇਜਿੰਗ ਮਾਰਕੀਟ ਐਕਟੀਵੇਟੀ ਫੰਡ ਬਣਾਇਆ ਗਿਆ। ਇਸ ਫੰਡ ਦਾ ਲੰਬੇ ਸਮੇ ਤੱਕ ਬੇਸ ਸਿੰਘਾਪੁਰ ਰਿਹਾ ਅਤੇ ਇਸ ਨੂੰ ਅੱਗੇ ਵਧਾਉਣ ਲਈ ਮੋਵੀਅਸ ਸਾਲ ਦੇ 250 ਦਿਨ ਆਪਣੇ ਗਲਫਸਟਰੀਮ-4 ਪ੍ਰਾਈਵੇਟ ਜੈੱਟ 'ਚ ਸਫਰ ਕਰਦੇ, ਉਹ ਸਾਲ ਭਰ ਫੈਕਟਰੀਆਂ ਦਾ ਦੌਰਾ ਕਰਦੇ ਅਤੇ ਨਿਵੇਸ਼ ਦੀਆਂ ਸੰਭਾਵਨਾਵਾਂ ਦੀ ਪਹਿਚਾਣ ਲਈ ਦੂਰ-ਦਰਾਜ ਦੇ ਡਿਸਟੀਬਿਊਟਰਾਂ ਨਾਲ ਮੁਲਾਕਾਤ ਕਰਦੇ। ਟੈਂਪਲਟਨ ਦੇ ਚੇਅਰਮੈਨ ਅਤੇ ਸੀ ਈ ਓ ਗ੍ਰੈਗ ਜੌਨਸਨ ਨੇ ਇੱਕ ਬਿਆਨ 'ਚ ਕਿਹਾ ਇਮੇਜਿੰਗ ਮਾਰਕੀਟ ਇੰਨਵੈਸਟਮੈਂਟ ਦੀ ਗੱਲ ਹੋਵੇ ਤਾਂ ਦੁਨੀਆਂ ਦਾ ਕੋਈ ਸਖਸ਼ ਮੋਵੀਅਸ ਦੀ ਥਾਂ ਨਹੀਂ ਲੈ ਸਕਦਾ।



**ਸਹੀ ਸਾਬਿਤ ਹੋਈਆਂ ਮੋਵੀਅਸ ਦੀਆਂ ਭਵਿੱਖਬਾਣੀਆਂ:-**
ਮੋਵੀਅਸ ਨੇ ਅਜਿਹੀਆਂ ਕਈਆਂ ਭਵਿੱਖਬਾਣੀਆਂ ਕੀਤੀਆਂ ਜੋ ਸਹੀ ਸਾਬਿਤ ਹੋਇਆਂ। ਉਨਹਾਂ ਨੇ 2009 'ਚ ਵੂਲ ਮਾਰਕਿਟ ਦੀ ਸ਼ੁਰੂਆਤ ਹੋਣ ਦੀ ਭਵਿੱਖਬਾਣੀ ਕੀਤੀ ਸੀ। ਉਹਨਾਂ ਨੇ ਇੱਕ ਕਿਤਾਬ 'ਚ ਲਿਖਿਆ ਹੈ ਕਿ ਮੈ ਅਜਿਹੀਆਂ ਕੰਪਨੀਆਂ ਦੇ ਸਟਾਕਸ ਖਰੀਦੇ ਜਿਨਾਂ 'ਚ ਪੰਜ ਸਾਲ ਦੀ ਅਵਧੀ 'ਚ ਗ੍ਰੋਥ ਦੀਆਂ ਚੰਗੀਆਂ ਸੰਭਾਵਨਾਵਾਂ ਹੁੰਦੀਆਂ ਹਨ।

### ਸਕਾਲਰਸ਼ਿਪ ਨਾਲ ਹੋਈ ਪੜ੍ਹਾਈ

ਨਿਊਯਾਰਕ 'ਚ ਜਨਮੇ ਮੋਵੀਅਸ ਨੇ 1955 'ਚ ਸਕਾਲਰਸ਼ਿਪ ਦੇ ਸਹਾਰੇ 'ਬੋਸਟਨ ਯੂਨੀਵਰਸਿਟੀ' ਤੋਂ ਪੜ੍ਹਾਈ ਕੀਤੀ ਅਤੇ ਟਿਊਸ਼ਨ ਦੇ ਪੈਸੇ ਦੇਣ ਲਈ ਉਹ ਨਾਈਟ ਕਲੱਬ 'ਚ ਪਿਯਾਨੋ ਵਜਾਇਆ ਕਰਦੇ ਸਨ। ਉਹਨਾਂ ਨੇ ਪੌਲੀਟੀਕਲ ਕੰਸਲਟੈਂਟ ਦੇ ਰੂਪ 'ਚ ਵੀ ਕੰਮ ਕੀਤਾ। ਉਹ ਪਹਿਲੀ ਵਾਰ 1967 'ਚ ਹਾਂਗਕਾਂਗ ਗਏ ?ਤੇ ਰਿਸਰਚ ਬਿਜਨਸ ਦੀ ਸ਼ੁਰੂਆਤ ਕੀਤੀ।1983 ਵਿੱਚ ਉਹ ਤਾਇਵਾਨ 'ਚ ਮੈਗਾ ਇੰਟਰਨੈਸ਼ਨਲ ਇਨਵੈਸਟਮੈਂਟ ਟਰੱਸਟ ਦੇ ਪ੍ਰੈਜੀਡੈਂਟ ਬਣ ਗਏ, ਇਸ ਵਕਤ ਉਹ 81 ਸਾਲ ਦੇ ਹਨ ਅਤੇ ਬਹੁਤ ਜਲਦੀ ਰਿਟਾਰਮੈਂਟ ਲੈਣ ਜਾ ਰਹੇ ਹਨ।

## ਬ੍ਰਿਟੇਨ 'ਚ ਫਰਜ਼ੀ ਖਬਰ ਰੋਕੂ ਇਕਾਈ ਸ਼ੁਰੂ

ਲੰਡਨ— ਬ੍ਰਿਟਿਸ਼ ਸਰਕਾਰ ਨੇ ਫਰਜ਼ੀ ਖਬਰਾਂ ਤੇ ਗਲਤ ਸੂਚਨਾਵਾਂ ਤੋਂ ਨਿਪਟਣ ਲਈ ਨਵੀਂ 'ਰਾਸ਼ਟਰੀ ਸੁਰੱਖਿਆ ਸੰਚਾਰ ਇਕਾਈ' ਸ਼ੁਰੂ ਕੀਤੀ ਹੈ। ਇਹ ਇਕਾਈ 'ਫੇਕ ਨਿਊਜ਼' ਨਾਲ ਨਿਪਟੇਗੀ। ਗਲਤ ਸੂਚਨਾ, ਫੋਟੋ ਜਾਂ ਵੀਡੀਓ, ਜਾਣਬੁੱਝ ਕੇ ਗਲਤ ਜਾਣਕਾਰੀ, ਗਲਤਫਹਿਮੀ ਪੈਦਾ ਕਰਨ ਨੂੰ 'ਫੇਕ ਨਿਊਜ਼' ਕਿਹਾ ਜਾਂਦਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਥੇਰੇਸਾ ਮੇਅ ਦੇ ਇਕ ਬੁਲਾਰੇ ਨੇ ਕਿਹਾ ਕਿ ਬੀਤੇ ਦਿਨ ਸ਼ੁਰੂ ਕੀਤੀ ਨਵੀਂ ਇਕਾਈ ਦੇਸ਼ ਦੀਆਂ ਰੱਖਿਆ ਸਮਰਥਾਵਾਂ ਦੀ ਸਮੀਖਿਆ ਦਾ ਇਕ ਹਿੱਸਾ ਹੈ। ਉਨ੍ਹਾਂ ਕਿਹਾ, "ਅਸੀਂ ਫੇਕ ਨਿਊਜ਼ ਤੇ ਵਿਰੋਧੀ ਗੱਲਾਂ ਦੇ ਯੁੱਗ 'ਚ ਜੀਅ ਰਹੇ ਹਾਂ। ਸਰਕਾਰ ਆਪਸ 'ਚ ਜੁੜੀਆਂ ਇਨ੍ਹਾਂ ਸਖਤ ਚੁਣੌਤੀਆਂ ਤੋਂ ਨਿਪਟਣ ਲਈ ਰਾਸ਼ਟਰੀ ਸੁਰੱਖਿਆ ਸੰਚਾਰ ਦਾ ਬਿਹਤਰ ਪ੍ਰਯੋਗ ਕਰੇਗੀ।" ਇਸ ਨਵੀਂ ਇਕਾਈ ਦੀ ਅਗਵਾਈ ਕੈਬਨਿਟ ਦਫਤਰ ਕਰੇਗਾ।

## ਇੰਨੇ ਲੋਕ ਸਨ ਅਮਰੀਕਾ ਜਾਣ ਦੀ ਤਾਕ 'ਚ, ਬੁਰੀ ਹਾਲਤ 'ਚ ਪੁਲਿਸ ਨੇ ਬਚਾਏ


ਮੈਕਸੀਕੋ— ਮੈਕਸੀਕੋ ਦੇ ਅਧਿਕਾਰੀਆਂ ਨੂੰ ਟਾਮੌਲੀਪਾਸ ਵਿਚ ਇਕ ਟਰੱਕ ਅੰਦਰੋਂ 109 ਪ੍ਰਵਾਸੀ ਮਾੜੀ ਹਾਲਤ ਵਿਚ ਮਿਲੇ ਹਨ। ਇਕ ਅਧਿਕਾਰਤ ਰਿਪੋਰਟ ਮੁਤਾਬਕ ਉਨ੍ਹਾਂ ਵਿਚ ਡੀਹਾਈਡ੍ਰੇਸ਼ਨ ਅਤੇ ਸਾਹ ਘੁੱਟਣ ਵਰਗੇ ਲੱਛਣ ਨਜ਼ਰ ਆ ਰਹੇ ਸਨ। ਇਕ ਸਮਾਚਾਰ ਏਜੰਸੀ ਮੁਤਾਬਕ ਪ੍ਰਵਾਸੀ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਉਨ੍ਹਾਂ ਦੇ ਬਿਆਨ ਮੁਤਾਬਕ, 'ਅਸੀਂ ਮਨੁੱਖੀ ਤਸਕਰਾਂ ਵੱਲੋਂ ਚੀਆਪਾਸ ਸੂਬੇ ਤੋਂ ਟਾਮੌਲੀਪਾਸ ਲਿਆਏ ਗਏ।' ਰਾਸ਼ਟਰੀ ਇਮੀਗ੍ਰੇਸ਼ਨ ਸੰਸਥਾ (ਆਈ. ਐਨ. ਐਮ) ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਮੱਧ ਅਮਰੀਕੀ ਪ੍ਰਵਾਸੀ ਇਕ ਫੌਜੀ ਚੌਕੀ ਕੋਲ ਇਕ ਟਰੱਕ ਅੰਦਰੋਂ ਮਿਲੇ।

**ਬਿਨਾਂ ਖਾਣੇ ਅਤੇ ਪਾਣੀ ਦੇ ਯਾਤਰਾ ਕਰ ਰਹੇ ਸਨ ਪ੍ਰਵਾਸੀ—**
ਸੰਸਥਾ ਨੇ ਇਕ ਬਿਆਨ ਵਿਚ ਕਿਹਾ, 'ਆਈ. ਐਨ. ਐਮ ਨੇ ਮੈਕਸੀਕੋ ਦੀ ਫੌਜੀ ਇਕਾਈਆਂ ਨਾਲ ਸਹਿਯੋਗ ਕਰ ਕੇ ਬਿਨਾਂ ਭੋਜਨ, ਪਾਣੀ ਦੇ ਟਰੱਕ ਵਿਚ ਯਾਤਰਾ ਕਰ ਰਹੇ 109 ਪ੍ਰਵਾਸੀਆਂ ਨੂੰ ਬਚਾਇਆ ਹੈ। ਟਰੱਕ ਵਿਚੋਂ ਛੁਡਵਾਏ ਗਏ ਲੋਕਾਂ ਵਿਚ ਗਵਾਟੇਮਾਲਾ ਦੇ 83 (40 ਆਦਮੀ, 11 ਔਰਤਾਂ, 32 ਨਾਬਾਲਗ), ਹੋਂਡੁਰਾਸ ਦੇ 17 (10 ਆਦਮੀ, 2 ਔਰਤਾਂ, 5 ਨਾਬਾਲਗ) ਅਤੇ ਸਲਵਾਡੋਰ ਦੇ 9 ਨਾਗਰਿਕ (5 ਆਦਮੀ, 2 ਔਰਤਾਂ, 2 ਨਾਬਾਲਗ) ਸ਼ਾਮਲ ਹਨ।

**ਮਨੁੱਖ ਤਸਕਰੀ ਦੇ ਦੋਸ਼ ਵਿਚ 2 ਗ੍ਰਿਫਤਾਰ—**
ਮਨੁੱਖੀ ਤਸਕਰੀ ਦੇ ਦੋਸ਼ ਵਿਚ ਟਰੱਕ ਦੇ ਡਰਾਈਵਰ ਅਤੇ ਉਸ ਦੇ ਮੈਕਸੀਕਨ ਸਹਿਯੋਗੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇੱਥੇ ਇਹ ਦੱਸਣਯੋਗ ਹੈ ਕਿ ਹਰ ਸਾਲ ਬਿਨਾਂ ਕਾਨੂੰਨੀ ਦਸਤਾਵੇਜਾਂ ਦੇ ਹਜ਼ਾਰਾਂ ਲੋਕ ਅਮਰੀਕਾ ਜਾਣ ਲਈ ਮੈਕਸੀਕੋ ਖੇਤਰ ਨੂੰ ਪਾਰ ਕਰਦੇ ਹਨ।



# ਗਾਂਧੀ ਦੇ ਮੱਥੇ 'ਤੇ ਭਗਤ ਸਿੰਘ ਦੀ ਫਾਂਸੀ ਦਾ ਕਲੰਕ ਕਿਉਂ





ਆਦਰਸ਼ ਇਨਕਲਾਬੀ ਮੰਨੇ ਜਾਂਦੇ ਭਗਤ ਸਿੰਘ ਨੂੰ ਜੰਗ-ਏ-ਆਜ਼ਾਦੀ 'ਚ ਹਿੰਸਾ ਦੇ ਵਿਰੋਧੀ ਨਹੀਂ ਸਨ। 1907 ਵਿੱਚ ਭਗਤ ਸਿੰਘ ਦਾ ਜਨਮ ਹੋਇਆ। ਉਸ ਵੇਲੇ 38 ਸਾਲ ਦੀ ਉਮਰ 'ਚ ਮੋਹਨਦਾਸ ਕਰਮਚੰਦ ਗਾਂਧੀ ਦੱਖਣੀ ਅਫ਼ਰੀਕਾ ਵਿੱਚ ਅਹਿੰਸਕ ਲੜਾਈ ਦੇ ਪ੍ਰਯੋਗ ਕਰ ਰਹੇ ਸਨ। ਸੱਤਿਆਗ੍ਰਹਿ ਦੇ ਅਨੁਭਵ ਲੈ ਕੇ ਗਾਂਧੀ 1915 ਵਿੱਚ ਭਾਰਤ ਪਰਤੇ ਅਤੇ ਦੇਸ਼ ਦੀ ਰਾਜਨੀਤੀ ਉੱਪਰ ਛਾ ਗਏ। ਭਗਤ ਸਿੰਘ ਨੇ ਹਿੰਸਕ ਕ੍ਰਾਂਤੀ ਦਾ ਰਾਹ ਵੀ ਚੁਣਿਆ ਪਰ ਫਿਰ ਵੀ ਦੋਵਾਂ ਦੀਆਂ ਕੁਝ ਗੱਲਾਂ ਇੱਕੋ ਜਿਹੀਆਂ ਸਨ। ਦੇਸ਼ ਦੇ ਆਮ ਆਦਮੀ ਦਾ ਦਰਦ ਦੋਹਾਂ ਲਈ ਅਹਿਮ ਸੀ। ਉਨ੍ਹਾਂ ਲਈ ਆਜ਼ਾਦੀ ਇੱਕ ਰਾਜਨੀਤਕ ਵਿਚਾਰ ਨਹੀਂ ਸੀ। ਦੋਵੇਂ ਚਾਹੁੰਦੇ ਸਨ ਕਿ ਜਨਤਾ ਸ਼ੋਸ਼ਣ ਦੀਆਂ ਜ਼ੰਜੀਰਾਂ ਤੋਂ ਮੁਕਤ ਹੋਵੇ। ਭਗਤ ਸਿੰਘ ਰੱਬ ਨੂੰ ਨਹੀਂ ਮੰਨਦੇ ਸਨ ਪਰ ਗਾਂਧੀ ਪੱਕੇ ਆਸਤਿਕ ਸਨ। ਧਰਮ ਦੇ ਨਾਂ 'ਤੇ ਨਫ਼ਰਤ ਦੇ ਦੋਵੇਂ ਹੀ ਖਿਲਾਫ਼ ਸਨ।

**ਭਗਤ ਸਿੰਘ ਨੂੰ ਸਜ਼ਾ**

ਸਾਲ 1929 ਵਿੱਚ ਸਾਈਮਨ ਕਮਿਸ਼ਨ ਭਾਰਤ ਆਇਆ। ਉਸ ਦੇ ਵਿਰੋਧ ਵਿੱਚ ਮੁਜ਼ਾਹਰੇ ਦੌਰਾਨ ਉੱਘੇ ਨੇਤਾ ਲਾਲਾ ਲਾਜਪਤ ਰਾਏ ਨੂੰ ਪੁਲਿਸ ਦੇ ਲਾਠੀਚਾਰਜ ਵਿੱਚ ਗੰਭੀਰ ਸੱਟਾਂ ਲੱਗੀਆਂ ਅਤੇ ਕੁਝ ਦਿਨਾਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਲਾਲਾ ਲਾਜਪਤ ਰਾਏ ਦੇ ਜੀਵਨ ਦੇ ਅਖੀਰਲੇ ਸਾਲਾਂ ਵਿੱਚ ਭਗਤ ਸਿੰਘ ਉਨ੍ਹਾਂ ਦੀ ਰਾਜਨੀਤੀ ਦਾ ਵਿਰੋਧ ਕਰਦੇ ਸਨ ਪਰ ਉਨ੍ਹਾਂ ਦੀ ਮੌਤ 'ਤੇ ਭਗਤ ਸਿੰਘ ਨੂੰ ਬਹੁਤ ਗੁੱਸਾ ਆਇਆ। ਇਸ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਸਾਥੀਆਂ ਨਾਲ ਰਲ ਕੇ ਪੁਲਿਸ ਐਸਪੀ ਸਕਾਟ ਦੇ ਕਤਲ ਦੀ ਯੋਜਨਾ ਬਣਾਈ। ਹੋਇਆ ਇਹ ਕਿ ਇੱਕ ਸਾਥੀ ਦੀ ਗਲਤੀ ਕਾਰਨ ਸਕਾਟ ਦੀ ਥਾਂ ਇੱਕ ਹੋਰ ਪੁਲਿਸ ਮੁਲਾਜ਼ਮ, 21 ਸਾਲਾਂ ਦੇ ਸਾਂਡਰਸ ਦੀ ਹੱਤਿਆ ਹੋ ਗਈ। ਇਸ ਮਾਮਲੇ 'ਚ ਭਗਤ ਸਿੰਘ ਨਹੀਂ ਫੜੇ ਗਏ ਪਰ ਕੁਝ ਸਮੇਂ ਬਾਅਦ ਉਨ੍ਹਾਂ ਨੇ ਅਸੈਂਬਲੀ ਸਭਾ ਵਿੱਚ ਬੰਬ ਸੁੱਟਿਆ। ਉਸ ਵੇਲੇ ਸਰਦਾਰ ਪਟੇਲ ਦੇ ਵੱਡੇ ਭਰਾ ਵਿੱਠਲ ਭਾਈ ਪਟੇਲ ਸਭਾ ਦੇ ਪਹਿਲੇ ਭਾਰਤੀ ਪ੍ਰਧਾਨ ਵਜੋਂ ਮੌਕੇ ਦੀ ਅਗਵਾਈ ਕਰ ਰਹੇ ਸਨ। ਭਗਤ ਸਿੰਘ ਕਿਸੇ ਨੂੰ ਮਾਰਨਾ ਨਹੀਂ ਚਾਹੁੰਦੇ ਸਨ, ਸਗੋਂ ਬਸ "ਬੋਲੀ" ਅੰਗਰੇਜ਼ ਸਰਕਾਰ ਦੇ ਕੰਨਾਂ ਵਿੱਚ ਭਾਰਤ ਦੀ ਸੱਚਾਈ ਦੀ ਗੂੰਜ ਸੁਣਾਉਣਾ ਚਾਹੁੰਦੇ ਸਨ। ਬੰਬ ਸੁੱਟਣ ਤੋਂ ਬਾਅਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਬਟੁਕੇਸ਼ਵਰ ਦੱਤ ਭੱਜ ਸਕਦੇ ਸਨ ਪਰ ਉਨ੍ਹਾਂ ਨੇ ਗ੍ਰਿਫਤਾਰੀ ਦੇ ਦਿੱਤੀ। ਭਗਤ ਸਿੰਘ ਕੋਲ ਉਸ ਵੇਲੇ ਰਿਵਾਲਵਰ ਵੀ ਸੀ। ਬਾਅਦ 'ਚ ਇਹ ਸਿੱਧ ਹੋਇਆ ਕਿ ਇਹੀ ਰਿਵਾਲਵਰ ਸਾਂਡਰਸ ਦੀ ਹੱਤਿਆ ਵਿਚ ਵਰਤੀ ਗਈ ਸੀ, ਜਿਸ ਕਰਕੇ ਭਗਤ ਸਿੰਘ ਨੂੰ ਉਸ ਮਾਮਲੇ ਵਿੱਚ ਹੀ ਫਾਂਸੀ ਦਿੱਤੀ ਗਈ।

**ਗਾਂਧੀ ਤੇ ਸਜ਼ਾ ਮਾਫ਼ੀ**

ਸਾਲ 1930 ਵਿੱਚ ਦਾਂਡੀ ਮਾਰਚ ਤੋਂ ਬਾਅਦ ਗਾਂਧੀ-ਕਾਂਗਰਸ ਅਤੇ ਅੰਗਰੇਜ਼ ਸਰਕਾਰ ਵਿਚਕਾਰ ਸੰਘਰਸ਼ ਤੇਜ਼ ਹੋ ਗਿਆ ਸੀ। ਇਸੇ ਦੌਰਾਨ ਭਾਰਤ ਦੀ ਰਾਜ ਵਿਵਸਥਾ 'ਚ ਸੁਧਾਰਾਂ ਦੇ ਮਸਲੇ ਉੱਪਰ ਬ੍ਰਿਟੇਨ ਦੀ ਸਰਕਾਰ ਨੇ ਉਨ੍ਹਾਂ ਨੂੰ ਗੋਲਮੇਜ਼ ਸੰਮੇਲਨ ਲਈ ਲੰਡਨ ਬੁਲਾਇਆ ਪਰ ਗਾਂਧੀ ਜੀ ਤੇ ਕਾਂਗਰਸ ਨੇ ਭਾਗ ਨਹੀਂ ਲਿਆ। ਸੰਮੇਲਨ ਬੇਨਤੀਜਾ ਹੀ ਰਹਿ ਗਿਆ। ਦੂਜੇ ਸੰਮੇਲਨ 'ਚ ਬਰਤਾਨਵੀ ਸਰਕਾਰ ਨੇ ਪਹਿਲੇ ਸੰਮੇਲਨ ਵਾਲਾ ਹਾਲ ਹੋਣੋਂ ਬਚਾਉਣ ਲਈ ਸੰਘਰਸ਼ ਦੀ ਥਾਂ ਗੱਲਬਾਤ ਕਰਨ ਦਾ ਫੈਸਲਾ ਕੀਤਾ। 17 ਫਰਵਰੀ 1931 ਤੋਂ ਵਾਇਸਰਾਏ ਇਰਵਿਨ ਅਤੇ ਗਾਂਧੀ ਦੀ ਗੱਲਬਾਤ ਸ਼ੁਰੂ ਹੋਈ। ਇੱਕ ਸਮਝੌਤਾ 5 ਮਾਰਚ 1931 ਨੂੰ ਕੀਤਾ ਗਿਆ ਜਿਸ ਦੇ ਮੁਤਾਬਕ ਅਹਿੰਸਕ ਸੰਘਰਸ਼ ਕਰਨ ਲਈ ਜੇਲ੍ਹ 'ਚ ਬੰਦ ਲੋਕਾਂ ਨੂੰ ਛੱਡਣ ਦੀ ਗੱਲਬਾਤ ਤੈਅ ਹੋਈ। ਫਿਰ ਵੀ ਰਾਜਨੀਤਕ ਹੱਤਿਆ ਦੇ ਮਾਮਲੇ 'ਚ ਫਾਂਸੀ ਦਾ ਸਾਹਮਣਾ ਕਰ ਰਹੇ ਭਗਤ ਸਿੰਘ ਨੂੰ ਮਾਫ਼ੀ ਨਹੀਂ ਮਿਲੀ। ਸਿਰਫ ਭਗਤ ਸਿੰਘ ਹੀ ਨਹੀਂ ਸਗੋਂ ਅਜਿਹੇ ਮਾਮਲਿਆਂ 'ਚ ਸਜ਼ਾਯਾਫ਼ਤਾ ਕਿਸੇ ਵੀ ਕੈਦੀ ਨੂੰ ਰਿਆਇਤ ਨਹੀਂ ਮਿਲੀ। ਇੱਥੋਂ ਹੀ ਵਿਵਾਦ ਨੇ ਜਨਮ ਲੈ ਲਿਆ।

**ਗਾਂਧੀ, ਵਾਪਸ ਜਾਓ'**

ਇਸੇ ਦੌਰਾਨ ਇਹ ਸਵਾਲ ਚੁੱਕੇ ਜਾਂ ਲੱਗੇ ਕਿ ਜਦੋਂ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ, ਉਸ ਵੇਲੇ ਅੰਗਰੇਜ਼ਾਂ ਨਾਲ ਸਮਝੌਤਾ ਕਿਵੇਂ ਕੀਤਾ ਜਾ ਸਕਦਾ ਹੈ। ਇਸ ਮਸਲੇ ਨਾਲ ਜੁੜੇ ਸਵਾਲਾਂ ਦੇ ਪਰਚੇ ਬਣਾ ਕੇ ਦੇਸ਼ ਦੇ ਕਈ ਹਿੱਸਿਆਂ ਵਿੱਚ ਵੰਡੇ ਗਏ। ਖੱਬੇ ਪੱਖੀ ਇਸ ਸਮਝੌਤੇ ਤੋਂ ਨਾਰਾਜ਼ ਸਨ ਅਤੇ ਉਹ ਜਨਤਕ ਸਭਾਵਾਂ ਵਿੱਚ ਵੀ ਗਾਂਧੀ ਦੇ ਖਿਲਾਫ ਪ੍ਰਦਰਸ਼ਨ ਕਰਨ ਲੱਗੇ। ਇਸ ਰੌਲੇ ਦੌਰਾਨ ਹੀ 23 ਮਾਰਚ 1931 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਇਸ ਦੇ ਬਾਅਦ ਤਾਂ ਲੋਕਾਂ 'ਚ ਗੁੱਸੇ ਦੀ ਲਹਿਰ ਖੜ੍ਹੀ ਹੋ ਗਈ ਪਰ ਇਹ ਸਿਰਫ ਅੰਗਰੇਜ਼ਾਂ ਦੇ ਖਿਲਾਫ ਹੀ ਨਹੀਂ ਸੀ, ਸਗੋਂ ਗਾਂਧੀ ਦੇ ਖਿਲਾਫ ਵੀ ਸੀ, ਕਿਉਂਕਿ ਉਨ੍ਹਾਂ ਨੇ ਇਹ ਮੰਗ ਨਹੀਂ ਸੀ ਰੱਖੀ ਕਿ 'ਭਗਤ ਸਿੰਘ ਦੀ ਫਾਂਸੀ-ਮਾਫੀ ਨਹੀਂ ਤਾਂ ਸਮਝੌਤਾ ਨਹੀਂ'। ਫਾਂਸੀ ਦੇ ਤਿੰਨ ਦਿਨਾਂ ਬਾਅਦ ਹੀ ਕਾਂਗਰਸ ਦਾ ਸੰਮੇਲਨ ਸ਼ੁਰੂ ਹੋਇਆ, ਜਿਸ ਵਿੱਚ ਪਹਿਲੀ ਤੇ ਆਖ਼ਰੀ ਵਾਰ ਸਰਦਾਰ ਵੱਲਭ ਭਾਈ ਪਟੇਲ ਕਾਂਗਰਸ ਦੇ ਪ੍ਰਧਾਨ ਬਣੇ। ਇੱਕ ਦਿਨ ਪਹਿਲਾਂ, 25 ਮਾਰਚ ਨੂੰ ਜਦੋਂ ਗਾਂਧੀ ਇਸ ਸੰਮੇਲਨ ਲਈ ਕਰਾਚੀ ਪੁੱਜੇ ਤਾਂ ਉਨ੍ਹਾਂ ਦਾ ਸੁਆਗਤ ਮੁਜ਼ਾਹਰਿਆਂ ਨਾਲ ਹੋਇਆ, ਉਨ੍ਹਾਂ ਨੂੰ ਕਾਲੇ ਕੱਪੜੇ ਦੇ ਫੁੱਲ ਦਿੱਤੇ ਗਏ ਅਤੇ ਨਾਅਰੇ ਲੱਗੇ, "ਗਾਂਧੀ ਮੁਰਦਾਬਾਦ, ਗਾਂਧੀ ਗੋ ਬੈਕ, ਗਾਂਧੀ ਵਾਪਸ ਜਾਓ।" ਇਸ ਵਿਰੋਧ ਨੂੰ ਗਾਂਧੀ ਨੇ "ਦੁੱਖ 'ਚੋਂ ਉੱਠਣ ਵਾਲਾ ਗੁੱਸਾ" ਅਤੇ "ਹਲਕਾ ਪ੍ਰਦਰਸ਼ਨ" ਆਖਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ "ਬਹੁਤ ਗੌਰਵ ਭਰੀ ਸ਼ੈਲੀ" 'ਚ ਆਪਣਾ ਗੁੱਸਾ ਜ਼ਾਹਿਰ ਕੀਤਾ। ਇੱਕ ਅਖ਼ਬਾਰ ਦੀ ਰਿਪੋਰਟ ਮੁਤਾਬਕ 25 ਮਾਰਚ ਦੁਪਹਿਰੇ ਕਈ ਲੋਕ ਗਾਂਧੀ ਦੀ ਰਿਹਾਇਸ਼ 'ਤੇ ਪਹੁੰਚ ਗਏ ਅਤੇ ਨਾਅਰੇ ਲਾਉਣ ਲੱਗੇ, "ਕਿੱਥੇ ਹੈ ਖ਼ੂਨੀ ?" ਉਨ੍ਹਾਂ ਨੂੰ ਜਵਾਹਰ ਲਾਲ ਨਹਿਰੂ ਮਿਲੇ, ਜੋ ਉਨ੍ਹਾਂ ਨੂੰ ਇੱਕ ਤੰਬੂ ਵਿੱਚ ਲੈ ਗਏ। ਨਹਿਰੂ ਨੇ ਤਿੰਨ ਘੰਟੇ ਗੱਲਬਾਤ ਕਰਕੇ ਇਨ੍ਹਾਂ ਲੋਕਾਂ ਨੂੰ ਸਮਝਾਇਆ ਪਰ ਇਹ ਸ਼ਾਮ ਨੂੰ ਮੁੜ ਵਿਰੋਧ ਕਰਨ ਪਹੁੰਚ ਗਏ। ਕਾਂਗਰਸ ਦੇ ਅੰਦਰ ਵੀ ਸੁਭਾਸ਼ ਚੰਦਰ ਬੋਸ ਸਮੇਤ ਕਈ ਲੋਕਾਂ ਨੇ ਗਾਂਧੀ-ਇਰਵਿਨ ਸਮਝੌਤੇ ਦਾ ਵਿਰੋਧ ਕੀਤਾ। ਇਹ ਲੋਕ ਵੀ ਮੰਨਦੇ ਸਨ ਕਿ ਸਮਝੌਤੇ ਤਹਿਤ ਭਗਤ ਸਿੰਘ ਦੀ ਸਜ਼ਾ ਮਾਫ ਹੋਣੀ ਚਾਹੀਦੀ ਸੀ। ਫਿਰ ਵੀ ਕਾਂਗਰਸ ਵਰਕਿੰਗ ਕਮੇਟੀ ਪੂਰੀ ਤਰ੍ਹਾਂ ਗਾਂਧੀ ਦੇ ਸਮਰਥਨ ਵਿੱਚ ਸੀ।

**'ਜੇ ਮੈਨੂੰ ਭਗਤ ਸਿੰਘ ਮਿਲਦੇ'**

ਗਾਂਧੀ ਨੇ ਇਸ ਮੁੱਦੇ ਉੱਪਰ ਕਈ ਵਾਰ ਟਿੱਪਣੀਆਂ ਕੀਤੀਆਂ ਅਤੇ ਇੱਕ ਵਾਰ ਕਿਹਾ, "ਭਗਤ ਸਿੰਘ ਦੀ ਬਹਾਦਰੀ ਲਈ ਸਾਡੇ ਮਨ 'ਚ ਇੱਜ਼ਤ ਉੱਭਰਦੀ ਹੈ। ਲੇਕਿਨ ਮੈਨੂੰ ਅਜਿਹਾ ਤਰੀਕਾ ਚਾਹੀਦਾ ਹੈ, ਜਿਸ 'ਚ ਖੁਦ ਦਾ ਬਲੀਦਾਨ ਕਰਨ ਵੇਲੇ ਹੋਰਾਂ ਨੂੰ ਨੁਕਸਾਨ ਨਾ ਹੋਵੇ।" ਉਨ੍ਹਾਂ ਨੇ ਸਫਾਈ ਪੇਸ਼ ਕੀਤੀ, "ਸਮਝੌਤੇ ਦੀਆਂ ਸ਼ਰਤਾਂ 'ਚ ਫਾਂਸੀ ਰੋਕਣਾ ਸ਼ਾਮਲ ਨਹੀਂ ਸੀ। ਇਸ ਲਈ ਇਸ ਤੋਂ ਪਿੱਛੇ ਹਟਣਾ ਠੀਕ ਨਹੀਂ।" ਗਾਂਧੀ ਨੇ ਆਪਣੀ ਕਿਤਾਬ 'ਹਿੰਦ ਸਵਰਾਜ' ਵਿੱਚ ਲਿਖਿਆ: "ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਹੁੰਦਾ ਤਾਂ ਮੈਂ ਉਨ੍ਹਾਂ ਨੂੰ ਕਹਿੰਦਾ ਕਿ ਉਨ੍ਹਾਂ ਦਾ ਰਸਤਾ ਅਸਫ਼ਲ ਹੈ। ਰੱਬ ਨੂੰ ਹਾਜ਼ਰ-ਨਾਜ਼ਰ ਮੰਨ ਕੇ ਮੈਂ ਇਹ ਸੱਚ ਦੱਸਣਾ ਚਾਹੁੰਦਾ ਹਾਂ ਕਿ ਹਿੰਸਾ ਰਾਹੀਂ ਸਵਰਾਜ ਨਹੀਂ ਮਿਲ ਸਕਦਾ। ਸਿਰਫ ਮੁਸ਼ਕਲਾਂ ਮਿਲ ਸਕਦੀਆਂ ਹਨ। "ਮੈਂ ਜਿੰਨੇ ਤਰੀਕਿਆਂ ਨਾਲ ਵਾਇਸਰਾਏ ਨੂੰ ਸਮਝ ਸਕਦਾ ਸੀ, ਮੈਂ ਕੋਸ਼ਿਸ਼ ਕੀਤੀ। ਮੇਰੇ ਕੋਲ ਸਮਝਾਉਣ ਦੀ ਜਿੰਨੀ ਸ਼ਕਤੀ ਸੀ, ਮੈਂ ਪੂਰੀ ਵਰਤੀ। 23 ਮਾਰਚ ਸਵੇਰੇ ਮੈਂ ਵਾਇਸਰਾਏ ਨੂੰ ਇੱਕ ਨਿੱਜੀ ਚਿਠੀ ਲਿਖੀ, ਜਿਸ ਵਿੱਚ ਮੈਂ ਆਪਣੀ ਪੂਰੀ ਆਤਮਾ ਪਾ ਦਿੱਤੀ। "ਭਗਤ ਸਿੰਘ ਅਹਿੰਸਾ ਦੇ ਪੁਜਾਰੀ ਨਹੀਂ ਸਨ ਪਰ ਹਿੰਸਾ ਨੂੰ ਧਰਮ ਨਹੀਂ ਮੰਨਦੇ ਸਨ। ਇਨ੍ਹਾਂ ਵੀਰਾਂ ਨੇ ਮੌਤ ਦੇ ਡਰ ਉੱਤੇ ਵੀ ਜਿੱਤ ਪ੍ਰਾਪਤ ਕਰ ਲਈ। ਇਨ੍ਹਾਂ ਦੀ ਵੀਰਤਾ ਅੱਗੇ ਸਿਰ ਝੁਕਾਉਂਦੇ ਹਾਂ। ਪਰ ਇਨ੍ਹਾਂ ਦੇ ਕੀਤੇ ਕੰਮ ਨੂੰ ਦੁਬਾਰਾ ਨਹੀਂ ਕਰਨਾ ਚਾਹੀਦਾ। ਇਨ੍ਹਾਂ ਦੇ ਇਸ ਕਾਰੇ ਨਾਲ ਦੇਸ਼ ਨੂੰ ਕੋਈ ਫਾਇਦਾ ਹੋਇਆ ਹੋਵੇ, ਮੈਂ ਇਹ ਨਹੀਂ ਮੰਨਦਾ। ਖ਼ੂਨ ਕਰ ਕੇ ਸ਼ੋਹਰਤ ਹਾਸਲ ਕਰਨ ਦੀ ਰਵਾਇਤ ਚੱਲ ਪਈ ਤਾਂ ਲੋਕ ਇੱਕ ਦੂਜੇ ਦੇ ਕਤਲ ਵਿੱਚ ਹੀ ਨਿਆਂ ਲੱਭਣ ਲੱਗਣਗੇ।"

**ਸ਼ਬਦਾਂ ਦੇ ਮਾਅਨੇ** ਖੋਜਕਾਰਾਂ ਨੂੰ ਅਜਿਹੇ ਸਬੂਤ ਨਹੀਂ ਮਿਲੇ ਜੋ ਦੱਸਣ ਕਿ ਗਾਂਧੀ ਨੇ ਭਗਤ ਸਿੰਘ ਦੀ ਫਾਂਸੀ ਰੋਕਣ ਲਈ ਵਾਇਸਰਾਇ ਉੱਪਰ ਪੂਰੀ ਤਰ੍ਹਾਂ ਦਬਾਅ ਬਣਾਇਆ ਹੋਵੇ। ਇਹ ਜ਼ਰੂਰ ਹੈ ਕਿ ਫਾਂਸੀ ਵਾਲੇ ਦਿਨ ਤੜਕੇ ਉਨ੍ਹਾਂ ਨੇ ਇੱਕ ਭਾਵਨਾਤਮਕ ਚਿੱਠੀ ਵਾਇਸਰਾਏ ਨੂੰ ਲਿਖੀ ਸੀ ਪਰ ਉਦੋਂ ਦੇਰ ਹੋ ਚੁੱਕੀ ਸੀ। ਇਸ ਵਿਸ਼ੇ ਉੱਪਰ ਮੌਜੂਦ ਰਿਸਰਚ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਫਾਂਸੀ ਦੇ ਦਿਨ ਤੋਂ ਪਹਿਲਾਂ ਵਾਇਸਰਾਇ ਨਾਲ ਚਰਚਾ ਵਿੱਚ ਗਾਂਧੀ ਨੇ ਭਗਤ ਸਿੰਘ ਦੀ ਫਾਂਸੀ ਨੂੰ ਗੈਰ-ਜ਼ਰੂਰੀ ਮੰਨਿਆ ਸੀ। ਇਸੇ ਲਈ ਬਾਅਦ 'ਚ ਗਾਂਧੀ ਵੱਲੋਂ ਆਪਣੀ ਪੂਰੀ ਤਾਕਤ ਲਗਾਉਣ ਦਾ ਦਾਅਵਾ ਸਹੀ ਨਹੀਂ ਜਾਪਦਾ। ਆਪਣੇ ਖਿਲਾਫ਼ ਵਿਰੋਧ ਨੂੰ ਵੇਖਦਿਆਂ ਗਾਂਧੀ ਨੇ ਸਾਰੀ ਨਿੰਦਾ ਨੂੰ ਆਪਣੇ ਉੱਪਰ ਲੈ ਕੇ ਆਪਣੇ ਵਿਚਾਰ ਲੋਕਾਂ ਸਾਹਮਣੇ ਰੱਖੇ। ਭਗਤ ਸਿੰਘ ਦੀ ਬਹਾਦਰੀ ਦਾ ਸਨਮਾਨ ਕਰਦੇ ਹੋਏ ਉਨ੍ਹਾਂ ਦੇ ਰਾਹ ਦਾ ਸਾਫ ਸ਼ਬਦਾਂ ਵਿੱਚ ਵਿਰੋਧ ਕੀਤਾ ਅਤੇ ਇਸ ਨੂੰ ਗੈਰ-ਕਾਨੂੰਨੀ ਆਖਿਆ। ਇੱਕ ਨੇਤਾ ਵਜੋਂ ਇਸ ਮੁੱਦੇ ਉੱਪਰ ਗਾਂਧੀ ਦੀ ਨੈਤਿਕ ਹਿੰਮਤ ਯਾਦ ਰੱਖਣ ਯੋਗ ਹੈ। ਇਸ ਪੂਰੇ ਮੁੱਦੇ 'ਤੇ ਗਾਂਧੀ ਦੇ ਵਰਤਾਰੇ ਨੂੰ ਧਿਆਨ ਨਾਲ ਵੇਖਿਆ ਜਾਵੇ ਤਾਂ ਉਨ੍ਹਾਂ ਦਾ ਪੱਖ ਵੀ ਸਮਝ ਆਉਂਦਾ ਹੈ। ਭਗਤ ਸਿੰਘ ਖੁਦ ਆਪਣੀ ਸਜ਼ਾ ਮਾਫੀ ਦੀ ਅਰਜ਼ੀ ਦੇਣ ਲਈ ਤਿਆਰ ਨਹੀਂ ਸਨ। ਜਦੋਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਲਈ ਅਰਜ਼ੀ ਲਾਈ ਤਾਂ ਉਨ੍ਹਾਂ ਨੇ ਕੌੜੇ ਸ਼ਬਦਾਂ ਭਰੀ ਚਿੱਠੀ ਲਿਖ ਕੇ ਇਸ ਦਾ ਜਵਾਬ ਦਿੱਤਾ ਸੀ।

**ਨਿੰਦਿਆ ਕਿਸਨੂੰ ਜਾਵੇ ?**

ਭਗਤ ਸਿੰਘ ਦੀ ਸਜ਼ਾ ਦੇ ਮੁੱਦੇ ਉੱਪਰ ਗਾਂਧੀ ਨੂੰ ਕਿਉਂ ਨਿੰਦਿਆ ਜਾਂਦਾ ਹੈ ? ਕੀ ਇਸ ਦੀ ਵਜ੍ਹਾ ਭਗਤ ਸਿੰਘ ਲਈ ਪਿਆਰ ਹੈ ਜਾਂ ਗਾਂਧੀ ਦੇ ਖਿਲਾਫ ਉਂਝ ਹੀ ਗੁੱਸਾ ? ਭਗਤ ਸਿੰਘ ਦੇ ਨਾਂ ਵਰਤ ਕੇ ਗਾਂਧੀ ਦਾ ਵਿਰੋਧ ਕਰਨ ਵਾਲੇ ਆਪਣੀਆਂ ਰੋਟੀਆਂ ਤਾਂ ਨਹੀਂ ਸੇਕ ਰਹੇ ? ਇਸ ਦੇ ਉਲਟ ਨਾਅਰੇਬਾਜ਼ੀ ਕਰਨ ਵਾਲੇ ਭਗਤ ਸਿੰਘ ਨੂੰ ਖੱਬੇਪੱਖੀ, ਨਾਸਤਿਕ, ਬੁੱਧੀਜੀਵੀ, ਫਿਰਕੂਵਾਦ ਦਾ ਵਿਰੋਧੀ ਦੱਸਦੇ ਹਨ। ਜਦੋਂ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਬੰਬ ਸੁੱਟਿਆ, ਉਸ ਵੇਲੇ ਲੇਖਕ ਖੁਸ਼ਵੰਤ ਸਿੰਘ ਦੇ ਪਿਤਾ ਸੋਭਾ ਸਿੰਘ ਉੱਥੇ ਮੌਜੂਦ ਸਨ। ਉਨ੍ਹਾਂ ਨੇ ਅਦਾਲਤ 'ਚ ਭਗਤ ਸਿੰਘ ਦੀ ਪਛਾਣ ਕੀਤੀ ਸੀ। ਬਾਅਦ ਵਿੱਚ ਖੁਸ਼ਵੰਤ ਸਿੰਘ ਦੀ ਨਿਖੇਧੀ ਲਈ ਕੁਝ ਫ਼ਿਰਕੂਵਾਦੀਆਂ ਨੇ ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਗਵਾਹੀ ਕਰਕੇ ਹੀ ਭਗਤ ਸਿੰਘ ਨੂੰ ਫਾਂਸੀ ਹੋਈ ਸੀ।ਅਸਲ ਵਿੱਚ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਲਈ ਨਹੀਂ ਬਲਕਿ ਸਾਂਡਰਸ ਦੀ ਹੱਤਿਆ ਦੇ ਮਾਮਲੇ ਵਿੱਚ ਫਾਂਸੀ ਸੁਣਾਈ ਗਈ ਸੀ। ਇਸ ਨਾਲ ਸੋਭਾ ਸਿੰਘ ਦਾ ਕੋਈ ਵਾਸਤਾ ਨਹੀਂ ਸੀ। ਵੱਡੀ ਗੱਲ ਇਹ ਵੀ ਹੈ ਕਿ ਭਗਤ ਸਿੰਘ ਦੀ ਫਾਂਸੀ ਪਿੱਛੇ ਉਨ੍ਹਾਂ ਦੇ ਕੁਝ ਸਾਥੀ ਵੀ ਸਨ, ਜੋ ਕਿ ਸਰਕਾਰੀ ਗਵਾਹ ਬਣ ਗਏ ਸਨ। ਇਨ੍ਹਾਂ ਵਿੱਚ ਹੀ ਸ਼ਾਮਲ ਸਨ, ਜਯ ਗੋਪਾਲ ਜਿਨ੍ਹਾਂ ਦੀ ਗਲਤੀ ਕਰਕੇ ਹੀ ਸਕਾਟ ਦੀ ਥਾਂ ਸਾਂਡਰਸ ਦੀ ਹੱਤਿਆ ਹੋਈ ਸੀ। ਕਈ ਸਾਲਾਂ ਤੋਂ ਭਗਤ ਸਿੰਘ ਨੂੰ ਹੋਈ ਫਾਂਸੀ ਦੇ ਨਾਂ 'ਤੇ ਗਾਂਧੀ (ਜਾਂ ਸੋਭਾ ਸਿੰਘ) ਨੂੰ ਨਿੰਦਿਆ ਜਾਂਦਾ ਰਿਹਾ ਹੈ ਪਰ ਭਗਤ ਸਿੰਘ ਦੇ ਇਨ੍ਹਾਂ ਸਾਥੀਆਂ ਦੀ ਕੋਈ ਗੱਲ ਹੀ ਨਹੀਂ ਹੁੰਦੀ। ਕਿਉਂਕਿ ਉਸ ਦਾ ਕੋਈ ਰਾਜਨੀਤਿਕ ਲਾਭ ਨਹੀਂ ਮਿਲਦਾ।

# ਆਰ ਐਸ ਐਸ ਦੀ ਨਵੀਂ ਸਿਆਸਤ ਅਤੇ 2019 ਦੀਆਂ ਚੋਣਾਂ

ਪਿਛਲੇ ਹਫਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਤਿੰਨ ਦਿਨਾਂ ਪ੍ਰੋਗਰਾਮ ਵਿੱਚ ਆਰ ਐਸ ਐਸ ਦੇ ਸਰਸੰਘ ਚਾਲਕ ਮੋਹਨ ਭਾਗਵਤ ਨੇ ਬਹੁਤ ਕੁਝ ਅਜਿਹਾ ਕਿਹਾ, ਜਿਸ ਤੋਂ ਜਾਪਦਾ ਹੈ ਕਿ ਸੰਘ ਵਿੱਚ ਤਬਦੀਲੀ ਆ ਰਹੀ ਹੈ ਅਤੇ ਉਹ ਆਪਣੀਆਂ ਮੂਲ ਧਾਰਨਾਵਾਂ ਵਿੱਚ ਪਰਿਵਰਤਨ ਕਰ ਰਿਹਾ ਹੈ। ਉਹ ਮੁਸਲਮਾਨਾਂ, ਇਸਾਈਆਂ, ਘੱਟ ਗਿਣਤੀਆਂ, ਮੂਲ ਵਾਸੀਆਂ ਤੇ ਖੱਬੇ ਪੱਖੀਆਂ ਨਾਲ ਨਫਰਤ ਨਹੀਂ ਕਰਦਾ। ਉਹ ਸਭ ਨੂੰ ਨਾਲ ਲੈ ਕੇ ਚੱਲਣਾ ਚਾਹੁੰਦਾ ਹੈ।

ਸੁਆਲ ਇਹ ਹੈ ਕਿ ਮੋਹਨ ਭਾਗਵਤ ਨੂੰ ਇਹ ਸਭ ਕੁਝ ਕਹਿਣ ਦੀ ਲੋੜ ਕਿਉਂ ਪਈ ? ਸੰਘ ਦੀਆਂ ਧਾਰਨਾਵਾਂ ਉਤੇ ਸਾਨੂੰ ਵਿਸ਼ਵਾਸ ਕਿਉਂ ਨਹੀਂ ਹੋ ਰਿਹਾ ? ਅਸਲ ਵਿੱਚ ਆਰ ਐਸ ਐਸ ਦਾ ਆਧਾਰ ਹਿੰਦੂ ਰਾਸ਼ਟਰਵਾਦ ਹੈ। ਇਹ ਅੱਜ ਦਾ ਨਹੀਂ, ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦਾ ਹੈ। ਹਿੰਦੂ ਮਹਾਂਸਭਾ ਦੇ ਮੁਖੀ ਮੁੰਜੇ, ਆਰ ਐਸ ਐਸ ਦੇ ਸਰਸੰਘ ਚਾਲਕ ਸਾਵਰਕਰ, ਗੁਰੂ ਗੋਲਵਲਕਰ ਇਹੋ ਕੁਝ ਕਹਿੰਦੇ ਸਨ। ਸੰਘ ਪਰਵਾਰ ਮੁਸਲਮਾਨਾਂ ਨੂੰ ਹਮਦਰਦੀ ਦਿਖਾਉਣ ਲੱਗ ਜਾਵੇ ਤਾਂ ਹਰ ਕਿਸੇ ਦੇ ਮਨ ਵਿੱਚ ਸ਼ੱਕ ਹੋਵੇਗਾ ? ਰਾਜਨੀਤਕ ਮਾਹਰ ਇਹ ਗੱਲ ਪ੍ਰਵਾਨ ਕਰਦੇ ਹਨ ਕਿ ਆਰ ਐਸ ਐਸ ਵਿੱਚ ਆਈ ਤਬਦੀਲੀ ਦਾ ਕਾਰਨ 2019 ਦੀਆਂ ਚੋਣਾਂ ਹਨ। ਮੌਜੂਦਾ ਦੌਰ ਵਿੱਚ ਮੋਦੀ ਤੇ ਭਾਜਪਾ ਦਾ ਅਕਸ ਡਿੱਗ ਰਿਹਾ ਹੈ। ਭੀੜ ਦੀ ਹਿੰਸਾ ਉਨ੍ਹਾਂ ਦੇ ਲੋਕ ਆਧਾਰ ਨੂੰ ਖੋਰਾ ਲਾ ਰਹੀ ਹੈ। ਮੋਦੀ ਅੱਜ ਉਸ ਤਰ੍ਹਾਂ ਲੋਕ ਨਾਇਕ ਵਜੋਂ ਨਹੀਂ ਜਾਣੇ ਜਾਂਦੇ, ਜਿਵੇਂ ਉਹ 2014 ਦੀਆਂ ਚੋਣਾਂ ਦੌਰਾਨ ਉਭਰੇ ਸਨ। ਪਿਛਲੇ ਸਵਾ ਚਾਰ ਸਾਲਾਂ ਵਿੱਚ ਮੁਸਲਮਾਨਾਂ ਨਾਲ ਜਿਹੋ ਜਿਹਾ ਵਿਹਾਰ ਹੋਇਆ ਹੈ, ਉਹ ਦੋਇਮ ਦਰਜੇ ਵਾਲਾ ਸੀ। ਸੰਘ ਨੂੰ ਅਤੇ ਮੋਦੀ ਨੂੰ ਮੁਸਲਮਾਨਾਂ ਦੀ ਚਿੰਤਾ ਨਹੀਂ। ਦੇਸ਼ ਵਾਸੀਆਂ ਦਾ ਇਕ ਵੱਡਾ ਹਿੱਸਾ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧੀ ਹੈ, ਜੋ ਭੀੜ ਦੀ ਹਿੰਸਾ ਨੂੰ ਕੰਟਰੋਲ ਨਹੀਂ ਕਰ ਸਕੇ, ਉਹ ਘੱਟ ਗਿਣਤੀਆਂ ਉਤੇ ਹੋ ਰਹੇ ਹਮਲਿਆਂ ਤੋਂ ਬਹੁਤ ਨਾਰਾਜ਼ ਹਨ। ਇਹ ਨਾਰਾਜ਼ਗੀ ਸੱਤਾਧਾਰੀ ਸਰਕਾਰ ਨੂੰ ਮਹਿੰਗੀ ਪੈ ਸਕਦੀ ਹੈ। ਇਹੀ ਕਾਰਨ ਹੈ ਕਿ ਭਾਗਵਤ ਆਪਣੇ ਭਾਸ਼ਣ ਰਾਹੀਂ ਹਿੰਦੂਆਂ ਦੇ ਇਸ ਵੱਡੇ ਗਰੁੱਪ ਨੂੰ ਇਹ ਸੁਨੇਹਾ ਦੇ ਰਹੇ ਹਨ ਕਿ ਜੋ ਪਿੱਛੇ ਵਾਪਰ ਗਿਆ, ਉਹ ਅੱਗੋਂ ਨਹੀਂ ਵਾਪਰੇਗਾ। ਅਸਲ ਵਿੱਚ ਇਹ ਚੋਣ ਰਾਜਨੀਤੀ ਹੈ। ਸੰਘ ਜਾਣਦਾ ਹੈ ਕਿ ਜੋ ਪਿਛਲੇ ਚਾਰ ਸਾਲਾਂ ਵਿੱਚ ਰਾਜਨੀਤਕ ਲਾਭ ਮਿਲਿਆ, ਉਹ ਅੱਗੋਂ ਮਿੱਟੀ ਵਿੱਚ ਮਿਲ ਸਕਦਾ ਹੈ। ਇਸ ਲਈ ਉਨ੍ਹਾਂ ਨੇ ਆਪਣਾ ਪੈਂਤੜਾ ਬਦਲ ਲਿਆ ਹੈ।

ਭਾਗਵਤ ਨੇ ਕਿਹਾ ਕਿ ਹਿੰਦੂਵਾਦ ਗਲਤ ਸ਼ਬਦ ਹੈ, ਸੱਚ ਦੀ ਲਗਾਤਾਰ ਖੋਜ ਦਾ ਨਾਮ ਹਿੰਦੂਤਵ ਹੈ। ਹਿੰਦੂਤਵ ਹੀ ਹੈ, ਜੋ ਸਾਰਿਆਂ ਨਾਲ ਤਾਲਮੇਲ ਦਾ ਆਧਾਰ ਹੋ ਸਕਦਾ ਹੈ। ਭਾਰਤ ਵਿੱਚ ਰਹਿਣ ਵਾਲੇ ਲੋਕ ਹਿੰਦੂ ਹੀ ਹਨ। ਸੰਘ ਮੁਖੀ ਦਾ ਕਹਿਣਾ ਸੀ ਕਿ ਗਊ ਰੱਖਿਆ ਨਾਲ ਜੁੜੇ ਲੋਕਾਂ ਨੂੰ 'ਮੌਬ ਲਿੰਚਿੰਗ ? ਨਾਲ ਜੋੜਨਾ ਠੀਕ ਨਹੀਂ। ਕਿਸੇ ਪੱਖ ?ਤੇ ਹਿੰਸਾ ਕਰਨਾ ਅਪਰਾਧ ਹੈ ਤੇ ਉਸ ਉੱਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਪਰ ਗਾਂ ਰਵਾਇਤੀ ਸ਼ਰਧਾ ਦਾ ਵਿਸ਼ਾ ਹੈ। ਭਾਗਵਤ ਨੇ ਇਹ ਵੀ ਕਿਹਾ ਕਿ ਮੁਸਲਮਾਨਾਂ ਵਿਰੁੱਧ ਨਫਰਤ ਫੈਲਾਉਣਾ ਹਿੰਦੂਤਵ ਨਹੀਂ ਹੈ।

ਆਰ ਐਸ ਐਸ ਦੇ ਪ੍ਰਮੁੱਖ ਫਿਲਾਸਫਰ ਤੇ ਸਰਸੰਘ ਚਾਲਕ ਐਮ ਐਸ ਗੋਲਵਲਕਰ ਆਪਣੀ ਪੁਸਤਕ 'ਵੀ ਆਰ ਨੇਸ਼ਨਹੁੱਡ ਡਿਫਾਈਂਡ ? ਵਿੱਚ ਲਿਖਦੇ ਹਨ 'ਹਿੰਦੂ ਰਾਸ਼ਟਰ ਅਜੇ ਜੇਤੂ ਨਹੀਂ ਹੋਇਆ। ਲੜਾਈ ਜਾਰੀ ਹੈ, ਉਹ ਅਸ਼ੁੱਭ ਦਿਨ ਜਦੋਂ ਮੁਸਲਮਾਨਾਂ ਨੇ ਹਿੰਦੋਸਤਾਨ ਦੀ ਜ਼ਮੀਨ ?ਤੇ ਆਪਣੇ ਪੈਰ ਧਰੇ, ਉਦੋਂ ਤੋਂ ਅੱਜ ਤੱਕ ਇਨ੍ਹਾਂ ਨੂੰ ਲਤਾੜਨ ਲਈ ਹਿੰਦੂ ਰਾਸ਼ਟਰ ਬਹਾਦਰੀ ਨਾਲ ਲੜ ਰਿਹਾ ਹੈ। ਇਸ ਲਈ ਜੰਗ ਜਾਰੀ ਹੈ।' ਗੋਲਵਲਕਰ ਨੇ ਆਪਣੀ ਪੁਸਤਕ 'ਬੰਚ ਆਫ ਥਾਟਸ ? ਵਿੱਚ ਕਿਹਾ ਹੈ ਕਿ 'ਮੁਸਲਮਾਨ ਇਸ ਦੇਸ਼ ਦੇ ਦੁਸ਼ਮਣ ਹਨ, ਇਨ੍ਹਾਂ ਦੇ ਤਾਰ ਪਾਕਿ ਨਾਲ ਜੁੜੇ ਰਹਿੰਦੇ ਹਨ, ਉਹ ਕਈ ਹੋਰ ਪਾਕਿਸਤਾਨ ਬਣਾਉਣ ਵਿੱਚ ਜੁਟੇ ਹੋਏ ਹਨ। ? ਭਾਗਵਤ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਉਹ ਇਸ ਬਾਰੇ ਕੀ ਕਹਿਣਾ ਚਾਹੁੰਦੇ ਹਨ ? ਪਿਛਲੇ ਸਵਾ ਚਾਰ ਸਾਲਾਂ ਵਿੱਚ ਸਾਜ਼ਿਸ਼ੀ ਢੰਗ ਨਾਲ ਮੁਸਲਮਾਨਾਂ ਨੂੰ ਹਰ ਤਰ੍ਹਾਂ ਦੇਸ਼ਧ੍ਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਾਗਵਤ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਗੁਰੂ ਗੋਲਵਲਕਰ ਦਾ ਵਿਚਾਰ ਰੱਦ ਕਰ ਦਿੱਤਾ ਹੈ ਜਾਂ ਨਹੀਂ ? ਦਰਅਸਲ ਇਹ ਸਾਰਾ ਮਾਮਲਾ 2019 ਦੀਆਂ ਚੋਣਾਂ ਦਾ ਹੈ, ਜਿਸ ਤਹਿਤ ਭਾਜਪਾ ਅਤੇ ਆਰ ਐਸ ਐਸ ਆਪਣੀ ਰਣਨੀਤੀ ਅਤੇ ਚੋਣ ਤਿਆਰੀ ਕਰ ਰਹੇ ਹਨ। ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਨੇ ਆਪਣੇ ਚੋਣ ਵਾਅਦਿਆਂ ਮੁਤਾਬਕ ਕੋਈ ਸਫਲਤਾ ਹਾਸਲ ਨਹੀਂ ਕੀਤੀ। ਇਸ ਦੌਰਾਨ ਧਰਮ ਦੇ ਨਾਮ ?ਤੇ ਹਿੰਸਕ ਭੀੜ ਨੂੰ ਖ਼ੂਬ ਭੜਕਾਇਆ ਹੈ। ਇਸ ਤਹਿਤ ਦਲਿਤਾਂ ਤੇ ਮੁਸਲਮਾਨਾਂ ਉਤੇ ਹਮਲੇ ਹੋਏ ਹਨ। ਐਸ ਸੀ/ ਐਸ ਟੀ ਬਾਰੇ ਮੂਲ ਵਾਸੀਆਂ ਅਤੇ ਉਚ ਜਾਤਾਂ ਵਿਚਾਲੇ ਤਾਕਤ ਪ੍ਰਦਰਸ਼ਨ ਦੀ ਰਣਨੀਤੀ ਖੇਡੀ ਜਾਂਦੀ ਰਹੀ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿੱਚ ਆਰ ਐਸ ਐਸ ਅਤੇ ਭਾਜਪਾ ਵੱਲੋਂ ਦਖਲ ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ। 2016 ਵਿੱਚ ਸਾਜ਼ਿਸ਼ ਤਹਿਤ ਜੇ ਐਨ ਯੂ ਨੂੰ ਦੇਸ਼ ਧ੍ਰੋਹੀਆਂ ਦਾ ਅੱਡਾ ਐਲਾਨਣ ਦੀ ਕੋਸ਼ਿਸ਼ ਕੀਤੀ ਗਈ। ਕਨ੍ਹੱਈਆ ਕੁਮਾਰ ਤੇ ਉਮਰ ਖਾਲਿਦ ਵਰਗੇ ਵਿਦਿਆਰਥੀਆਂ ਨੂੰ ਦੇਸ਼ ਧ੍ਰੋਹੀ ਤੇ ਦੇਸ਼ ਦੇ ਟੁਕੜੇ ਕਰਨ ਵਾਲੇ ਕਰਾਰ ਦੇ ਦਿੱਤਾ। ਕਨ੍ਹੱਈਆ ਕੁਮਾਰ ਨੂੰ ਜੇਲ੍ਹ ਹੋ ਗਈ। ਦਿਲਚਸਪ ਹੈ ਕਿ 900 ਤੋਂ ਵੱਧ ਦਿਨ ਹੋ ਗਏ ਹਨ, ਅਜੇ ਤੱਕ ਜੇ ਐਨ ਯੂ ਕੇਸ ਵਿੱਚ ਕਨ੍ਹੱਈਆ ਕੁਮਾਰ ਤੇ ਉਮਰ ਖਾਲਿਦ ਦੇ ਖਿਲਾਫ ਚਾਰਜਸ਼ੀਟ ਦਾਖਲ ਨਹੀਂ ਕੀਤੀ ਗਈ। ਸਰਕਾਰ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਖਿਲਾਫ ਪੱਕੇ ਸਬੂਤ ਹਨ। ਫਿਰ ਚਾਰਜਸ਼ੀਟ ਕਿਉਂ ਨਹੀਂ ਦਾਖਲ ਕੀਤੀ ਗਈ ? ਜੇ ਪੱਕੇ ਸਬੂਤ ਨਹੀਂ ਸਨ ਤਾਂ ਇਨ੍ਹਾਂ ਵਿਦਿਆਰਥੀਆਂ ਨੂੰ ਜ਼ਲੀਲ ਕਿਉਂ ਕੀਤਾ ਗਿਆ ? ਮੋਦੀ ਸਰਕਾਰ ਇਕ ਮਜ਼ਬੂਤ ਸਰਕਾਰ ਹੈ। ਇਸ ਦੇ ਬਾਵਜੂਦ ਇਹੋ ਜਿਹੇ ਕਾਂਡ ਵਾਪਰਨੇ ਕੀ ਸੰਦੇਸ਼ ਦਿੰਦੇ ਹਨ ? ਆਖਰ ਇਨ੍ਹਾਂ ਪਿੱਛੇ ਕੌਣ ਹਨ

# ਭਾਰਤ ਦੇ ਉਹ ਡਿਫਾਲਟਰ ਜੋ ਵਿਦੇਸ਼ਾਂ ‘ਚ ਜਿਊਂਦੇ ਹਨ ਅਜਿਹੀ ਲਗਜਰੀ ਲਾਈਫ








ਭਾਰਤ ਦੇ ਹਾਈ ਪ੍ਰੋਫਾਈਲ ਬਿਜਨਸਮੈਨ ਕਰੋੜਾਂ ਦਾ ਕਰਜ ਚੁਕਾਏ ਬਿਨਾਂ ਕੰਟਰੋਵਰਸੀ ਦੇ ਵਿੱਚ ਦੇਸ਼ ਛੱਡਕੇ ਚਲੇ ਗਏ। ਇਸ ਵਿੱਚ ਨਵਾਂ ਨਾਮ ਮੇਹੁਲ ਚੋਕਸੀ ਅਤੇ ਨੀਰਵ ਮੋਦੀ ਦਾ ਜੁੜ ਗਿਆ ਹੈ। ਇਹ ਹਾਈ ਪ੍ਰੋਫਾਇਲ ਡਿਫਾਲਟਰ ਕਾਰੋਬਾਰੀ ਵਿਦੇਸ਼ਾਂ ਵਿੱਚ ਰਹਿਣ ਦੇ ਇਲਾਵਾ ਛੁੱਟੀਆਂ ਗੁਜ਼ਾਰਦੇ , ਘੁੰਮਦੇ ਅਤੇ ਸਪੋਰਟਸ ਈਵੈਂਟਾਂ ਵਿੱਚ ਮਸਤੀ ਕਰਦੇ ਵੀ ਨਜ਼ਰ ਆਉਂਦੇ ਹਨ।

**ਨੀਰਵ ਮੋਦੀ**

ਨੀਰਵ ਮੋਦੀ ਆਪਣੀ ਅਲਟਰਾ ਲਗਜਰੀ ਲਾਈਫ ਲਈ ਮਸ਼ਹੂਰ ਸਨ। ਉਨ੍ਹਾਂ ਦੀ ਪਾਰਟੀ ਵਿੱਚ ਬਾਲੀਵੁਡ ਤੋਂ ਲੈਕੇ ਹਾਲੀਵੁਡ ਐਕਟਰ ਵੀ ਸ਼ਾਮਿਲ ਹੁੰਦੇ ਸਨ। ਮੁੰਬਈ ਛੱਡਣ ਵਲੋਂ 2 ਮਹੀਨੇ ਪਹਿਲਾਂ ਨੀਰਵ ਮੋਦੀ ਨੇ ਇੱਕ ਪਾਰਟੀ ਕੀਤੀ ਸੀ, ਜਿਸ ਵਿੱਚ ਕਾਫੀ ਮਸ਼ਹੂਰ ਹਸਤੀਆਂ ਸ਼ਾਮਿਲ ਸਨ। ਮੁੰਬਈ ਦੇ ਇਲਾਵਾ ਨੀਰਵ ਮੋਦੀ ਨੂੰ ਫ਼ਰਾਂਸ ਅਤੇ ਨਿਊਯਾਰਕ ਸ਼ਹਿਰ ਪੰਸਦ ਹੈ। ਨੀਰਵ ਮੋਦੀ ਨੇ ਸੀ ਬੀ ਆਈ ਦੇ ਰੇਡ ਤੋਂ ਪਹਿਲਾਂ ਹੀ ਭਾਰਤ ਛੱਡ ਦਿੱਤਾ ਸੀ।

**ਵਿਜੈ ਮਾਲਿਆ**

ਵਿਜੈ ਮਾਲਿਆ ਦੇਸ਼ ਛੱਡਣ ਤੋਂ ਬਾਅਦ ਲੰਦਨ ਵਿੱਚ ਹੀ ਰਹਿ ਰਿਹਾ ਹੈ। ਬੈਂਕਾਂ ਦਾ ਕਰੀਬ 9 ਹਜਾਰ ਕਰੋੜ ਰੁਪਏ ਦਾ ਕਰਜ ਚੁਕਾਏ ਬਿਨਾਂ ਵਿਦੇਸ਼ ਭੱਜਿਆ ਵਿਜੈ ਮਾਲਿਆ ਲੰਦਨ ਵਿੱਚ ਰਹਿਣ ਦੇ ਨਾਲ ਛੁੱਟੀਆਂ ਵੀ ਮਨਾ ਰਹਿਆ ਹੈ। ਭਗੌੜਾ ਕਰਾਰ ਦੇਣ ਤੋਂ ਬਾਅਦ ਲੰਦਨ ਵਿੱਚ ਰਹਿ ਰਹੇ ਮਾਲਿਆ ਦੇ ਪਬਲਿਕ ਫੰਕਸ਼ਨਾਂ ਵਿੱਚ ਨਜ਼ਰ ਆਉਣ ਵਿੱਚ ਕੋਈ ਕਮੀ ਨਹੀਂ ਆਈ ਹੈ। ਉਹ ਲੰਦਨ ਵਿੱਚ ਕਈ ਸਪੋਰਟਸ ਈਵੈਂਟਾਂ ਵਿੱਚ ਸ਼ਰਾਬ ਪੀਂਦਾ ਨਜ਼ਰ ਆਇਆ ਹੈ। ਉਹ ਉੱਥੇ ਹੁਣ ਵੀ ਆਪਣੀ ਫੈਮਿਲੀ ਦੇ ਨਾਲ ਰੋਇਲ ਲਾਇਫ ਜੀ ਰਹਿਆ ਹੈ। ਮਾਲਿਆ ਨੇ 9 ਹਜਾਰ ਕਰੋੜ ਦਾ ਕਰਜ, ਬੈਂਕਾਂ ਵਲੋਂ ਆਪਣੀ ਬੰਦ ਪਈ ਕਿੰਗਫਾਈਸ਼ਰ ਏਅਰਲਾਈਨਸ ਲਈ ਲਿਆ ਸੀ।

**ਲਲਿਤ ਮੋਦੀ**

ਆਈ ਪੀ ਐਲ ਦਾ ਸਾਬਕਾ ਕਮਿਸ਼ਨਰ ਸਾਲ 2010 ਵਿੱਚ ਭਾਰਤ ਛੱਡਕੇ ਭੱਜ ਗਇਆ ਸੀ। ਆਈ ਪੀ ਐਲ 2009 ਦੇ ਸੀਜਨ ਵਿੱਚ ਫਾਈਨੈਂਸ਼ਲ ਗੜਬੜੀਆਂ ਦੇ ਆਰੋਪਾਂ ਦੇ ਬਾਅਦ ਉਹ ਲੰਦਨ ਭੱਜ ਗਿਆ ਸੀ। ਹੁਣ ਉਹ ਲੰਦਨ ਵਿੱਚ ਰਹਿ ਰਹੇ ਹਨ। ਲਲਿਤ ਮੋਦੀ ਲੰਦਨ ਵਿੱਚ ਐਸ਼ ਵਾਲੀ ਜਿੰਦਗੀ ਜੀਅ ਰਿਹਾ ਹੈ। ਉਹ ਲੰਦਨ ਵਿੱਚ ਹੋਣ ਵਾਲੀ ਵੱਡੀਆਂ ਪਾਰਟੀਆਂ ਵਿੱਚ ਅਕਸਰ ਨਜ਼ਰ ਆਉਂਦਾ ਹੈ। ਆਪਣੀ ਮਹਿੰਗੀਆਂ ਕਾਰਾਂ ਦੇ ਨਾਲ ਲਲਿਤ ਮੋਦੀ ਦੀ ਅਕਸਰ ਫੋਟੋਆਂ ਵੀ ਸੋਸ਼ਲ ਮੀਡੀਆ ਉੱਤੇ ਪਾਉਂਦਾ ਰਹਿੰਦਾ ਹੈ। ਭਾਰਤੀ ਜਾਂਚ ਅਜੈਂਸੀਆਂ ਉਸਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਹੁਣ ਤੱਕ ਸਫਲ ਨਹੀਂ ਹੋ ਪਾਈਆਂ।

**ਜਤਿਨ ਮਹਿਤਾ**

ਲਿਸਟਡ ਕੰਪਨੀ ਵਿਨਸਮ ਡਾਇਮੰਡ ਅਤੇ ਜਵੈਲਰੀ ਦੇ ਚੇਅਰਮੈਨ ਜਤਿਨ ਮਹਿਤਾ 15 ਬੈਂਕਾਂ ਦਾ 6,800 ਕਰੋੜ ਰੁਪਏ ਦਾ ਕਰਜ਼ ਚੁਕਾਏ ਬਿਨਾਂ ਸਾਲ 2013 ਵਿੱਚ ਦੇਸ਼ ਛੱਡਕੇ ਭੱਜ ਗਿਆ। ਹੁਣ ਉਹ ਇੱਕ ਆਇਰਲੈਂਡ ਸੇਂਟ ਕਿਟੀਸ ਦਾ ਨਾਗਰਿਕ ਹੈ। ਉਹ ਉੱਥੇ ਲਗਜਰੀ ਲਈਫ ਜੀਅ ਰਹਿਆ ਹੈ। ਇਸ ਦੇਸ਼ ਦੇ ਨਾਲ ਭਾਰਤ ਦੀ ਕੋਈ ਅਜਿਹੀ ਸੰਧੀ ਵੀ ਨਹੀਂ ਹੈ ਜਿਸ ਨਾਲ ਕਿ ਅਪਰਾਧੀਆਂ ਨੂੰ ਇੱਕ ਦੂਜੇ ਦੇ ਹਵਾਲੇ ਕੀਤਾ ਜਾ ਸਕੇ।

### ਵਿਦੇਸ਼ ਵਿੱਚ ਜੀ ਰਹੇ ਹਨ ਐਸ਼-ਪ੍ਰਸਤੀ ਵਾਲੀ ਜਿੰਦਗੀ

ਫ਼ਰਾਂਸ ਵਿੱਚ ਉਸਨੇ ਲਿਜਾ ਹੇਡਨ ਨੂੰ ਬੱਚਾ ਹੋਣ ਤੋਂ ਬਾਅਦ ਪਾਰਟੀ ਦਿੱਤੀ , ਜਿਸ ਵਿੱਚ ਉਨ੍ਹਾਂ ਨੇ ਨੀਰਵ ਮੋਦੀ ਦਾ ਬਣਾਇਆ ਐਮਰੈਲਡ ਸੈਟ ਪਾਇਆ ਸੀ। ਨੀਰਵ ਪ੍ਰਿੰਸ ਚਾਰਲਸ ਦੇ ਨਾਲ ਵੀ ਪਾਰਟੀ ਕਰਦੇ ਨਜ਼ਰ ਆਉਂਦੇ ਸਨ। ਪੀ ਐਨ ਬੀ ਦੇ ਨਾਲ 11 , 300 ਕਰੋੜ ਰੁਪਏ ਦਾ ਫਰਾਡ ਕਰ ਭੱਜਣ ਵਾਲੇ ਨੀਰਵ ਮੋਦੀ ਬਾਰੇ ਅਜਿਹਾ ਮੰਨਿਆ ਜਾ ਰਿਹਾ ਹੈ ਕਿ ਉਹ ਆਪਣੇ ਨਿਊਯਾਰਕ ਦੇ ਮੈਨਹੈਟਨ ਅਪਾਰਟਮੈਂਟ ਵਿੱਚ ਹੈ। ਨੀਰਵ ਮੋਦੀ ਦਾ ਨਿਊਯਾਰਕ ਦੇ ਮੈਨਹੈਟਨ ਸ਼ਹਿਰ ਵਿੱਚ ਇੱਕ ਅਪਾਰਟਮੈਂਟ ਹੈ। ਇਹ ਅਪਾਰਟਮੈਂਟ ਉਨ੍ਹਾਂ ਦੇ ਲਕਸ ਮੈਡਿਸਨ ਐਵੇਨਿਊ ਜਵੈਲਰੀ ਰਿਟੇਲ ਸਟੋਰ ਦੇ ਕੋਲ ਹੈ। ਉਨ੍ਹਾਂ ਦਾ ਇਹ ਅਪਾਰਟਮੈਂਟ ਲਗਜਰੀ ਹੋਟਲ ਤੋਂ ਘੱਟ ਨਹੀਂ ਹੈ।

# ਜੇਲ੍ਹ ਹੋਵੇ ਜਾਂ ਫ਼ਾਂਸੀ, ਸਊਦੀ ਵਿੱਚ ਭਾਰਤੀਆਂ ਨੂੰ ਬਚਾਉਣ ਲਈ ਕਰੋੜਾਂ ਲੁਟਾ ਦਿੰਦਾ ਹੈ ਇਹ ਸਰਦਾਰ



ਭਾਰਤ ਦਾ ਇੱਕ ਅਜਿਹਾ ਬਿਜਨਸਮੈਨ ਹੈ ਜੋ ਸਾਊਦੀ ਅਰਬ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਜੇਲ੍ਹ ਜਾਣ ਜਾਂ ਫ਼ਾਂਸੀ ਦੀ ਸਜਾ ਤੋਂ ਬਚਾਉਣ ਲਈ ਹਰ ਸਾਲ ਕਰੋੜਾਂ ਰੁਪਏ ਖਰਚ ਕਰ ਦਿੰਦਾ ਹੈ। ਅਸੀ ਗੱਲ ਕਰ ਰਹੇ ਹਨ ਭਾਰਤੀ ਮੂਲ ਦੇ ਐਸ ਪੀ ਐਸ ਓਬਰਾਏ ਦੀ। ਉਹ ਹੁਣ ਤੱਕ ਅਜਿਹੇ 80 ਤੋਂ ਜ਼ਿਆਦਾ ਨੌਜਵਾਨਾ ਨੂੰ ਬਚਾ ਚੁੱਕਾ ਹੈ ਜੋ ਸਊਦੀ ਅਰਬ ਵਿੱਚ ਕੰਮ ਦੀ ਤਲਾਸ਼ ਵਿੱਚ ਗਏ ਅਤੇ ਹੱਤਿਆ ਜਾਂ ਹੋਰ ਗੁਨਾਹਾਂ ਵਿੱਚ ਫਸ ਗਏ। ਇਨ੍ਹਾਂ ਵਿੱਚ 50 ਤੋਂ ਜ਼ਿਆਦਾ ਭਾਰਤੀ ਸ਼ਾਮਿਲ ਹਨ।

**ਓਬਰਾਏ ਚੁਕਾਉਂਦਾ ਹੈ ਬਲਡ ਮਨੀ.** ਸਊਦੀ ਦੇ ਸ਼ਰੀਆ ਕਨੂੰਨ ਦੇ ਮੁਤਾਬਕ ਹੱਤਿਆ ਕਰਣ ਦੇ ਬਾਅਦ ਉਸਦੀ ਸਜਾ ਤੋਂ ਬਚਣ ਲਈ ਪੀੜਿਤ ਪਰਿਵਾਰ ਨਾਲ ਸੌਦੇਬਾਜੀ ਕੀਤੀ ਜਾ ਸਕਦੀ ਹੈ। ਇਸ ਵਿੱਚ ਦਿੱਤੀ ਜਾਣ ਵਾਲੀ ਰਕਮ ਨੂੰ ‘ਦਿੱਤਾ ਜਾਂ ਬਲਡ’ ਮਨੀ ਵੀ ਕਹਿੰਦੇ ਹਨ। ਹੱਤਿਆ ਦੇ ਦੋਸ਼ੀ ਅਤੇ ਪੀੜਿਤ ਪਰਿਵਾਰ ਦੇ ਵਿੱਚ ਜੇ ਰਾਜੀਨਾਮਾ ਹੋ ਜਾਵੇ ਅਤੇ ਜੇਕਰ ਪੀੜਿਤ ਪਰਿਵਾਰ ਮਾਫੀ ਦੇਣ ਨੂੰ ਰਾਜੀ ਹੋ ਜਾਵੇ ਤਾਂ ਫ਼ਾਂਸੀ ਮਾਫ ਕਰਨ ਲਈ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਅਜਿਹੇ ਮਾਮਲਿਆਂ ਵਿੱਚ ਫਸੇ ਬੇਕਸੂਰਾਂ ਨੂੰ ਬਚਾਉਣ ਲਈ ਓਬਰਾਏ ਮੱਦਦ ਕਰਦੇ ਹਨ।

**2016 ਵਿੱਚ 10 ਭਾਰਤੀਆਂ ਨੂੰ ਫ਼ਾਂਸੀ ਤੋਂ ਬਚਾਇਆ** ਭਾਰਤ ਦੇ ਪੰਜਾਬ ਤੋਂ ਅਬੂ ਧਾਬੀ ਜਾਕੇ ਕੰਮ ਕਰਨ ਇਹਨਾਂ ਮੁੰਡਿਆਂ ਨੂੰ 2015 ਵਿੱਚ ਇੱਕ ਝੜਪ ਦੇ ਦੌਰਾਨ ਇੱਕ ਪਾਕਿਸਤਾਨੀ ਜਵਾਨ ਦੀ ਹੱਤਿਆ ਦਾ ਦੋਸ਼ੀ ਪਾਇਆ ਗਿਆ ਸੀ। ਇਨ੍ਹਾਂ ਨੂੰ ਮੌਤ ਦੀ ਸੱਜਾ ਸੁਣਾਈ ਗਈ ਸੀ। ਜਿਸਦੇ ਬਾਅਦ 2016 ਵਿੱਚ ਅਬੂ ਧਾਬੀ ਦੀ ਅਲ ਅਇਨ ਅਦਾਲਤ ਨੇ ਉੱਥੇ ਮੌਤ ਦੀ ਸਜਾ ਪਾਉਣ ਵਾਲੇ 10 ਭਾਰਤੀ ਜਵਾਨਾਂ ਦੀ ਸਜਾ ਮਾਫ ਕਰਨ ਦੇ ਬਦਲੇ ਬਲਡ ਮਨੀ ਜਮਾਂ ਕਰਵਾਉਣ ਦੀ ਮਨਜ਼ੂਰੀ ਦਿੱਤੀ ਸੀ। ਇਸ ਬਲਡ ਮਨੀ ਨੂੰ ਚੁਕਾਇਆ ਐਸ ਪੀ ਐਸ ਓਬਰਾਏ ਨੇ ਜੋ ਲੱਗਭਗ 6.5 ਕਰੋੜ ਰੁਪਏ ਸੀ।

**ਹਰ ਸਾਲ ਖਰਚ ਕਰਦੇ ਹਨ ਕਰੋੜਾਂ** ਭਾਰਤੀ ਨੌਜਵਾਨਾਂ ਦੀ ਮਦਦ ਲਈ ਓਬਰਾਏ ਔਸਤਨ 36 ਕਰੋੜ ਰੁਪਏ ਸਾਲਾਨਾ ਖਰਚ ਕਰ ਦਿੰਦੇ ਹਨ। ਓਬਰਾਏ ਨੇ ਆਪਣੇ ਐਨ ਜੀ ਓ ਸਰਬੱਤ ਦਾ ਭਲਾ ਦੇ ਮਾਧਿਅਮ ਰਾਹੀਂ ਅਜਿਹੇ ਕਈ ਕੇਸ ਲੜੇ ਹਨ, ਜਿਹਨਾਂ ਵਿੱਚ 2006 ਤੋਂ 2010 ਦੇ ਵਿੱਚ ਸਊਦੀ ਵਿੱਚ 123 ਜਵਾਨਾਂ ਨੂੰ ਮੌਤ ਦੀ ਸਜਾ ਅਤੇ 40 ਸਾਲ ਤੱਕ ਜੇਲ੍ਹ ਦੀ ਸਜਾ ਸੁਣਾਈ ਗਈ ਸੀ। ਇਹ ਮਾਮਲੇ ਸ਼ਾਰਜਾਹ , ਦੁਬਈ, ਅਬੂ ਧਾਬੀ ਦੇ ਸਨ ਜਿਨ੍ਹਾਂ ਨੂੰ ਓਬਰਾਏ ਨੇ ਲੜਿਆ।

ਇਹਨਾਂ ਵਿੱਚ ਜਿਨ੍ਹਾਂ ਨੌਜਵਾਨਾਂ ਨੂੰ ਸਜਾ ਦਿੱਤੀ ਗਈ ਸੀ ਉਹ ਆਰਥਿਕ ਤੌਰ ‘ਤੇ ਕਮਜੋਰ ਸਨ। ਇੱਥੇ ਤੱਕ ਕਿ ਉਹ ਆਪਣੇ ਲਈ ਵਕੀਲ ਵੀ ਨਹੀਂ ਕਰ ਸਕਦੇ ਸਨ ਤਾਂ ਬਲਡ ਮਣੀ ਦੇਣਾ ਬਹੁਤ ਦੂਰ ਦੀ ਗੱਲ। ਸਰਬੱਤ ਦਾ ਭਲਾ ਚੈਰਿਟੀ ਸੰਸਥਾ ਦਾ ਟਰੱਸਟ ਅਜਿਹੇ ਹੀ ਲੋਕਾਂ ਦੀ ਮੱਦਦ ਕਰਦਾ ਹੈ। ਓਬਰਾਏ ਨੇ ਹੁਣ ਤੱਕ ਅਸੀਂ 88 ਜਵਾਨਾਂ ਨੂੰ ਫ਼ਾਂਸੀ ਤੋਂ ਬਚਾਇਆ ਹੈ ਅਤੇ ਉਹ ਸਭ ਹੁਣ ਆਪਣੇ ਘਰ ਜਾ ਚੁੱਕੇ ਹੈ। ਇਹਨਾਂ ਵਿਚੋਂ ਕਈ ਨੌਜਵਾਨ ਪੰਜਾਬ, ਹਰਿਆਣਾ, ਮਹਾਰਾਸ਼ਟਰ ਅਤੇ ਹੈਦਰਾਬਾਦ ਦੇ ਸਨ। ਪੰਜ ਜਵਾਨ ਤਾਂ ਪਾਕਿਸਤਾਨ ਦੇ ਸਨ ਅਤੇ ਪੰਜ ਬੰਗਲਾਦੇਸ਼ ਦੇ ਸਨ।

## ਸੋਸ਼ਲ ਮੀਡੀਆ ਸਾਈਟਾਂ ਨਾਬਾਲਿਗਾਂ ਲਈ ਸਿੱਧ ਹੋ ਰਹੀਆਂ ਨੇ ਘਾਤਕ

ਬ੍ਰਿਸਬੇਨ– ਸੋਸ਼ਲ ਮੀਡੀਆ ਸਾਈਟਾਂ ਦਾ ਸਭ ਤੋਂ ਮਾਰੂ ਪ੍ਰਭਾਵ ਨਾਬਾਲਿਗਾਂ ‘ਤੇ ਵੇਖਣ ਨੂੰ ਮਿਲ ਰਿਹਾ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਵਿਗਿਆਨੀਆਂ ਨੇ ਆਪਣੇ ਤਾਜ਼ਾ ਸ਼ੋਧ ਪੱਤਰ ਵਿੱਚ ਖੁਲਾਸਾ ਕੀਤਾ ਹੈ ਕਿ ਇਸ ਕਾਰਨ ਇੱਕ ਵੱਖਰੇ ਤਰ੍ਹਾਂ ਦੀ ਡਿਜ਼ੀਟਲ ਵੰਡ ਹੋ ਰਹੀ ਹੈ ਕਿਉਂਕਿ, ਅੱਜਕੱਲ੍ਹ ਨਾਬਾਲਿਗ ਆਪਣਾ ਵਧੇਰੇ ਸਮਾਂ ਇਨ੍ਹਾਂ ਸਾਈਟਾਂ ‘ਤੇ ਗੁਜ਼ਾਰ ਰਹੇ ਹਨ। ਇਹ ਤਕਨੀਕੀ ਵਿਕਾਸ ਹੁਣ ਵਿਨਾਸ਼ ਬਣ ਕੇ ਉਨ੍ਹਾਂ ਦੀ ਜ਼ਿੰਦਗੀ ‘ਤੇ ਭਾਰੂ ਪੈ ਰਿਹਾ ਹੈ। ਪ੍ਰੋ. ਕੈਂਡਾਈਸ ਆਡਗਰਸ ਅਨੁਸਾਰ ਬੱਚਿਆਂ ਵਿੱਚ ਆ ਰਹੀਆਂ ਊਣਤਾਈਆਂ ਦੀ ਸਿੱਧੀ ਵਜ੍ਹਾ ਸਮਾਰਟ ਫੋਨ ਦੀ ਵਧੇਰੇ ਵਰਤੋਂ ਹੀ ਹੈ। ਘੱਟ ਆਮਦਨ ਵਾਲੇ ਪਰਿਵਾਰਾਂ ਤੋਂ ਆਉਣ ਵਾਲੇ ਨਾਬਾਲਿਗਾਂ ‘ਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਸਭ ਤੋਂ ਵਧੇਰੇ ਹੈ। ਸਾਲ 2015 ਵਿੱਚ ਹੋਈ ਸੋਧ ਅਨੁਸਾਰ ਕਰੀਬ 92 ਪ੍ਰਤੀਸ਼ਤ ਗ਼ਰੀਬ ਨਾਬਾਲਿਗ ਇੰਟਰਨੈਟ ਦੀ ਵਰਤੋਂ ਕਰ ਰਹੇ ਹਨ ਅਤੇ 65 ਫ਼ੀਸਦੀ ਕੋਲ ਸਮਾਰਟਫੋਨ ਹੈ। ਚੰਗੀ ਕਮਾਈ ਵਾਲੇ ਘਰਾਂ ਦੇ 97 ਫ਼ੀਸਦੀ ਬੱਚੇ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਨ ਅਤੇ 69 ਫ਼ੀਸਦੀ ਕੋਲ ਸਮਾਰਟਫੋਨ ਹੈ। ਉਨ੍ਹਾਂ ਅਨੁਸਾਰ ਬੇਸ਼ੱਕ ਅੱਜ ਵਧੇਰੇ ਲੋਕਾਈ ਡਿਜ਼ੀਟਲ ਯੁੱਗ ਦਾ ਹਿੱਸਾ ਬਣ ਕੇ ਸੋਸ਼ਲ ਮੀਡੀਆ ਦੇ ਮੌਕਿਆਂ ਦਾ ਫ਼ਾਇਦਾ ਉਠਾ ਰਹੀ ਹੈ ਪਰ, ਜੋ ਨਾਬਾਲਿਗ ਸੋਸ਼ਲ ਮੀਡੀਆ ਦੀ ਵਰਤੋਂ ‘ਚ ਸੰਘਰਸ਼ ਕਰ ਰਹੇ ਹਨ।

## ਕੈਨੇਡਾ ‘ਚ ਧਰਮ ਦੇ ਨਾਂ ‘ਤੇ ਸਿਆਸਤ ਨੂੰ ਕੋਈ ਥਾਂ ਨਹੀਂ- ਸੰਸਦ ਮੈਂਬਰ ਰੂਬੀ ਢੱਲਾ

ਓਟਾਵਾ– ਭਾਰਤ ਅਤੇ ਕੈਨੇਡਾ ਵਿਚਕਾਰ ਸੰਬੰਧਾਂ ਨੂੰ ਮਜ਼ਬੂਤੀ ਦੇਣ ਦਾ ਸੰਦੇਸ਼ ਦਿੰਦੇ ਹੋਏ ਕੈਨੇਡਾ ਦੀ ਸਾਬਕਾ ਸਿੱਖ ਸੰਸਦ ਮੈਂਬਰ ਰੂਬੀ ਢੱਲਾ ਨੇ ਇਕ ਅਹਿਮ ਬਿਆਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਹਮੇਸ਼ਾ ਤੋਂ ਚਾਹੁੰਦਾ ਹੈ ਕਿ ਭਾਰਤ ਇਕਜੁੱਟ ਹੋ ਕੇ ਰਹੇ। ਕੈਨੇਡਾ ‘ਚ ਧਰਮ ਦੇ ਨਾਂ ‘ਤੇ ਸਿਆਸਤ ਨੂੰ ਕੋਈ ਥਾਂ ਨਹੀਂ ਦਿੱਤੀ ਜਾਂਦੀ। ਰੂਬੀ ਨੇ ਕੈਨੇਡਾ ਅਤੇ ਵੱਖਵਾਦੀਆਂ ਦੇ ਸੰਬੰਧਾਂ ਬਾਰੇ ਚਰਚਾ ਕਰਦਿਆਂ ਕਿਹਾ ਕਿ ਕੈਨੇਡਾ ਦੇ ਸਾਰੇ ਸਿੱਖਾਂ ਨੂੰ ਵੱਖਵਾਦੀਆਂ ਦੇ ਹਿਮਾਇਤੀ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਦੀ ਜੋ ਤਸਵੀਰ ਪੇਸ਼ ਕੀਤੀ ਜਾ ਰਹੀ ਹੈ ਉਹ ਬਹੁਤ ਹੀ ਮੰਦਭਾਗੀ ਹੈ। ਇੱਥੇ ਉਨ੍ਹਾਂ ਇਹ ਵੀ ਕਿਹਾ ਕਿ ਕੈਨੇਡਾ ਅੱਤਵਾਦ ਨੂੰ ਬਿਲਕੁਲ ਵੀ ਸਹਿਣ ਨਹੀਂ ਕਰ ਸਕਦਾ। ਕੈਨੇਡਾ ‘ਚ ਕਿਸੇ ਵੀ ਧਰਮ ਨੂੰ ਸਿਆਸਤ ਲਈ ਨਹੀਂ ਵਰਤਿਆ ਜਾਂਦਾ। ਉਨ੍ਹਾਂ ਇੱਥੇ ਇਹ ਵੀ ਕਿਹਾ ਕਿ ਕੈਨੇਡਾ ‘ਚ ਕੁੱਝ ਲੋਕ ਗਰਮ ਖਿਆਲੀਏ ਹੋ ਸਕਦੇ ਹਨ ਪਰ ਇਹ ਮੰਦਭਾਗਾ ਸੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਦੌਰੇ ‘ਤੇ ਇਹ ਚਰਚਾ ਦਾ ਕੇਂਦਰ ਬਣ ਗਿਆ। ਰੂਬੀ ਨੇ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਭਾਰਤ ਵੱਲੋਂ ਸੌਂਪੀ ਗਈ ਸੂਚੀ ‘ਚ ਸ਼ਾਮਲ ਲੋਕਾਂ ਖਿਲਾਫ ਕੈਨੇਡਾ ਦਾ ਕਾਨੂੰਨ ਆਪਣਾ ਕੰਮ ਕਰੇਗਾ, ਜਿਨ੍ਹਾਂ ‘ਤੇ ਪੰਜਾਬ ‘ਚ ਵੱਖਵਾਦੀ ਲਹਿਰ ਨੂੰ ਮੁੜ ਸੁਰਜੀਤ ਕਰਨ ਦਾ ਸ਼ੱਕ ਹੈ।

# ਫੁੱਲਾਂ ਨੂੰ ਅਜਿਹੇ ਢੰਗ ਨਾਲ ਸਜਾਇਆ ਕਿ ਰਿਕਾਰਡ ਬਣ ਗਿਆ

ਦੁਬਈ – ਦੁਬਈ ਵਿਚ ਕੱਲ ਡਿਜ਼ਨੀ ਦੇ ਪਹਿਲੇ ਕਾਰਟੂਨ ਮਿਕੀ ਮਾਊਸ ਦੀ 90ਵੀਂ ਵਰ੍ਹੇਗੰਢ ਬਹੁਤ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ‘ਤੇ ਮਿਰਾਕਲ ਗਾਰਡਨ (Miracle Garden) ਵਿਚ ਮਿਕੀ ਮਾਊਸ ਦੀ ਦੁਨੀਆ ਦੀ ਸਭ ਤੋਂ ਵੱਡੀ ਮੂਰਤੀ ਦਾ ਉਦਘਾਟਨ ਕੀਤਾ ਗਿਆ। ਮਿਕੀ ਮਾਊਸ ਦੁਨੀਆ ਦੇ ਸਭ ਤੋਂ ਪਿਆਰੇ ਕਾਰਟੂਨ ਪਾਤਰਾਂ ਵਿਚੋਂ ਇਕ ਹੈ। ਇਸ ਮੂਰਤੀ ਦਾ ਨਿਰਮਾਣ ਰੰਗੀਨ ਫੁੱਲਾਂ ਨਾਲ ਕੀਤਾ ਗਿਆ ਹੈ। ਇਸ ਮੂਰਤੀ ਲਈ ਦੁਬਈ ਦੇ ਮਿਰਾਕਲ ਗਾਰਡਨ ਨੂੰ ਗਿਨੀਜ਼ ਵਰਲਡ ਰਿਕਾਰਡ ਦਾ ਖਿਤਾਬ ਮਿਲਿਆ ਹੈ। ਇਹ ਮੂਰਤੀ ਮਿਡਲ ਈਸਟ ਦੀ ਪਹਿਲੀ ਕਾਰਟੂਨ ਪ੍ਰਦਰਸ਼ਨੀ ਹੈ, ਜਿਸ ਨੂੰ ਫੁੱਲਾਂ ਨਾਲ ਤਿਆਰ ਕੀਤਾ ਗਿਆ ਹੈ। ਇਸ ਮੂਰਤੀ ਦੀ ਲੰਬਾਈ 18 ਮੀਟਰ ਹੈ। ਇਸ ਮੂਰਤੀ ਨੂੰ ਲੱਗਭਗ 10,000 ਪੌਦਿਆਂ ਅਤੇ ਫੁੱਲਾਂ (ਜਿਨ੍ਹਾਂ ਵਿਚ ਸਫੇਦ ਪੇਟੂਨਿਆ, ਲਾਲ ਪੇਟੂਨਿਆ, ਪੀਲਾ ਵਿਓਲਾ, ਜ਼ੀਨੀਆ ਮੈਰੀਗੋਲਡ ਅਤੇ ਹਰਾ ਆਲਟੇਰਨੇਥਰ ਸ਼ਾਮਲ ਹਨ) ਨਾਲ ਤਿਆਰ ਕੀਤਾ ਗਿਆ ਹੈ। ਮੂਰਤੀ ਦਾ ਵਜ਼ਨ ਲੱਗਭਗ 35 ਟਨ ਹੈ। ਮਿਕੀ ਮਾਊਸ ਦੀ ਮੂਰਤੀ ਨੂੰ 7 ਟਨ ਸਟੀਲ ਸਰੰਚਨਾ ਰਾਹੀਂ ਅਤੇ 50 ਟਨ ਕੰਕਰੀਟ ਦੀ ਨੀਂਹ ਨਾਲ ਸਪੋਰਟ ਦਿੱਤੀ ਗਈ ਹੈ। ਇੰਜੀਨੀਅਰ ਅਤੇ ਦੁਬਈ ਮਿਰਾਕਲ



ਗਾਰਡਨ ਦੇ ਨਿਰਮਾਤਾ ਅਬਦੁੱਲ ਨਾਸਰ ਰਾਹੇਲ ਨੇ ਕਿਹਾ ਕਿ ਇਹ ਮੂਰਤੀ 100 ਮਜ਼ਦੂਰਾਂ, ਡਿਜ਼ਾਈਨਰਾਂ ਅਤੇ ਇੰਜੀਨੀਅਰਾਂ ਦੀ 45 ਦਿਨਾਂ ਦੀ ਮਿਹਨਤ ਦਾ ਨਤੀਜਾ ਹੈ। ਮਿਕੀ ਮਾਊਸ ਦੁਨੀਆ ਦੇ ਸਭ ਤੋਂ ਵੱਕਾਰੀ ਅਤੇ ਪਿਆਰੇ ਪਾਤਰਾਂ ਵਿਚੋਂ ਇਕ ਹੈ। ਇਹ ਮੂਰਤੀ ਬਣਾਉਣ ਮਗਰੋਂ ਮਿਰਾਕਲ ਗਾਰਡਨ ਅਤੇ ਦ ਵਾਲਟ ਡਿਜ਼ਨੀ ਵਿਚਕਾਰ ਇਕ ਨਵਾਂ ਸਮਝੌਤਾ ਹੋਇਆ ਹੈ, ਜਿਸ ਮੁਤਾਬਕ ਅਗਲੀ ਸਰਦੀਆਂ ਵਿਚ ਜਦੋਂ ਗਾਰਡਨ ਦੁਬਾਰਾ ਖੁੱਲ੍ਹੇਗਾ, ਉਦੋਂ ਡਿਜ਼ਨੀ ਦੇ 6 ਹੋਰ ਪਾਤਰਾਂ ਦੀਆਂ ਮੂਰਤੀਆਂ ਬਾਗ ਵਿਚ ਲਗਾਈਆਂ ਜਾਣਗੀਆਂ। ਅਬਦੁੱਲ ਨਾਸਰ ਰਾਹੇਲ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਅਸੀਂ ਇਸ ਮੂਰਤੀ ਦਾ ਨਿਰਮਾਣ ਕੀਤਾ। ਉਨ੍ਹਾਂ ਨੇ ਕਿਹਾ ਕਿ ਯੂ. ਏ. ਈ. ਦੇ ਵਾਸੀਆਂ ਅਤੇ ਟੂਰਿਸਟਾਂ ਨਾਲ ਇਸ ਵਿਲੱਖਣ ਤਜਰਬੇ ਨੂੰ ਸਾਂਝਾ ਕਰਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ।

## ਮੁੰਬਈ ‘ਚ ਵਿਦੇਸ਼ੀਆਂ ਨੂੰ ਮਿਲਦੀ ਹੈ ਸਭ ਤੋਂ ਜ਼ਿਆਦਾ ਸੈਲਰੀ: HSBC ਸਰਵੇ

ਮੁੰਬਈ—ਇਕ ਦੌਰ ਸੀ ਜਦੋਂ ਕਰੋੜਾਂ ਦੀ ਕਮਾਈ ਲਈ ਅਮਰੀਕਾ ਜਾਂ ਯੂਰਪ ਤੋਂ ਬਿਹਤਰ ਕੋਈ ਜਗ੍ਹਾ ਨਹੀਂ ਸੀ। ਸਦੀ ਦੇ ਨਾਲ ਹਾਲਾਤ ਵੀ ਬਦਲੇ ਹਨ ਅਤੇ ਪੂਰਬ ਦੇ ਦੇਸ਼ (ਏਸ਼ੀਆਈ ਦੇਸ਼) ਮੋਟੀ ਤਨਖਾਹ ਦਾ ਕੇਂਦਰ ਬਣ ਰਹੇ ਹਨ। ਭਾਰਤ ਦੀ ਆਰਥਿਕ, ਵਪਾਰਕ ਅਤੇ ਮਨੋਰੰਜਨ ਰਾਜਧਾਨੀ ਮੁੰਬਈ ਵਿਦੇਸ਼ੀਆਂ ਨੂੰ ਮਿਲਣ ਵਾਲੀ ਤਨਖਾਹ ਦੇ ਮਾਮਲੇ ‘ਚ ਪਹਿਲੇ ਨੰਬਰ ‘ਤੇ ਹੈ। ਐੱਚ.ਐੱਸ.ਬੀ.ਸੀ. ਬੈਂਕ ਮਨੋਰੰਜਨ ਲਿਮਿਟੇਡ ਦੇ ਸਰਵੇ ਦੇ ਮੁਤਾਬਕ, ਮੁੰਬਈ ‘ਚ ਕੰਮ ਕਰਨ ਦੇ ਲਈ ਆਉਣ ਵਾਲੇ ਵਿਦੇਸ਼ੀਆਂ ਨੂੰ ਮੋਟੀ ਤਨਖਾਹ ਮਿਲਦੀ ਹੈ। ਐੱਚ.ਐੱਸ.ਬੀ.ਸੀ. ਐਕਸਪੈਟ ਸਰਵੇ ਦੱਸਦਾ ਹੈ ਕਿ ਮੁੰਬਈ, ‘ਚ ਕੰਮ ਕਰਨ ਵਾਲੇ ਵਿਦੇਸ਼ੀਆਂ ਨੂੰ ਔਸਤਨ ਸਾਲਾਨਾ 2.17 ਲੱਖ ਡਾਲਰ (1.40 ਕਰੋੜ ਰੁਪਏ) ਸੈਲਰੀ ਮਿਲਦੀ ਹੈ। ਇੱਥੇ ਅੰਕੜਾ ਗਲੋਬਲ ਐਕਸਪੈਟ ਐਵਰੇਜ ਦਾ ਦੁੱਗਣਾ ਹੈ। ਸਰਵੇ ‘ਚ ਟਾਪ 10 ਐਕਸਪੈਟ ਸ਼ਹਿਰਾਂ ‘ਚ ਸ਼ੰਘਾਈ , ਜਕਾਰਤਾ ਅਤੇ ਹਾਂਗਕਾਂਗ ਵਰਗੇ ਕਈ ਏਸ਼ੀਆਈ ਦੇਸ਼ ਸ਼ਾਮਲ ਹਨ।

# ਚੀਨ ਦੀ ਉਹ 'ਜੇਲ੍ਹ' ਜਿੱਥੇ ਬੰਦ ਨੇ 10 ਲੱਖ ਮੁਸਲਮਾਨ



ਚੀਨ ਦੇ ਪੱਛਮੀ ਪ੍ਰਾਂਤ ਸ਼ਿਨਜਿਆਂਗ 'ਚ ਘੱਟ ਗਿਣਤੀ ਮੁਸਲਮਾਨਾਂ ਪ੍ਰਤੀ ਆਪਣੇ ਰਵੱਈਏ ਕਾਰਨ ਚੀਨ ਦੀ ਕਾਫੀ ਆਲੋਚਨਾ ਹੋ ਰਹੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਚੀਨ ਨੇ ਇਸ ਸੂਬੇ 'ਚ ਵੱਡੀ ਗਿਣਤੀ ਵਿੱਚ ਮੁਸਲਮਾਨਾਂ ਨੂੰ ਖ਼ਾਸ ਤਰ੍ਹਾਂ ਦੇ ਕੈਂਪਾਂ ਵਿੱਚ ਰੱਖਿਆ ਹੋਇਆ ਹੈ। ਅਗਸਤ ਵਿੱਚ ਇੱਕ ਸੰਯੁਕਤ ਰਾਸ਼ਟਰ ਦੀ ਕਮੇਟੀ ਨੂੰ ਦੱਸਿਆ ਗਿਆ ਸੀ ਕਿ ਸ਼ਿਨਜਿਆਂਗ 'ਚ ਕਰੀਬ 10 ਲੱਖ ਮੁਸਲਮਾਨਾਂ ਨੂੰ ਇੱਕ ਤਰ੍ਹਾਂ ਨਾਲ ਹਿਰਾਸਤ 'ਚ ਰੱਖਿਆ ਗਿਆ ਹੈ, ਜਿੱਥੇ ਉਨ੍ਹਾਂ ਨੂੰ 'ਮੁੜ ਸਿੱਖਿਆ' ਦਿੱਤੀ ਜਾ ਰਹੀ ਹੈ। ਚੀਨ ਇਨ੍ਹਾਂ ਖ਼ਬਰਾਂ ਦਾ ਖੰਡਨ ਕਰਦਾ ਹੈ ਪਰ ਇਸ ਦੌਰਾਨ ਸ਼ਿਨਜਿਆਂਗ 'ਚ ਲੋਕਾਂ 'ਤੇ ਨਿਗਰਾਨੀ ਦੇ ਕਈ ਸਬੂਤ ਸਾਹਮਣੇ ਆਏ ਹਨ। ਆਓ ਸਮਝਦੇ ਹਾਂ ਇਸ ਕਹਾਣੀ ਦੇ ਵੱਖ-ਵੱਖ ਪਹਿਲੂ ਕੀ ਹਨ।

**ਕਿੱਥੇ ਹੈ ਸ਼ਿਨਜਿਆਂਗ ?**

ਸ਼ਿਨਜਿਆਂਗ ਚੀਨ ਦੇ ਪੱਛਮ 'ਚ ਦੇਸ ਦਾ ਸਭ ਤੋਂ ਵੱਡਾ ਪ੍ਰਾਂਤ ਹੈ। ਇਸ ਦੀ ਸੀਮਾ ਭਾਰਤ, ਅਫ਼ਗਾਨਿਸਤਾਨ ਅਤੇ ਮੰਗੋਲੀਆ ਵਰਗੇ ਕਈ ਦੇਸਾਂ ਨਾਲ ਲਗਦੀ ਹੈ। ਕਹਿਣ ਨੂੰ ਤਾਂ ਇਹ ਵੀ ਤਿੱਬਤ ਵਾਂਗ ਇੱਕ ਖ਼ੁਦਮੁਖਤਿਆਰ ਖੇਤਰ ਰਿਹਾ ਹੈ ਪਰ ਦਰਅਸਲ ਇੱਥੋਂ ਦੀ ਸਰਕਾਰ ਦੀ ਡੋਰ ਬੀਜਿੰਗ ਦੇ ਹੱਥਾਂ 'ਚ ਹੈ। ਸਦੀਆਂ ਤੋਂ ਇਸ ਪ੍ਰਾਂਤ ਦਾ ਅਰਥਚਾਰਾ ਖੇਤੀ ਅਤੇ ਵਪਾਰ 'ਤੇ ਆਧਾਰਿਤ ਰਿਹਾ ਹੈ। ਇਤਿਹਾਸਕ ਸਿਲਕ ਰੂਟ ਕਾਰਨ ਇੱਥੇ ਖ਼ੁਸ਼ਹਾਲੀ ਰਹੀ ਹੈ। 20ਵੀਂ ਸਦੀ ਦੀ ਸ਼ੁਰੂਆਤ 'ਚ ਵੀਗਰ ਭਾਈਚਾਰੇ ਨੇ ਥੋੜ੍ਹੇ ਸਮੇਂ ਲਈ ਹੀ ਸਹੀ, ਸ਼ਿਨਜਿਆਂਗ ਨੂੰ ਆਜ਼ਾਦ ਐਲਾਨ ਕਰ ਦਿੱਤਾ ਸੀ। ਪਰ 1949 ਦੀ ਕਮਿਊਨਿਸਟ ਕ੍ਰਾਂਤੀ ਤੋਂ ਬਾਅਦ ਇਹ ਪ੍ਰਾਂਤ ਚੀਨ ਦਾ ਹਿੱਸਾ ਬਣ ਗਿਆ।

**ਇਸ ਵੇਲੇ ਸ਼ਿਨਜਿਆਂਗ 'ਚ ਕੀ ਹੋ ਰਿਹਾ ਹੈ ?**

ਅਗਸਤ 2018 'ਚ ਸੰਯੁਕਤ ਰਾਸ਼ਟਰ ਦੀ ਇੱਕ ਮਨੁੱਖੀ ਅਧਿਕਾਰ ਕਮੇਟੀ ਨੂੰ ਦੱਸਿਆ ਗਿਆ ਸੀ ਕਿ 'ਪੂਰਾ ਵੀਗਰ ਖ਼ੁਦਮੁਖਤਿਆਰ ਖੇਤਰ ਨਜ਼ਰਬੰਦੀ 'ਚ ਹੈ।' ਇਸ ਕਮੇਟੀ ਨੂੰ ਦੱਸਿਆ ਗਿਆ ਸੀ ਕਿ ਕਰੀਬ 10 ਲੱਖ ਲੋਕ ਹਿਰਾਸਤੀ ਜ਼ਿੰਦਗੀ ਬਿਤਾ ਰਹੇ ਹਨ। ਇਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਹਿਊਮਨ ਰਾਈਟਸ ਵਾਚ ਵੀ ਕਰਦਾ ਹੈ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਇਕ ਤਰ੍ਹਾਂ ਹਿਰਾਸਤੀ ਕੈਂਪਾਂ ਵਿੱਚ ਰੱਖੇ ਗਏ ਲੋਕਾਂ ਨੂੰ ਚੀਨੀ ਭਾਸ਼ਾ ਸਿਖਾਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਪ੍ਰਤੀ ਵਫ਼ਾਦਾਰੀ ਦੀ ਸਹੁੰ ਖਾਣੀ ਪੈਂਦੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਉਨ੍ਹਾਂ ਦੇ ਧਰਮ ਅਤੇ ਸੱਭਿਆਚਾਰ ਦੀ ਆਲੋਚਨਾ ਕਰਨ ਲਈ ਕਿਹਾ ਜਾਂਦਾ ਹੈ। ਹਿਊਮਨ ਰਾਈਟਸ ਵਾਚ ਮੁਤਾਬਕ ਵੀਗਰ ਭਾਈਚਾਰੇ ਨੂੰ ਬੇਹੱਦ ਸਖ਼ਤ ਨਿਗਰਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਦੇ ਘਰਾਂ ਦੇ ਦਰਵਾਜ਼ੇ 'ਤੇ QR ਕੋਡ ਲੱਗੇ ਹੋਏ ਹਨ ਚਿਹਰੇ ਨੂੰ ਪਛਾਣਨ ਲਈ ਕੈਮਰੇ ਫਿਟ ਹਨ। ਅਧਿਕਾਰੀ ਜਦੋਂ ਚਾਹੁਣ ਇਹ ਪਤਾ ਲਗਾ ਸਕਦੇ ਹਨ ਕਿ ਘਰ 'ਚ ਕੌਣ ਹੈ।

## ਕੌਣ ਹਨ ਵੀਗਰ ?

ਚੀਨ ਦੇ ਪੱਛਮੀ ਪ੍ਰਾਂਤ ਸ਼ਿਨਜਿਆਂਗ 'ਚ ਰਹਿਣ ਵਾਲੇ ਇੱਕ ਕਰੋੜ ਤੋਂ ਵੱਧ ਵੀਗਰ ਭਾਈਚਾਰੇ ਦੇ ਵਧੇਰੇ ਲੋਕ ਮੁਸਲਮਾਨ ਹਨ। ਇਹ ਲੋਕ ਖ਼ੁਦ ਨੂੰ ਸੱਭਿਆਚਾਰ ਦੀ ਨਜ਼ਰ ਨਾਲ ਮੱਧ ਏਸ਼ੀਆ ਦੇ ਦੇਸਾਂ ਦੇ ਨੇੜੇ ਮੰਨਦੇ ਹਨ। ਉਨ੍ਹਾਂ ਦੀ ਭਾਸ਼ਾ ਵੀ ਤੁਰਕੀ ਨਾਲ ਮਿਲਦੀ-ਜੁਲਦੀ ਹੈ। ਪਰ ਪਿਛਲੇ ਕੁਝ ਸਾਲਾਂ ਵਿੱਚ ਵੱਡੀ ਸੰਖਿਆ 'ਚ ਚੀਨ ਦੇ ਬਹੁ ਗਿਣਤੀ ਨਸਲੀ ਸਮੂਹ 'ਹਾਨ' ਚੀਨੀਆਂ ਦਾ ਸ਼ਿਨਜਿਆਂਗ 'ਚ ਵਸਣਾ ਇੱਕ ਸੰਵੇਦਨਸ਼ੀਲ ਮੁੱਦਾ ਬਣ ਗਿਆ ਹੈ। ਵੀਗਰ ਲੋਕਾਂ ਨੂੰ ਲਗਦਾ ਹੈ ਕਿ ਹੁਣ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਸੱਭਿਆਚਾਰ ਖ਼ਤਰੇ 'ਚ ਪੈ ਰਹੀ ਹੈ।

## ਦੁਨੀਆਂ ਕੀ ਕਰ ਰਹੀ ਹੈ ?

ਦੁਨੀਆਂ ਭਰ ਦੇ ਵੀਗਰ ਭਾਈਚਾਰੇ ਪ੍ਰਤੀ ਚੀਨੀ ਰਵੱਈਏ ਦੀ ਆਲੋਚਨਾ ਵਧਦੀ ਜਾ ਰਹੀ ਹੈ ਪਰ ਹੁਣ ਤੱਕ ਕਿਸੇ ਵੀ ਮੁਲਕ ਨੇ ਆਲੋਚਨਾ ਭਰੇ ਸ਼ਬਦਾਂ ਤੋਂ ਅੱਗੇ ਕੋਈ ਕਦਮ ਨਹੀਂ ਚੁੱਕਿਆ ਹੈ। ਅਮਰੀਕਾ 'ਚ ਕਾਂਗਰਸ ਦੀ ਚੀਨੀ ਮਾਮਲਿਆਂ ਬਾਰੇ ਕਮੇਟੀ ਨੇ ਟਰੰਪ ਪ੍ਰਸ਼ਾਸਨ ਨਾਲ ਸ਼ਿਨਜਿਆਂਗ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਜੁੜੀਆਂ ਕੰਪਨੀਆਂ ਅਤੇ ਅਧਿਕਾਰੀਆਂ 'ਤੇ ਪਾਬੰਦੀ ਲਗਾਉਣ ਦੀ ਗੁਹਾਰ ਲਾਈ ਹੈ। ਕਮੇਟੀ ਨੇ ਆਪਣੀ ਰਿਪੋਰਟ 'ਚ ਲਿਖਿਆ ਹੈ. "ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਹਿਰਾਸਤ 'ਚ ਰੱਖਿਆ ਜਾ ਰਿਹਾ ਹੈ। ਉਨ੍ਹਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਧਾਰਮਿਕ ਅਤੇ ਸੱਭਿਆਰਕ ਮਾਨਤਾਵਾਂ 'ਤੇ ਪਾਬੰਦੀ ਲੱਗੀ ਹੋਈ ਹੈ। ਉਨ੍ਹਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਰ ਪਹਿਲੂ ਨਿਗਰਾਨੀ ਹੇਠ ਹੈ।" ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨ ਦੀ ਨਵੀਂ ਮੁਖੀ ਮਿਸ਼ੇਲ ਬੈਸ਼ਲੇਟ ਨੇ ਵੀ ਸ਼ਿਨਜਿਆਂਗ 'ਚ ਸੁਪਰਵਾਈਜ਼ਰ ਨੂੰ ਸ਼ਿਨਜਿਆਂਗ 'ਚ ਜਾਣ ਦੀ ਆਗਿਆ ਮੰਗੀ ਹੈ। ਚੀਨ ਨੇ ਇਸ ਮੰਗ ਨੂੰ ਸਿਰੇ ਨਾਲ ਖਾਰਿਜ ਕਰਦੇ ਹੋਏ ਗੁੱਸੇ ਦਾ ਇਜ਼ਹਾਰ ਕੀਤਾ ਹੈ



ਸ਼ਿਨਜਿਆਂਗ ਨਾਲ ਸਬੰਧਤ ਸਿੱਧੀਆਂ ਖ਼ਬਰਾਂ ਆਉਣੀਆਂ ਮੁਸ਼ਕਲ ਹਨ। ਉੱਥੇ ਮੀਡੀਆ 'ਤੇ ਪਾਬੰਦੀ ਹੈ ਪਰ ਬੀਬੀਸੀ ਨੇ ਕਈ ਵਾਰ ਇਸ ਖੇਤਰ ਤੋਂ ਰਿਪੋਰਟਾਂ ਇਕੱਠੀਆਂ ਕੀਤੀਆਂ ਹਨ ਅਤੇ ਖ਼ੁਦ ਇਨ੍ਹਾਂ ਕੈਂਪਾਂ ਦੇ ਸਬੂਤ ਦੇਖੇ ਹਨ। ਬੀਬੀਸੀ ਦੇ ਪ੍ਰੋਗਰਾਮ ਨਿਊਜ਼ਨਾਈਟ ਨੇ ਕਈ ਅਜਿਹੇ ਲੋਕਾਂ ਨਾਲ ਸਿੱਧੀ ਗੱਲਬਾਤ ਵੀ ਕੀਤੀ ਹੈ, ਜੋ ਇਨ੍ਹਾਂ ਜੇਲ੍ਹਾਂ ਵਿੱਚ ਰਹਿ ਚੁੱਕੇ ਹਨ। ਅਜਿਹੇ ਇੱਕ ਸ਼ਖ਼ਸ ਆਮਿਰ ਹਨ। ਅਕਤੂਬਰ 2013 'ਚ ਬੀਜਿੰਗ ਦੇ ਤਿਆਨਨਮਿਨ ਸੁਕੇਅਰ 'ਚ ਇੱਕ ਕਾਰ ਭੀੜ 'ਚ ਵੜੀ ਅਤੇ ਕਈ ਲੋਕਾਂ ਨੂੰ ਦਰੜ ਦਿੱਤਾ। ਚੀਨੀ ਪ੍ਰਸ਼ਾਸਨ ਨੇ ਇਸ ਲਈ ਵੀ ਸ਼ਿਨਜਿਆਂਗ ਦੇ ਵੱਖਵਾਦੀਆਂ ਨੂੰ ਜ਼ਿੰਮੇਵਾਰ ਦੱਸਿਆ ਸੀ।

ਸਰਕਾਰ ਦੀ ਤਾਜ਼ਾ ਕਾਰਾਵਾਈ ਦੇ ਪਿੱਛੇ ਫਰਵਰੀ 2017 'ਚ ਸ਼ਿਨਜਿਆਂਗ ਦੇ ਉਰੂਮਚੀ 'ਚ ਹੋਈਆਂ ਚਾਕੂਬਾਜ਼ੀ ਦੀਆਂ ਘਟਨਾਵਾਂ ਹਨ।


**ਚੀਨ ਕੀ ਕਹਿੰਦਾ ਹੈ ?**

ਚੀਨ ਦਾ ਕਹਿਣਾ ਹੈ ਕਿ ਸ਼ਿਨਜਿਆਂਗ 'ਚ 'ਹਿੰਸਕ ਅੱਤਵਾਦੀ ਗਤੀਵਿਧੀਆਂ' ਨਾਲ ਨਜਿੱਠਿਆ ਜਾ ਰਿਹਾ ਹੈ। ਜਨੇਵਾ 'ਚ ਸੰਯੁਕਤ ਰਾਸ਼ਟਰ ਦੀ ਇੱਕ ਬੈਠਕ 'ਚ ਚੀਨੀ ਅਧਿਕਾਰੀ ਹੂ ਲਿਆਨਹੇ ਨੇ ਕਿਹਾ ਸੀ ਕਿ 10 ਲੱਖ ਲੋਕਾਂ ਨੂੰ ਹਿਰਾਸਤ 'ਚ ਰੱਖਣ ਦੀ ਗੱਲ 'ਕੋਰਾ ਝੂਠ' ਹੈ। ਹਾਲ ਹੀ ਵਿੱਚ ਚੀਨ ਮਨੁੱਖੀ ਅਧਿਕਾਰ ਵਿਭਾਗ ਨੇ ਕਿਹਾ ਹੈ, "ਤੁਸੀਂ ਕਹਿ ਸਕਦੇ ਹੋ ਕਿ ਇਹ ਤਰੀਕਾ ਉਚਿਤ ਨਹੀਂ ਹੈ ਪਰ ਧਾਰਮਿਕ ਕੱਟੜਵਾਦ ਨਾਲ ਨਜਿੱਠਣ ਲਈ ਅਜਿਹਾ ਕੀਤਾ ਜਾਣਾ ਜ਼ਰੂਰੀ ਹੈ ਕਿਉਂਕਿ ਪੱਛਮੀ ਦੇਸ ਇਸਲਾਮੀ ਕੱਟੜਪੰਥ ਨਾਲ ਲੜਨ 'ਚ ਅਸਫ਼ਲ ਹੋ ਗਏ ਹਨ। ਬੈਲਜ਼ੀਅਮ ਅਤੇ ਪੈਰਿਸ 'ਚ ਹੋਇਆ ਹਮਲਾ, ਇਸਦਾ ਸਬੂਤ ਹੈ। ਪੱਛਮ ਇਸ ਵਿਸ਼ੇ 'ਚ ਅਸਫ਼ਲ ਰਿਹਾ ਹੈ।" ਚੀਨ ਅਕਸਰ ਸ਼ਿਨਜਿਆਂਗ 'ਤੇ ਕੋਈ ਜਨਤਕ ਰਾਇ ਨਹੀਂ ਦਿੰਦਾ। ਇਸ ਦੇ ਨਾਲ ਹੀ ਸ਼ਿਨਜਿਆਂਗ 'ਚ ਬਾਹਰੀ ਅਤੇ ਮੀਡੀਆ ਦੇ ਪ੍ਰਵੇਸ਼ ਨੂੰ ਪੂਰੀ ਤਰ੍ਹਾਂ ਕਾਬੂ ਰੱਖਦਾ ਹੈ।











# ਔਰਤਾਂ ਲਈ ਸਭ ਤੋਂ ਖ਼ਤਰਨਾਕ ਦੇਸ਼ ਪਾਪੂਆ ਨਿਊ ਗਿਨੀ

ਆਸਟਰੇਲੀਆ ਦੇ ਉੱਤਰ ਵਿੱਚ ਸਥਿਤ ਪਾਪੂਆ ਨਿਊ ਗਿਨੀ ਨੂੰ ਔਰਤਾਂ ਲਈ ਸੰਸਾਰ ਦੇ ਸਭ ਤੋਂ ਖਤਰਨਾਕ ਦੇਸਾਂ ਵਿੱਚੋਂ ਇੱਕ ਦੱਸਿਆ ਗਿਆ ਹੈ। ਕੁਝ ਅਨੁਮਾਨਾਂ ਮੁਤਾਬਕ ਪਾਪੂਆ ਨਿਊ ਗਿਨੀ ਵਿੱਚ 70 ਫੀਸਦ ਔਰਤਾਂ ਆਪਣੇ ਜੀਵਨ ਕਾਲ ਵਿੱਚ ਬਲਾਤਕਾਰ ਜਾਂ ਕਿਸੇ ਕਿਸਮ ਦੇ ਜਿਨਸੀ-ਹਿੰਸਾ ਦਾ ਸ਼ਿਕਾਰ ਹੋਣਗੀਆਂ। ਬੀਬੀਸੀ ਨੇ ਪਾਪੂਆ ਨਿਊ ਗਿਨੀ ਦੀ ਰਾਜਧਾਨੀ ਪੋਰਟ ਮੋਰੇਸਬੀ ਦਾ ਦੌਰਾ ਕੀਤਾ ਅਤੇ ਕੁਝ ਅਜਿਹੇ ਲੋਕਾਂ ਨਾਲ ਮੁਲਾਕਾਤ ਕੀਤੀ ਜੋ ਔਰਤਾਂ ਵਿਰੁੱਧ ਹਿੰਸਾ ਨੂੰ ਜਾਇਜ਼ ਠਹਿਰਾਉਂਦੇ ਹਨ। ਪਾਪੂਆ ਨਿਊ ਗਿਨੀ ਦੁਨੀਆਂ ਦੇ ਸਭ ਤੋਂ ਬਦਤਰ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਘਰੇਲੂ ਹਿੰਸਾ ਅਤੇ ਬਲਾਤਕਾਰ ਦੀਆਂ ਦਰਾਂ ਸਭ ਤੋਂ ਵੱਧ ਹਨ। ਪਰ ਇੱਥੇ ਵੱਧ ਚਿੰਤਾ ਇਸ ਗੱਲ ਦੀ ਹੈ ਕਿ ਸਿਰਫ਼ ਕੁਝ ਗਿਣੇ-ਚੁਣੇ ਲੋਕਾਂ ਨੂੰ ਹੀ ਬਲਾਤਕਾਰ ਦੀ ਸਜ਼ਾ ਮਿਲ ਪਾਂਦੀ ਹੈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜਨਵਰੀ ਤੋਂ ਮਈ 2018 ਦੌਰਾਨ ਘਰੇਲੂ ਹਿੰਸਾ ਅਤੇ ਬਲਾਤਕਾਰ ਦੇ ਘੱਟੋ-ਘੱਟ 6000 ਮਾਮਲੇ ਦਰਜ ਕੀਤੇ ਗਏ ਹਨ। ਉਸ ਨੇ ਦੱਸਿਆ, "ਇਹ ਉਹ ਕੇਸ ਹਨ ਜੋ ਦਰਜ ਕੀਤੇ ਗਏ ਹਨ, ਤੁਸੀਂ ਸੋਚ ਸਕਦੇ ਹੋ ਕਿ ਅਜਿਹੇ ਕਿੰਨ੍ਹੇ ਕੇਸ ਹੋਣਗੇ ਜਿਨ੍ਹਾਂ ਨੂੰ ਕਿਤੇ ਵੀ ਦਰਜ ਨਹੀਂ ਕੀਤਾ ਗਿਆ।

"ਇਹ ਇਸ ਲਈ ਹੈ ਕਿਉਂਕਿ ਜੇ ਤੁਸੀਂ ਪਾਪੂਆ ਨਿਊ ਗਿਨੀ ਵਿੱਚ ਕਿਸੇ ਆਮ ਵਿਅਕਤੀ ਨੂੰ ਪੁੱਛਦੇ ਹੋ, ਤਾਂ ਉਹ ਕਹੇਗਾ ਕਿ ਇਹ ਇੱਕ ਆਮ ਗੱਲ ਹੈ। ਕੋਈ ਵੀ ਔਰਤ ਜੋ ਗਰਲਫ੍ਰੈਂਡ, ਪਤਨੀ ਜਾਂ ਦੋਸਤ ਹੈ, ਉਸ ਨਾਲ ਹਿੰਸਾ ਹੋਣਾ ਇੱਥੇ ਆਮ ਹੈ।"

**'ਸਭ ਤੋਂ ਆਸਾਨ ਸ਼ਿਕਾਰ ਹਨ ਔਰਤਾਂ'**

ਪਾਪੂਆ ਨਿਊ ਗਿਨੀ ਵਿੱਚ ਸਥਾਨਕ ਗੈਂਗਸਟਰਾਂ ਨੂੰ 'ਰਾਸਕਲਜ਼' ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ 'ਤੇ ਬਲਾਤਕਾਰ ਦੇ ਸਭ ਤੋਂ ਵੱਧ ਦੋਸ਼ ਲੱਗੇ ਹਨ। ਇਨ੍ਹਾਂ ਲੋਕਾਂ ਦੇ ਅਨੁਸਾਰ, ਕਿਸੇ ਔਰਤ ਦਾ ਸਮੂਹਿਕ ਬਲਾਤਕਾਰ ਕਰਨਾ ਪਾਪੂਆ ਨਿਊ ਗਿਨੀ ਦੇ ਗੈਂਗਸਟਰਾਂ ਦੀ ਰੋਜ਼ਾਨਾ ਜਿੰਦਗੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੈ। ਇਹ ਲੋਕ ਇਸ ਬਾਰੇ ਖੁੱਲ੍ਹੇਆਮ ਗੱਲ ਕਰਦੇ ਹਨ। ਉਹਨਾਂ ਨੂੰ ਕੈਮਰੇ ਅਤੇ ਪੁਲਿਸ ਦਾ ਕੋਈ ਡਰ ਨਹੀਂ ਹੈ। ਇੱਕ 'ਰਾਸਕਲ' ਨੇ ਬੀਬੀਸੀ ਨੂੰ ਦੱਸਿਆ, "ਔਰਤਾਂ ਇੱਥੇ ਸਭ ਤੋਂ ਸੌਖਾ ਸ਼ਿਕਾਰ ਹਨ, ਉਨ੍ਹਾਂ ਨੂੰ ਲੁੱਟਣਾ ਆਸਾਨ ਹੈ, ਉਨ੍ਹਾਂ ਨੂੰ ਕੁੱਟਣਾ ਸੌਖਾ ਹੈ। ਜੇ ਤੁਸੀਂ ਸੜਕ 'ਤੇ ਇੱਕ ਔਰਤ ਨੂੰ ਕੁੱਟਦੇ ਹੋ, ਤਾਂ ਕੋਈ ਵੀ ਇਸਦਾ ਵਿਰੋਧ ਨਹੀਂ ਕਰੇਗਾ, ਇਹ ਕਾਫ਼ੀ ਆਮ ਗੱਲ ਹੈ।"

**ਹਰ ਸਮੇਂ ਡਰ ਦਾ ਸਾਇਆ**

ਜੇ ਤੁਸੀਂ ਪੋਰਟ ਮੋਰੇਸਬੀ ਸ਼ਹਿਰ ਵਿੱਚ ਕਿਸੇ ਔਰਤ ਵੱਲ ਧਿਆਨ ਨਾਲ ਦੇਖਦੇ ਹੋ, ਉਸ ਦੀਆਂ 'ਹਰ ਵੇਲੇ ਸਹਿਮੀਆਂ ਅੱਖਾਂ' ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਲਗਾਤਾਰ ਖ਼ਤਰੇ ਵਿਚ ਰਹਿ ਰਹੀਆਂ ਹਨ। ਸ਼ਹਿਰ ਵਿੱਚ ਔਰਤਾਂ ਵਿਰੁੱਧ ਹਿੰਸਾ ਦੀਆਂ ਇੰਨੀਆਂ ਜ਼ਿਆਦਾ ਘਟਨਾਵਾਂ ਹਨ ਕਿ ਸਰਕਾਰ ਨੂੰ ਇੱਥੇ 'ਸੁਰੱਖਿਅਤ ਘਰ' ਨਾਂ ਦੇ ਘਰ ਸਥਾਪਤ ਕਰਨੇ ਪਏ ਹਨ। ਇੱਕ ਸੁਰੱਖਿਅਤ ਘਰ ਵਿਚ ਅਸੀਂ ਸੁਜ਼ੈਨ ਨਾਲ ਮੁਲਾਕਾਤ ਕੀਤੀ, ਜੋ ਪਿਛਲੇ ਦੋ ਮਹੀਨਿਆਂ ਤੋਂ ਆਪਣੇ ਬੱਚਿਆਂ ਨਾਲ ਇੱਥੇ ਰਹਿ ਰਹੀ ਹੈ। ਉਸਦਾ ਵਿਆਹ ਸਾਲ 2000 ਵਿਚ ਹੋਇਆ ਸੀ ਅਤੇ 18 ਸਾਲ ਚੱਲੀ ਘਰੇਲੂ ਹਿੰਸਾ ਤੋਂ ਬਾਅਦ ਸੁਜ਼ੈਨ ਦੀ ਹਿੰਮਤ ਨੇ ਜਵਾਬ ਦਿੱਤਾ। ਸੁਜ਼ੈਨ ਨੇ ਕਿਹਾ, "ਉਹ ਮੈਨੂੰ ਬਹੁਤ ਮਾਰਦਾ ਸੀ, ਉਸ ਨੇ ਇਸ ਸਾਲ ਹੀ ਮੇਰਾ ਹੱਥ ਕੱਟ ਦਿੱਤਾ ਸੀ, ਮੈਨੂੰ ਹਥੇਲੀ 'ਤੇ 35 ਟਾਂਕੇ ਲੱਗਵਾਉਣੇ ਪਏ ਸਨ, ਉਸਨੇ ਮੈਨੂੰ ਕੁੱਟਣਾ ਜਾਰੀ ਰੱਖਿਆ ਅਤੇ ਮੈਨੂੰ ਡਰ ਦੇ ਨਾਲ ਘਰ ਦੀ ਦੂਜੀ ਮੰਜ਼ਲ ਤੋਂ ਕੁੱਦਣਾ ਪਿਆ, ਇਸ ਕਰਕੇ ਮੇਰਾ ਸੱਜਾ ਪੈਰ ਟੁੱਟ ਗਿਆ।" ਸੁਜ਼ੈਨ ਨੇ ਕਿਹਾ ਕਿ ਉਸਦਾ ਪਤੀ ਉਸ ਨੂੰ ਆਪਣੀ "ਜਾਇਦਾਦ" ਸਮਝਦਾ ਸੀ ਅਤੇ ਉਸ ਦਾ ਪਰਿਵਾਰ ਉਸ ਨੂੰ ਰੋਕ ਨਹੀਂ ਸਕਦਾ ਸੀ। ਮੈਰੀਸਾ ਨੇ ਵੀ 'ਸੇਫ਼ ਹਾਊਸ' ਵਿਚ ਆਸਰਾ ਮੰਗਿਆ ਸੀ। ਪਰ ਨੇਮਾਂ ਅਨੁਸਾਰ, ਇੱਥੇ ਲਈ ਉਨ੍ਹਾਂ ਦੀ ਉਮਰ ਵੱਧ ਸੀ। ਸੇਫ਼ ਹਾਊਸ ਦੀ ਮੈਨੇਜਰ ਨੇ ਉਨ੍ਹਾਂ ਨੂੰ ਨੇਮਾਂ ਦੀ ਮਜਬੂਰੀ ਸਮਝਾਈ ਅਤੇ ਮੈਰਿਸਾ ਨੂੰ ਵਾਪਸ ਜਾਣਾ ਪਿਆ। ਮੈਰੀਸਾ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਕਿਹਾ, "ਮੇਰੇ ਜਵਾਈ ਨੇ ਮੈਨੂੰ ਬੇਲਟ ਨਾਲ ਕੁੱਟਿਆ, ਉਹ ਮੇਰੇ ਨਾਲ ਸੈਕਸ ਕਰਨਾ ਚਾਹੁੰਦਾ ਹੈ, ਮੈਂ ਉਸ ਨੂੰ ਇਹ ਕਰਨ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੀ, ਮੈਨੂੰ ਘਰ ਵਾਪਸ ਜਾਣ ਤੋਂ ਡਰ ਲੱਗਦਾ ਹੈ, ਉਹ ਇਕ ਚਾਕੂ ਰੱਖਦਾ ਹੈ ਅਤੇ ਉਹ ਮੇਰੀ ਧੀ ਨੂੰ ਵੀ ਬਹੁਤ ਕੁੱਟਦਾ ਹੈ।" ਮੈਰਿਸਾ ਨੇ ਦੱਸਿਆ ਕਿ ਉਸ ਦੇ ਜਵਾਈ ਨੇ ਆਪਣੀਆਂ ਦੋ ਬੇਟੀਆਂ ਨਾਲ ਵੀ ਬਲਾਤਕਾਰ ਕੀਤਾ ਹੈ। ਪਰ ਉਸ ਦੇ ਪਰਿਵਾਰ ਨੂੰ ਪੁਲਿਸ ਤੋਂ ਕੋਈ ਮਦਦ ਪ੍ਰਾਪਤ ਨਹੀਂ ਹੋਈ ਹੈ।

**ਕਾਨੂੰਨ ਤੋਂ ਮਦਦ**

ਸਿਰਫ਼ ਪੰਜ ਸਾਲ ਪਹਿਲਾਂ ਪਾਪੂਆ ਨਿਊ ਗਿਨੀ ਵਿਚ 'ਫੈਮਿਲੀ ਪ੍ਰੋਟੈਕਸ਼ਨ ਐਕਟ' ਬਣਾਇਆ ਗਿਆ ਹੈ । ਇਸ ਕਾਨੂੰਨ ਦੇ ਅਨੁਸਾਰ, 'ਘਰੇਲੂ ਹਿੰਸਾ ਇੱਕ ਜੁਰਮ ਹੈ, ਜਿਸ ਲਈ ਦੋ ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ



ਜਾਂ ਦੋਸ਼ੀ ਨੂੰ ਦੋ ਹਜ਼ਾਰ ਅਮਰੀਕੀ ਡਾਲਰ ਜੁਰਮਾਨਾ ਦੇਣਾ ਪੈ ਸਕਦਾ ਹੈ।' ਇਸ ਕਾਨੂੰਨ ਨਾਲ ਜੈਨੇਟ ਵਰਗੀਆਂ ਔਰਤਾਂ ਦੇ ਹੌਂਸਲੇ ਵਧੇ ਹਨ, ਜਿਸ ਨੇ ਕੁਝ ਦਿਨ ਪਹਿਲਾਂ ਹੀ ਘਰੇਲੂ ਹਿੰਸਾ ਕਾਰਨ ਆਪਣਾ ਘਰ ਛੱਡ ਦਿੱਤਾ ਸੀ। ਉਹ ਕਹਿੰਦੀ ਹੈ, "ਮੈਨੂੰ ਆਪਣੇ ਛੋਟੇ ਬੱਚਿਆਂ ਨੂੰ ਛੱਡ ਕੇ ਭੱਜਣਾ ਪਿਆ, ਪਰ ਮੈਂ ਪੁਲਿਸ ਤੋਂ ਮਦਦ ਲੈਣਾ ਚਾਹੁੰਦੀ ਹਾਂ, ਪਾਪੂਆ ਨਿਊ ਗਿਨੀ ਵਿੱਚ ਘਰੇਲੂ ਹਿੰਸਾ ਦੇ ਵਿਰੁੱਧ ਰਿਪੋਰਟ ਕਰਨ ਦਾ ਬਹੁਤ ਘੱਟ ਰਿਵਾਜ਼ ਹੈ। ਔਰਤਾਂ ਸ਼ਿਕਾਇਤ ਕਰਨ ਤੋਂ ਬਚਦੀਆਂ ਹਨ, ਪਰ ਮੈਂ ਕਾਨੂੰਨ ਦੀ ਮਦਦ ਨਾਲ ਆਪਣੇ ਬੱਚਿਆਂ ਨੂੰ ਉਥੋਂ ਕੱਢਣਾ ਚਾਹੁੰਦੀ ਹਾਂ।" ਪਾਪੂਆ ਨਿਊ ਗਿਨੀ ਦਾ ਸਮਾਜ ਪੁਸ਼ਤੈਨੀ ਖਿਆਲਾਂ ਵਾਲਾ ਸਮਾਜ ਹੈ, ਇਥੇ ਘਰ ਦੇ ਸਾਰੇ ਫੈਸਲੇ ਲੈਣ ਦਾ ਹੱਕ ਮਰਦਾਂ ਦੇ ਹੱਥਾਂ ਵਿਚ ਹੈ । ਪਰ ਵਿਆਹੇ ਹੋਏ ਮਰਦਾਂ ਦੀ ਇਸ ਬਾਰੇ ਕੀ ਰਾਏ ਹੈ ? ਬੀਬੀਸੀ ਨੇ ਇਹ ਜਾਣਨ ਲਈ ਜੈਨੇਟ ਦੇ ਪਤੀ ਨਾਲ ਵੀ ਗੱਲ ਕੀਤੀ । ਉਸ ਨੇ ਕਿਹਾ, "ਮੈਂ ਨੌਕਰੀ ਕਰਦਾ ਹਾਂ, ਮੈਂ ਇੱਕ ਸਕੂਲ ਵਿੱਚ ਪੜ੍ਹਾਉਂਦਾ ਹਾਂ, ਮੈਂ ਹਿੰਸਾ ਕਿਉਂ ਕਰਾਂਗਾ ? ਜੈਨੇਟ ਨੇ ਮੈਨੂੰ ਥੱਪੜ ਮਾਰਿਆ ਸੀ, ਜਿਸ ਤੋਂ ਬਾਅਦ ਮੈਂ ਉਸ 'ਤੇ ਹੱਥ ਚੁੱਕਿਆ, ਮੈਂ ਉਸ ਦੇ ਚਿਹਰੇ 'ਤੇ ਸਿਰਫ਼ ਇੱਕ ਮੁੱਕਾ ਮਾਰਿਆ ਸੀ।" ਜੈਨੇਟ ਦੇ ਪਤੀ ਨੇ ਕਿਹਾ ਕਿ ਉਸ ਦੀ ਪਤਨੀ ਦਾ ਰਵੱਈਆ ਸਹੀ ਨਹੀਂ ਹੈ।

**ਪਰ 'ਮਾੜੇ ਰਵੱਈਏ' ਦਾ ਕੀ ਮਤਲਬ ਹੈ ?**

ਇਸ ਦੇ ਜਵਾਬ ਵਿਚ ਉਸ ਨੇ ਕਿਹਾ, "ਉਹ ਮੇਰੀ ਗੱਲ ਨਹੀਂ ਸੁਣਦੀ, ਉਹ ਉਹੀ ਕਰਦੀ ਹੈ ਜੋ ਉਸ ਦਾ ਦਿਲ ਚਾਹੁੰਦਾ ਹੈ, ਉਹ ਬੱਚਿਆਂ ਨੂੰ ਦੁੱਧ ਤੱਕ ਨਹੀਂ ਪਿਲਾਉਂਦੀ, ਘਰ ਦਾ ਕੋਈ ਕੰਮ ਉਸ ਨੂੰ ਨਹੀਂ ਆਉਂਦਾ, ਉਹ ਮੈਨੂੰ ਭੜਕਾਉਂਦੀ ਹੈ, ਸਿਰਫ ਤਾਂ ਮੈਂ ਹਿੰਸਾ ਕਰਨ ਲਈ ਮਜ਼ਬੂਰ ਹੁੰਦਾ ਹਾਂ।" ਇਸ ਗੱਲਬਾਤ ਤੋਂ ਥੋੜ੍ਹੀ ਦੇਰ ਬਾਅਦ, ਜੈਨੇਟ ਦੇ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੈਨੇਟ ਨੇ ਆਪਣੇ ਬੱਚਿਆਂ ਨਾਲ ਮੁਲਾਕਾਤ ਕੀਤੀ, ਅਤੇ ਕੁਝ ਦਿਨਾਂ ਬਾਅਦ ਹੀ ਆਪਣੇ ਪਰਿਵਾਰ ਦੇ ਕਹਿਣ 'ਤੇ ਉਸ ਨੇ ਆਪਣੇ ਪਤੀ 'ਤੇ ਲਗਾਏ ਸਾਰੇ ਦੋਸ਼ ਵਾਪਸ ਲੈ ਲਏ। ਪੋਰਟ ਮੋਰੇਸਬੀ ਸ਼ਹਿਰ ਦੇ ਬਾਹਰੀ ਇਲਾਕੇ ਵਿੱਚ ਪਾਪੂਆ ਨਿਊ ਗਿਨੀ ਦੀ ਸਭ ਤੋਂ ਵੱਡੀ ਜੇਲ੍ਹ ਬੋਮਾਨਾ ਦਾ ਵੀ ਦੌਰਾ ਕੀਤਾ। ਇੱਥੇ ਅਸੀਂ ਕੈਦੀਆਂ ਅਤੇ ਨਾਬਾਲਗਾਂ ਦੇ ਸਮੂਹ ਨਾਲ ਮੁਲਾਕਾਤ ਕੀਤੀ। 27 ਲੋਕਾਂ ਦੇ ਇਸ ਸਮੂਹ ਵਿੱਚ 12 ਮੁੰਡਿਆਂ 'ਤੇ ਬਲਾਤਕਾਰ ਦੇ ਦੋਸ਼ ਹਨ। ਪੁਲਿਸ ਅਨੁਸਾਰ ਬਲਾਤਕਾਰ ਦਾ ਸਭ ਤੋਂ ਘੱਟ ਉਮਰ ਦਾ ਦੋਸ਼ੀ 13 ਸਾਲ ਦਾ ਮੁੰਡਾ ਹੈ। ਅਸੀਂ ਜੇਲ੍ਹ ਵਿੱਚ 39 ਸਾਲਾ ਕੈਦੀ ਰੂਬੇਨ ਨਾਲ ਵੀ ਗੱਲ ਕੀਤੀ, ਜਿਸ 'ਤੇ ਦਸ ਸਾਲ ਦੀ ਕੁੜੀ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ। ਉਸਨੇ ਬੜੇ ਆਰਾਮ ਨਾਲ ਸਾਰੀ ਕਹਾਣੀ ਦੱਸਦਿਆਂ ਹੋਇਆਂ ਕਿਹਾ ਕਿ ਉਹ ਕੁੜੀ ਉਸ ਦੇ ਘਰ ਆਈ ਸੀ। ਉਸ ਨੇ ਕਿਹਾ, "ਮੈਂ ਇਸ ਨੂੰ ਬਲਾਤਕਾਰ ਨਹੀਂ ਸਮਝਦਾ ਕਿਉਂਕਿ ਉਹ ਮੇਰੇ ਘਰ ਆਪ ਆਈ ਸੀ। ਮੈਂ ਕਿਸੇ ਵੀ ਹਥਿਆਰ ਦੇ ਦਮ 'ਤੇ ਉਸਦੇ ਘਰ ਜਾ ਕੇ ਇਹ ਸਭ ਨਹੀਂ ਕੀਤਾ।" ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਾਪੂਆ ਨਿਊ ਗਿਨੀ ਵਿਚ ਬਲਾਤਕਾਰ ਦੀ ਵੱਧ ਤੋਂ ਵੱਧ ਸਜ਼ਾ ਪੰਜ ਸਾਲ ਦੀ ਕੈਦ ਹੈ ਅਤੇ ਨਾਬਾਲਗਾਂ ਦੇ ਮਾਮਲੇ ਵਿਚ ਵੱਧ ਤੋਂ ਵੱਧ ਸਜ਼ਾ ਦੋ ਸਾਲ ਜੇਲ੍ਹ ਹੈ। ਪੁਲਿਸ ਇਹ ਮੰਨਦੀ ਹੈ ਕਿ ਬਲਾਤਕਾਰ ਵਰਗੇ ਜੁਰਮ ਲਈ ਇਹ ਸਜ਼ਾ ਕਾਫੀ ਨਹੀਂ ਹੈ।

# ਕੈਪਟਨ-ਬਾਦਲ ਦੀਆਂ ਰੈਲੀਆਂ ਦੀ ਧੂੜ 'ਚ ਰੁਲੇ ਪੰਜਾਬੀਆਂ ਦੇ ਮੁੱਦੇ

ਇਸ ਰੈਲੀ ਦਾ ਐਲਾਨ ਉਦੋਂ ਹੋਇਆ ਜਦੋਂ ਸੂਬਾ ਪੂਰੀ ਤਰ੍ਹਾਂ ਸ਼ਾਸਨ ਦੇ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ।

**ਰੈਲੀਆਂ ਦਾ ਮਕਸਦ**

ਸੱਤਾਧਾਰੀ ਪਾਰਟੀ ਨੂੰ ਇਸ ਦਲਦਲ ਵਿੱਚੋਂ ਬਾਹਰ ਨਿਕਲਣ ਲਈ ਪੂਰਾ ਧਿਆਨ ਦੇਣ ਅਤੇ ਵਿਰੋਧੀ ਪਾਰਟੀਆਂ ਦੇ ਸਮਰਥਨ ਦੀ ਲੋੜ ਹੈ। ਜ਼ਮੀਨੀ ਪੱਧਰ 'ਤੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੋਵੇਂ ਹੀ ਜਨਤਾ ਦੇ ਭਰੋਸੇ ਦੀ ਕਮੀ ਨਾਲ ਜੂਝ ਰਹੀਆਂ ਹਨ। ਕਾਂਗਰਸ ਵੱਲੋਂ ਬਾਦਲ ਦੇ ਹਲਕੇ ਵਿੱਚ ਰੈਲੀ ਕਰਨ ਦੇ ਐਲਾਨ ਦਾ ਮਕਸਦ ਅਕਾਲੀ ਦਲ ਨੂੰ ਉਨ੍ਹਾਂ ਦੇ ਗੜ੍ਹ ਵਿੱਚ ਬੇਅਦਬੀ ਦੇ ਮੁੱਦੇ ਉੱਤੇ ਘੇਰਨਾ ਹੈ। ਦੂਜੇ ਪਾਸੇ ਅਕਾਲੀ ਦਲ ਦੇ ਰੈਲੀ ਕਰਨ ਦੇ ਐਲਾਨ ਦਾ ਮਕਸਦ ਕੈਪਟਨ ਸਰਕਾਰ ਨੂੰ ਉਸੇ ਦੇ ਗੜ੍ਹ ਵਿੱਚ ਉਨ੍ਹਾਂ ਵੱਲੋਂ ਚੋਣਾਂ ਵਿੱਚ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਹੋਣਾ ਅਤੇ ਸੂਬੇ ਵਿੱਚ ਮਾੜੇ ਸ਼ਾਸਨ ਨੂੰ ਗਿਣਵਾਉਣਾ ਹੈ। ਇਹ ਦਰਸਾਉਂਦਾ ਹੈ ਕਿ ਦੋਵਾਂ ਪਾਰਟੀਆਂ ਵੱਲੋਂ ਏਜੰਡੇ ਦਾ ਵਟਾਂਦਰਾ ਕੀਤਾ ਜਾ ਰਿਹਾ ਹੈ ਜਿਵੇਂ ਕਾਂਗਰਸ ਧਾਰਮਿਕ ਮੁੱਦਿਆਂ 'ਤੇ ਰਾਗ ਅਲਾਪ ਰਹੀ ਹੈ ਤੇ ਆਪਣਾ ਬਚਾਅ ਕਰਦੀ ਅਕਾਲੀ ਦਲ ਧਾਰਮਿਕ ਮੁੱਦਿਆਂ ਤੋਂ ਹਟ ਕੇ ਗੱਲ ਕਰ ਰਹੀ ਹੈ। ਸੱਤਾਧਾਰੀ ਕਾਂਗਰਸ ਸਰਕਾਰ ਨੇ ਜਦੋਂ ਦਾ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦਾ ਮੁੱਦਾ ਸਿਆਸਤ ਵਿੱਚ ਲਿਆਂਦਾ ਹੈ ਉਦੋਂ ਦਾ 70 ਅਤੇ 80 ਦੇ ਦਹਾਕੇ ਦਾ ਕਾਲਾ ਦੌਰ ਯਾਦ ਆ ਰਿਹਾ ਹੈ। ਕਿਸੇ ਨੂੰ ਵੀ ਦੇਖ ਕੇ ਅਜਿਹਾ ਨਹੀਂ ਲੱਗ ਰਿਹਾ ਕਿ ਕੋਈ ਵੀ ਸਿਆਸੀ ਪਾਰਟੀ ਸਮਾਜਿਕ-ਰਾਜਨੀਤਿਕ ਉਥਲ-ਪੁਥਲ ਦੀਆਂ ਜੜ੍ਹਾਂ ਦਾ ਕਾਰਨ ਲੱਭਣ ਵਿੱਚ ਸਮਰੱਥ ਹੈ ਜਾਂ ਦਿਲਚਸਪੀ ਰੱਖਦੀ ਹੈ।

ਇਨ੍ਹਾਂ ਪਾਰਟੀਆਂ ਦਾ ਅੰਤਿਮ ਟੀਚਾ ਇੱਕੋ ਜਿਹਾ ਹੀ ਲੱਗਦਾ ਹੈ। ਦੋਵੇਂ ਵਿਰੋਧੀਆਂ ਨੂੰ ਬਦਨਾਮ ਕਰਨ ਅਤੇ ਨੀਵਾਂ ਦਿਖਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ ਤਾਂ ਜੋ ਪੰਜਾਬ ਵਿੱਚ ਜਿਹੜੇ ਹਾਲਾਤ ਬਣੇ ਹਨ ਉਸਦਾ ਸਭ ਤੋਂ ਵੱਧ ਸਿਆਸੀ ਫਾਇਦਾ ਉਹ ਲੈ ਸਕਣ।

**ਪੁਰਾਣੀ ਸਰਕਾਰ ਦੇ ਨਕਸ਼ੇ ਕਦਮ 'ਤੇ ਕਾਂਗਰਸ**

ਮੌਜੂਦਾ ਹਾਲਾਤ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਨਿਰਾਸ਼ਾਵਾਦ ਵਧ ਰਿਹਾ ਹੈ ਅਤੇ ਕੋਈ ਵੀ ਸੂਬੇ ਵਿੱਚ ਨਹੀਂ ਰਹਿਣਾ ਚਾਹੁੰਦਾ। ਬੇਅਦਬੀ ਵਰਗੇ ਮੁੱਦਿਆਂ ਉੱਤੇ ਅਕਾਲੀ ਦਲ ਨੂੰ ਘੇਰਨ ਲਈ ਸੱਤਾਧਾਰੀ ਪਾਰਟੀ ਵੱਲੋਂ ਲੰਬੀ ਵਿੱਚ ਰੈਲੀ ਕਰਨ ਦਾ ਮਕਸਦ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵੱਲੋਂ ਕਲੀਨ ਸਵੀਪ ਕਰਨ ਦੀ ਤਿਆਰੀ ਹੈ। ਇਸ ਤੋਂ ਇਲਾਵਾ ਇਸਦਾ ਸਿਆਸੀ ਉਦੇਸ਼ ਨਾ ਸਿਰਫ਼ ਅਕਾਲੀ ਦਲ ਨੂੰ ਉਨ੍ਹਾਂ ਦੇ ਮਜ਼ਬੂਤ ਗੜ੍ਹ ਵਿੱਚ ਨੀਵਾਂ ਦਿਖਾਉਣਾ ਹੈ ਸਗੋਂ ਬਾਦਲਾਂ ਵੱਲੋਂ 10 ਸਾਲ ਦੇ ਕਾਰਜਕਾਲ ਵਿੱਚ ਪੰਜਾਬ 'ਚ ਜੋ ਕੀਤਾ ਗਿਆ, ਉਸ ਖ਼ਿਲਾਫ਼ ਵੀ ਆਵਾਜ਼ ਚੁੱਕਣਾ ਹੈ। 2007 ਤੋਂ ਬਾਅਦ ਸੱਤਾ ਵਿੱਚ ਵਾਪਸੀ ਕਰਨ ਤੋਂ ਬਾਅਦ ਵੀ ਪਾਰਟੀ ਦਾ ਏਜੰਡਾ ਬਦਲਿਆ ਨਹੀਂ ਹੈ। ਜ਼ਮੀਨੀ ਪੱਧਰ ਉੱਤੇ ਕੁਝ ਵੀ ਨਹੀਂ ਬਦਲਿਆ। ਸੰਸਥਾਗਤ ਭ੍ਰਿਸ਼ਟਾਚਾਰ ਜਿਵੇਂ ਰੇਤ, ਸ਼ਰਾਬ, ਟਰਾਂਸਪੋਰਟ, ਰੈਵੀਨਿਊ, ਪੁਲਿਸ- ਸਭ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ। ਸਿਆਸਤ ਅਤੇ ਅਫ਼ਸਰਸ਼ਾਹੀ ਦਾ ਜੋੜ ਬਰਕਰਾਰ ਰਿਹਾ ਕਿਉਂਕਿ 2017 ਦੀਆਂ ਚੋਣਾਂ ਵਿੱਚ ਕੀਤੇ ਗਏ ਆਮ ਜਨਤਾ ਨਾਲ ਵਾਅਦਿਆਂ ਨੂੰ ਪੂਰਾ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਹਨ। ਪਿਛਲੇ ਡੇਢ ਸਾਲ ਵਿੱਚ ਸਰਕਾਰ ਕਈ ਵੱਡੇ ਮੁੱਦਿਆਂ ਉੱਤੇ ਫੇਲ੍ਹ ਹੋਈ ਹੈ। ਮੌਜੂਦਾ ਸਰਕਾਰ ਵੀ ਪਿਛਲੀ ਸਰਕਾਰ ਦੇ ਨਕਸ਼ੇ-ਕਦਮਾਂ ਉੱਤੇ ਚਲਦੀ ਹੋਈ ਵਿਖਾਈ ਦੇ ਰਹੀ ਹੈ। ਸੂਬੇ ਵਿੱਚ ਮੌਜੂਦਾ ਹਾਲਾਤ ਅਜਿਹੇ ਹਨ ਜਿੱਥੇ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਨਾਉਮੀਦ ਜਨਤਾ ਨਸ਼ੇ ਨਾਲ ਮਰ ਰਹੀ ਹੈ, ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਬੇਰੁਜ਼ਗਾਰੀ ਵਧ ਰਹੀ ਹੈ, ਚੀਜ਼ਾਂ ਦੀਆਂ ਕੀਮਤਾਂ ਵਧ ਰਹੀਆਂ ਹਨ, ਗੈਂਗ-ਵਾਰ ਲਗਾਤਾਰ ਚੱਲ ਰਹੀਆਂ ਹਨ। ਸ਼ਾਸਕਾਂ, ਛੋਟੇ ਸਿਆਸਤਦਾਨਾਂ, ਸਿਆਸੀ ਕਠੋਰਤਾ, ਸਿਆਸੀ ਬਦਲਾਖੋਰੀ, ਲਗਾਤਾਰ ਵਧ ਰਹੇ ਲਾਲਚ ਅਤੇ ਨੈਤਿਕ ਤੌਰ 'ਤੇ ਭ੍ਰਿਸ਼ਟ ਅਗਵਾਈ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ ਹੈ। ਜੇ ਪੰਜਾਬ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਇਹ ਬਹੁਤ ਵੀ ਗੌਰਵ ਵਾਲਾ ਰਿਹਾ ਹੈ। ਕਈ ਸਮਾਜਿਕ ਬੁਰਾਈਆਂ ਦਾ ਅੰਤ ਪੰਜਾਬ ਦੀ ਧਰਤੀ 'ਤੇ ਹੋਇਆ।ਭਾਵੇਂ ਉਹ ਸੁਤੰਤਰਤਾ ਸੰਗ੍ਰਾਮ ਹੋਵੇ ਜਾਂ ਆਜ਼ਾਦੀ ਤੋਂ ਬਾਅਦ ਦੇਸ ਦੀ ਅਰਥਵਿਵਸਥਾ ਦਾ ਸੁਧਾਰ ਕਰਨਾ ਹੋਵੇ। ਪੰਜਾਬ ਸੂਰਬੀਰਾਂ ਦੀ ਧਰਤੀ ਸੀ ਜਿੱਥੋਂ ਖੇਡ ਜਗਤ ਦੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਨਿਕਲੀਆਂ। ਪਰ ਨਸ਼ੇ ਦੀ ਲਤ, ਗਰੀਬੀ ਅਤੇ ਕਈ ਹੋਰ ਕਾਰਨਾਂ ਕਰਕੇ ਪੰਜਾਬ ਦਾ ਨੌਜਵਾਨ ਵਿਕਸਿਤ ਦੇਸਾਂ ਦਾ ਰੁਖ ਕਰ ਰਿਹਾ ਹੈ।

# ਟ੍ਰਿਪਲ ਬ੍ਰੈਸਟ ਬਣਿਆ ਫੈਸ਼ਨ ਇੰਡਸਟਰੀ ਦਾ ਨਵਾਂ ਟਰੈਂਡ !

(ਸਫਾ ਇੱਕ ਦੀ ਬਾਕੀ)

ਹਫਪੋਸਟ ਮੁਤਾਬਕ ਕਾਲਸਾ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਉਨ੍ਹਾਂ ਦੀ ਮਾਂ ਨੂੰ ਛਾਤੀ ਦਾ ਕੈਂਸਰ ਸੀ ਅਤੇ ਇਹ ਪਤਾ ਲਗਣਾ ਉਨ੍ਹਾਂ ਲਈ ਨੀਂਦ ਟੁੱਟਣ ਵਰਗਾ ਸੀ ਕਿ ਸਾਡਾ ਭਵਿੱਖ ਕੀ ਹੋਣ ਵਾਲਾ ਹੈ ? ਇਸ ਲਈ ਉਨ੍ਹਾਂ ਨੇ ਅਜਿਹੇ ਕਲਪਨਾਤਮਿਕ ਸੰਸਾਰ ਨੂੰ ਬਣਾਉਣ ਵਿੱਚ ਆਪਣੀ ਪੂਰੀ ਤਾਕਤ ਲਾ ਦਿੱਤੀ ਜਿੱਥੇ ਉਹ ਖੁਦ ਨੂੰ ਜ਼ਾਹਿਰ ਕਰ ਸਕਣ। ਕਾਲਸਾ ਨੇ ਕਿਹਾ ਕਿ ਤਿੰਨ ਬ੍ਰੈਸਟ ਬਣਾਉਣਾ ਸਿਰਫ਼ 'ਟੋਟਲ ਰੀਕਾਲ' ਨਹੀਂ, ਸਗੋਂ ਇਹ ਇੱਕ ਤਰ੍ਹਾਂ ਦਾ ਸਿਆਸੀ ਬਿਆਨ ਵੀ ਹੈ ਅਤੇ ਉਹ ਵੀ ਉਸ ਵੇਲੇ ਜਦੋਂ ਕਲਾ ਅਤੇ ਸੱਭਿਆਚਾਰ ਬਾਰੇ ਹੋਰ ਸੋਚਣਾ ਜ਼ਰੂਰੀ ਹੈ। ਤਿੰਨ ਬ੍ਰੈਸਟ ਦਾ ਵਿਚਾਰ ਇਸ ਵਿੱਚ ਮਦਦਗਾਰ ਸਾਬਿਤ ਹੋ ਸਕਦਾ ਹੈ। ਇੱਕ ਤਰ੍ਹਾਂ ਕਾਲਸਾ ਨੇ ਤਿੰਨ ਬ੍ਰੈਸਟ ਨੂੰ ਸੱਭਿਆਚਾਰ ਅਤੇ ਕਲਾ ਵਿੱਚ ਜ਼ਿਆਦਾ ਯੋਗਦਾਨ ਦੇਣ ਦੀ ਲੋੜ ਨਾਲ ਜੋੜਿਆ ਹੈ। ਕਾਲਸਾ ਨੇ ਇਸ ਬ੍ਰਾਂਡ ਦੀ ਸ਼ੁਰੂਆਤ ਸਾਲ 2014 ਵਿੱਚ ਕੀਤੀ ਸੀ।

ਇਸ ਫੈਸ਼ਨ ਸ਼ੋਅ ਵਿੱਚ ਦੋ ਮਾਡਲਾਂ ਨੂੰ ਤਿੰਨ ਬ੍ਰੈਸਟ ਨਾਲ ਲਿਆਇਆ ਗਿਆ ਸੀ। ਇਸ ਵਿੱਚ ਖਾਸ ਤੌਰ 'ਤੇ ਗੋਰੇ ਅਤੇ ਕਾਲੇ ਦੋਹਾਂ ਰੰਗਾਂ ਦੀਆਂ ਮਾਡਲਾਂ ਦੀ ਵਰਤੋਂ ਕੀਤੀ ਗਈ ਸੀ।

**ਸੋਸ਼ਲ ਮੀਡੀਆ 'ਤੇ ਚਰਚਾ**



ਸੋਸ਼ਲ ਮੀਡੀਆ 'ਤੇ ਵੀ ਤਿੰਨ ਬ੍ਰੈਸਟ ਦੇ ਵਿਚਾਰ 'ਤੇ ਚਰਚਾ ਛਿੜ ਗਈ। ਕਿਸੇ ਨੇ ਇਸ ਦਾ ਮਜ਼ਾਕ ਬਣਾਇਆ ਤਾਂ ਕਿਸੇ ਨੇ ਇਸ ਦੀ ਅਲੋਚਨਾ ਕੀਤੀ। ਕਈ ਲੋਕ ਇਸ ਤੋਂ ਹੈਰਾਨ ਹੋ ਕੇ ਬਸ ਖਬਰ ਹੀ ਸ਼ੇਅਰ ਕਰ ਰਹੇ ਸਨ। ਇੱਕ ਯੂਜ਼ਰ ਡੇਵਿਡ ਨੇ ਲਿਖਿਆ, "ਇਹ ਤਿੰਨ ਪੈਰ ਹੋਣ ਨਾਲੋਂ ਚੰਗਾ ਹੈ।" ਯੂਜ਼ਰ ਮਾਰਕ ਅਤਰੀ ਨੇ ਟਵੀਟ ਕੀਤਾ, "ਔਰਤਾਂ ਦੇ ਸਰੀਰ ਲਈ ਸਭ ਤੋਂ ਵੱਧ ਕਾਲਪਨਿਕ ਮਾਪਦੰਡ।" ਯੂਜ਼ਰ ਟਾਪਕਿਨ ਸਪਾਈਸ ਨੇ ਟਵੀਟ ਕੀਤਾ, "ਭਵਿੱਖ ਦੇ ਉਦਾਰਵਾਦੀ ਇਹੀ ਚਾਹੁੰਦੇ ਹਨ।" ਇੱਕ ਯੂਜ਼ਰ ਬ੍ਰੈਡ ਕੋਜ਼ਾਕ ਨੇ ਇਸ ਨਾਲ ਜੁੜੀ ਖ਼ਬਰ ਸ਼ੇਅਰ ਕਰਦੇ ਹੋਏ ਲਿਖਿਆ, "ਇਹ ਫੈਸ਼ਨ ਹੈ ? ਕਾਫ਼ੀ ਬੇਕਾਰ।" ਯੂਜ਼ਰ ਮੇਲ ਕਾਰਗਲੇ ਨੇ ਲਿਖਿਆ ਹੈ, "ਹੁਣ ਅਗਲੇ ਸਾਲ ਲਈ ਵਧੇਰੇ ਕੁਝ ਨਹੀਂ ਬਚਿਆ ਹੈ ਕਿ ਮਾਡਲਾਂ ਤਿੰਨ ਪੈਰਾਂ ਨਾਲ ਆਉਣ।"

**ਵੱਖ-ਵੱਖ ਤਜਰਬੇ**

ਫੈਸ਼ਨ ਵੀਕ ਵਿੱਚ ਅਕਸਰ ਇਸ ਤਰ੍ਹਾਂ ਦੇ ਤਜਰਬੇ ਹੁੰਦੇ ਰਹਿੰਦੇ ਹਨ। ਜਿਵੇਂ ਇਸੇ ਸਾਲ ਫਰਵਰੀ ਵਿੱਚ ਹੋਏ ਫੈਸ਼ਨ ਵੀਕ ਵਿੱਚ ਮਾਡਲ ਫੈਸ਼ਨ ਵੀਕ ਵਿੱਚ ਬਿਲਕੁਲ ਆਪਣੇ ਚਿਹਰੇ ਵਰਗਾ ਨਜ਼ਰ ਆਉਣ ਵਾਲਾ ਨਕਲੀ ਸਿਰ ਲੈ ਕੇ ਰੈਂਪ ਉੱਤੇ ਉਤਰੀ ਸੀ। ਇਹ ਸਿਰ ਬਿਲਕੁਲ ਮਾਡਲ ਦੇ ਚਿਹਰੇ ਅਤੇ ਐਕਸਪ੍ਰੈਸ਼ਨ ਨਾਲ ਮਿਲਦਾ-ਜੁਲਦਾ ਸੀ। ਇਹ ਕਲੈਕਸ਼ ਗੂਚੀ ਬ੍ਰਾਂਡ ਦਾ ਸੀ। ਇਸ ਤੋਂ ਇਲਾਵਾ ਕੋਈ ਮਾਡਲ ਤੀਜੀ ਅੱਖ ਨਾਲ ਤਾਂ ਕੋਈ ਡ੍ਰੈਗਨ ਦੇ ਨਕਲੀ ਬੱਚੇ ਨੂੰ ਹੱਥ ਵਿੱਚ ਲੈ ਕੇ ਰੈਂਪ ਉੱਤੇ ਉਤਰੀ ਸੀ।

# 1947 ਤੋਂ ਬਾਅਦ ਸ਼ਾਇਦ ਇਹ ਹਿੰਦੂਆਂ ਦਾ ਸਭ ਤੋਂ ਵੱਡਾ ਉਜਾੜਾ ਹੋਵੇ - ਐਨਆਰਸੀ ਮਾਮਲਾ



ਪਾਨ ਅਤੇ ਪੰਚਰ ਲਗਾਉਣ ਦੀ ਦੁਕਾਨ ਚਲਾਉਣ ਵਾਲੇ 51 ਸਾਲ ਦੇ ਸ਼ਿਆਮ ਸੁੰਦਰ ਜੈਸਵਾਲ ਦਾ ਪਰਿਵਾਰ ਤਿੰਨ ਪੀੜ੍ਹੀਆਂ ਪਹਿਲਾਂ ਅਸਾਮ ਆਇਆ ਸੀ ਪਰ ਹੁਣ ਉਨ੍ਹਾਂ ਦਾ ਸਵਾਲ ਇੱਕ ਹੀ ਹੈ, ਅਸਾਮ ਤੋਂ ਕੱਢੇ ਗਏ ਤਾਂ ਕਿੱਥੇ ਜਾਵਾਂਗੇ। ਉਨ੍ਹਾਂ ਨੇ ਬੇਹੱਦ ਫਿਕਰਮੰਦ ਲਹਿਜ਼ੇ ਨਾਲ ਕਿਹਾ, "ਜੇਕਰ ਕੱਢੇ ਨਾ ਵੀ ਗਏ ਤਾਂ ਲੋਕ ਕਹਿ ਰਹੇ ਹਨ ਐਨਆਰਸੀ 'ਚ ਨਾਮ ਸ਼ਾਮਿਲ ਹੋਣ 'ਤੇ ਨਾ ਰਾਸ਼ਨ ਦਾ ਕੋਟਾ ਮਿਲੇਗਾ, ਨਾ ਵੋਟਰ ਕਾਰਡ ਅਤੇ ਨਾ ਹੀ ਬੈਂਕ ਖਾਤਾ ਖੁੱਲ੍ਹ ਸਕੇਗਾ ਤੇ ਨਾ ਹੀ ਜਾਇਦਾਦ ਲੈ ਸਕਣਗੇ।"

ਕੋਲ ਬੈਠੇ ਪੁੱਤਰ ਮਿੱਠੂ ਜੈਸਵਾਲ ਕਹਿੰਦੇ ਹਨ ਕਿ ਵਿਆਹੀ ਭੈਣ ਦੀ ਨੌਕਰੀ ਦਾ ਸੱਦਾ ਆ ਗਿਆ ਹੈ, ਉਸ ਨੇ ਐਨਆਰਸੀ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਹੈ। ਸਹੁਰੇ ਘਰੋਂ ਵਾਰ-ਵਾਰ ਸੁਨੇਹਾ ਆ ਰਿਹਾ ਹੈ ਪਰ ਕੁਝ ਸਮਝ ਨਹੀਂ ਆ ਰਿਹਾ ਕਿ ਕੀ ਕਰੀਏ ?

ਹੈਡਗੇਵਾਰ, ਗੋਲਵਲਕਰ ਅਤੇ ਸ਼ਿਵਾਜੀ ਦੀਆਂ ਤਸਵੀਰਾਂ ਵਾਲੇ ਆਪਣੇ ਦਫ਼ਤਰ 'ਚ ਲਾਈ ਬੈਠੇ ਚੰਦਰ ਪ੍ਰਕਾਸ਼ ਜੈਸਵਾਲ ਕਹਿੰਦੇ ਹਨ, "ਅੱਜ ਤਿੰਨ ਰੁਪਏ ਕਿਲੋ 'ਤੇ ਗਰੀਬ ਪਰਿਵਾਰ ਦੇ ਹਰੇਕ ਮੈਂਬਰ ਨੂੰ ਮਿਲ ਰਹੇ 5 ਕਿਲੋ ਚੌਲ , ਬੀਪੀਐਲ ਗੈਸ ਕਨੈਕਸ਼ਨ, ਸਾਰੀਆਂ ਸਰਕਾਰੀ ਯੋਜਨਾਵਾਂ ਦਾ ਲਾਭ, ਇੱਥੋਂ ਤੱਕ ਕਿ ਜਾਤੀ ਪ੍ਰਮਾਣ ਪੱਤਰ ਤੱਕ ਬਣਾਉਣਾ ਨਾਮੁਮਕਿਨ ਹੋ ਜਾਵੇਗਾ।"

ਸਾਈਨਾਕੀ ਪਿੰਡ ਵਿੱਚ ਬਗ਼ੀਚੇ 'ਚ ਕੰਮ ਕਰ ਰਹੀ ਲੋਕਖੀ ਘਟਵਾਰ ਦੇ ਕੋਲ "ਖਾਲੀ ਪੈਨ ਕਾਰਡ ਅਤੇ ਰਾਸ਼ਨ ਕਾਰਡ ਹੈ, ਵੋਟਰ ਕਾਰਡ ਮਾਲਿਕ ਦੇ ਕੋਲ ਹੈ" ਜਿਸ ਨੇ ਉਸ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਉਸ ਦਾ ਐਨਆਰਸੀ ਬਣਵਾ ਦੇਵੇਗਾ। ਲੋਕਖੀ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਉਹ ਮੂਲ ਤੌਰ 'ਤੇ ਕਿਥੋਂ ਦੀ ਹੈ, ਹਾਲਾਂਕਿ ਉਸ ਦੀ ਮਾਂ ਸਵਿਤਰੀ ਘਟਵਾਰ ਕਹਿੰਦੀ ਹੈ ਕਿ ਉਸ ਦੇ ਬਾਬਾ ਬਿਹਾਰ ਦੁਮਕਾ (ਪਹਿਲੇ ਬਿਹਾਰ ਅਤੇ ਝਾਰਖੰਡ ਇੱਕ ਹੀ ਸੂਬਾ ਸੀ) ਤੋਂ ਅਸਾਮ ਆਏ ਸਨ। ਅਸਾਮ ਜੋ ਕਦੇ ਮੁਗ਼ਲ ਸਾਮਰਾਜ ਦਾ ਵੀ ਹਿੱਸਾ ਨਹੀਂ ਰਿਹਾ, ਅੰਗਰੇਜ਼ੀ ਹਕੂਮਤ ਦੇ ਕਬਜ਼ੇ 'ਚ 1826 'ਚ ਆਇਆ, ਜਿਸ ਤੋਂ ਬਾਅਦ ਇੱਥੇ ਚਾਹ ਦੀ ਖੇਤੀ ਸ਼ੁਰੂ ਹੋਈ ਅਤੇ ਝਾਰਖੰਡ, ਛੱਤੀਸਗੜ੍ਹ ਵਰਗੇ ਸੂਬਿਆਂ ਤੋਂ ਵੱਡੇ ਪੈਮਾਨੇ 'ਤੇ ਆਦਿਵਾਸੀ ਇੱਥੇ ਲਿਆਂਦੇ ਗਏ। ਪਰ ਇੱਕ ਝੋਲੇ 'ਚ ਪੈ ਜਾਣ ਵਾਲੀ ਜਮ੍ਹਾਂ ਪੂੰਜੀ ਦੇ ਮਾਲਕ ਇਨ੍ਹਾਂ ਆਦਿਵਾਸੀਆਂ 'ਚੋਂ ਕਾਫੀ ਲੋਕਾਂ ਕੋਲ ਦਸਤਾਵੇਜ਼ ਨਹੀਂ ਹਨ, ਜੋ ਅਪਲਾਈ ਲਈ ਜ਼ਰੂਰੀ ਹਨ, ਨਾ ਇਨ੍ਹਾਂ ਕੋਲ ਉਹ ਹਾਸਿਲ ਕਰਨ ਦੀ ਸਮਝ ਹੈ ਜਾਂ ਆਰਥਿਕ ਸ਼ਕਤੀ ਅਤੇ ਨਾ ਹੀ ਕਿਸੇ ਤਰ੍ਹਾਂ ਸੰਗਠਨਾਤਮਕ ਸਹਿਯੋਗ। ਬਹੁਤਿਆਂ ਨੇ ਤਾਂ ਐਨਆਰਸੀ ਲਈ ਦਰਖ਼ਾਸਤ ਵੀ ਨਹੀਂ ਕੀਤੀ ਤਾਂ ਜ਼ਾਹਿਰ ਹੈ ਕਿ ਅਜਿਹੇ ਹਜ਼ਾਰਾਂ ਆਦਿਵਾਸੀ ਹਨ ਜਿਨ੍ਹਾਂ ਦੇ ਨਾਮ ਐਨਆਰਸੀ 'ਚ ਨਹੀਂ ਹਨ।

ਬਿਹਾਰ, ਉੱਤਰ ਪ੍ਰਦੇਸ਼ ਅਤੇ ਬੰਗਾਲ ਵਰਗੇ ਸੂਬਿਆਂ ਤੋਂ 'ਗ੍ਰੋ ਮੋਰ ਫੂਡ' ਦੇ ਨਾਮ 'ਤੇ ਖੇਤੀ ਕਰਨ ਵਾਲੇ ਮਜ਼ਦੂਰ ਕਹੇ ਜਾਣ ਵਾਲੇ ਵੀ ਕਈ ਲੋਕ ਬਰਤਾਨੀਆਂ ਦੇ ਦੌਰ 'ਚ ਹੀ ਲਿਆਂਦੇ ਗਏ ਸਨ। ਬਹੁਤ ਸਾਰੇ ਅਜਿਹੇ ਵੀ ਅਸਾਮ ਆਏ ਜੋ ਪਹਿਲਾਂ ਪਾਕਿਸਤਾਨੀ ਅਤੇ ਹੁਣ ਬੰਗਲਾਦੇਸ਼ੀ ਦੇ ਨਾਮ ਨਾਲ ਜਾਣੇ ਜਾਂਦੇ ਹਨ। ਪਹਿਲਾਂ ਤੋਂ ਗਰੀਬੀ ਦੀ ਹਾਲਤ 'ਚ ਕੰਮ ਕਰ ਰਹੇ ਚਾਹ ਬਗਾਨ ਦੇ ਮਜ਼ਦੂਰਾਂ ਦੀ ਹਾਲਤ ਨਾਗਰਿਕਤਾ ਤੋਂ ਬਿਨਾਂ ਕਿਸੇ ਬੰਧੂਆਂ ਮਜ਼ਦੂਰਾਂ ਵਾਂਗ ਹੋਣ ਦਾ ਡਰ ਹੈ ਅਤੇ ਬਾਕੀ ਲੋਕਾਂ ਦਾ ਕੀ ਹੋਵੇਗਾ, ਜਿਸ ਵਿੱਚ ਵੱਡੀ ਗਿਣਤੀ ਆਰਥਿਕ ਪਖੋਂ ਸਹੀ ਨਹੀਂ ਹੈ ? ਹਾਲ 'ਚ ਹੋਈਆਂ ਖੁਦਕੁਸ਼ੀਆਂ ਦੇ ਕਈ ਮਾਮਲਿਆਂ ਨੂੰ ਇਸ ਨਾਲ ਜੋੜਿਆ ਜਾ ਸਕਦਾ ਹੈ ਜਦਕਿ ਪ੍ਰਸ਼ਾਸਨ ਦਾ ਕਹਿਣਾ ਹੈ ਇਨ੍ਹਾਂ ਦੇ ਹੋਰ ਕਾਰਨ ਹੋ ਸਕਦੇ ਹਨ। ਇਨ੍ਹਾਂ ਸਵਾਲਾਂ 'ਤੇ ਡਿਬਰੂਗੜ੍ਹ ਯੂਨੀਵਰਸਿਟੀ 'ਚ ਰਾਜਨੀਤਕ ਸ਼ਾਸਤਰ ਦੇ ਅਸਿਸਟੈਂਟ ਪ੍ਰੋਫੈਸਰ ਕੌਸਤੁਬ ਡੇਕਾ ਕਹਿੰਦੇ ਹਨ, "ਇਹ ਸ਼ਾਇਦ ਅੰਗਰੇਜ਼ਾਂ ਦਾ ਜਾਣ ਤੋਂ ਬਾਅਦ ਹੋਣ ਵਾਲੀਆਂ ਵੱਡੀ ਤ੍ਰਾਸਦੀਆਂ ਵਿਚੋਂ ਇੱਕ ਹੈ ਹਾਲਾਂਕਿ ਇਸ ਦੀਆਂ ਬਹੁਤ ਸਾਰੀਆਂ ਪਰਤਾਂ ਅਜੇ ਖੁੱਲ੍ਹ ਰਹੀਆਂ ਹਨ।"

**ਵੱਖ-ਵੱਖ ਨਜ਼ਰੀਆ**

ਸ਼ਾਇਦ ਇਸ ਲਈ ਹੁਣ ਇਨ੍ਹਾਂ ਮੁੱਦਿਆਂ 'ਤੇ ਬਹੁਤ ਚਰਚਾ ਸੁਣਨ 'ਚ ਨਹੀਂ ਆ ਰਹੀ ਕਿ ਉਨ੍ਹਾਂ ਦਾ ਕੀ ਹੋਵੇਗਾ ਜੋ ਨਾਗਰਿਕਤਾ ਰਜਿਸਟਰ ਤੋਂ ਬਾਹਰ ਰਹਿ ਜਾਣਗੇ, ਖ਼ਾਸ ਤੌਰ 'ਤੇ ਉਨ੍ਹਾਂ ਜੋ ਮੂਲ ਰੂਪ ਨਾਲ ਭਾਰਤ ਦੂਜੇ ਪ੍ਰਦੇਸ਼ਾਂ ਤੋਂ ਆਏ ਜਾਂ ਲਿਆਂਦੇ ਗਏ ਜਾਂ ਫੇਰ ਆਰਥਿਕ ਅਤੇ ਸਮਾਜਿਕ ਤੌਰ 'ਤੇ ਇਸ ਦੇ ਸਿੱਟੇ ਅੱਗੇ ਜਾ ਕੇ ਕੀ ਹੋਣਗੇ ?

ਜਾਂ ਫੇਰ ਉਨ੍ਹਾਂ ਕਥਿਤ ਬੰਗਲਾਦੇਸ਼ੀਆਂ ਦਾ ਕੀ ਹੋਵੇਗਾ ਕਿਉਂਕਿ ਬੰਗਲਾਦੇਸ਼ ਦੇ ਮੰਤਰੀ ਹਸਨੁਲ ਹੱਕ ਸਾਫ਼ ਤੌਰ 'ਤੇ ਕਹਿ ਚੁੱਕੇ ਹਨ ਕਿ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਬੰਗਲਾਦੇਸ਼ ਦਾ ਇਸ ਨਾਲ ਕੁਝ ਲੈਣਾ-ਦੇਣਾ ਨਹੀਂ ਹੈ। ਫਿਲਹਾਲ ਵੱਖ-ਵੱਖ ਸਮੂਹ ਇਸ ਨੂੰ ਆਪਣੇ-ਆਪਣੇ ਨਜ਼ਰੀਏ ਨਾਲ ਦੇਖ ਰਹੇ ਹਨ-ਐਨਆਰਸੀ ਤੋਂ ਬਾਹਰ ਰਹਿ ਗਏ ਬੰਗਲਾ ਭਾਸ਼ਾਈ ਇਸ ਨੂੰ ਬੰਗਾਲੀਆਂ ਦੇ ਖ਼ਿਲਾਫ਼ ਅਗਾਊਂ ਧਾਰਨਾ ਦਾ ਨਤੀਜਾ ਮੰਨ ਰਹੇ ਹਨ, ਉੱਥੇ ਮੁਸਲਮਾਨ ਇਸ ਨੂੰ ਧਰਮ ਨਾਲ ਜੋੜ ਕੇ ਦੇਖ ਰਹੇ ਹਨ। ਉਥੇ ਹੀ ਖ਼ੁਦ ਨੂੰ ਮੂਲ ਅਸਾਮੀ ਮੰਨਣ ਵਾਲਾ ਇੱਕ ਵੱਡਾ ਤਬਕਾ ਡਰ ਜਤਾ ਰਿਹਾ ਹੈ, "ਐਨਆਰਸੀ ਦਾ ਕੰਮ ਠੀਕ ਢੰਗ ਨਾਲ ਨਹੀਂ ਹੋਇਆ," ਅਜੇ ਬਾਹਰ ਰੱਖੇ ਗਏ ਲੋਕਾਂ ਦੀ ਗਿਣਤੀ 40 ਲੱਖ ਤੋਂ ਹੋਰ ਵੱਧ ਹੋਣੀ ਚਾਹੀਦੀ ਸੀ। ਮੰਨੇ-ਪ੍ਰਮੰਨੇ ਅਖ਼ਬਾਰ ਪ੍ਰਾਂਤਿਕ ਦੇ ਸੰਪਾਦਕ ਪ੍ਰਦੀਪ ਬਰੂਆ ਕਹਿੰਦੇ ਹਨ, ਜਿਵੇਂ-ਜਿਵੇਂ ਗੱਲਾਂ ਸਾਹਮਣੇ ਆ ਰਹੀਆਂ ਹਨ ਐਨਆਰਸੀ ਦੇ ਪੂਰੇ ਸਬੂਤਾਂ ਨੂੰ ਲੈ ਕੇ ਸਵਾਲ ਉੱਠ ਰਹੇ ਹਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਜਿਨ੍ਹਾਂ ਨੇ ਐਨਆਰਸੀ 'ਤੇ ਕਾਂਗਰਸ ਨੂੰ ਚੈਲੰਜ ਕਰਨ ਵਾਲੇ ਲਹਿਜ਼ੇ 'ਚ ਕਿਹਾ ਸੀ, "ਸਾਡੇ 'ਚ ਹਿੰਮਤ ਹੈ ਤਾਂ ਅਸੀਂ ਕਰ ਰਹੇ ਹਾਂ, ਕੀ ਪਾਰਟੀ ਇਲਾਕੇ ਦੇ ਨੇਤਾ ਅਤੇ ਇੱਥੋਂ ਤੱਕ ਕਿ ਖ਼ੁਦ ਮੁੱਖ ਮੰਤਰੀ ਸਰਬਨੰਦਾ ਸੋਨੋਵਾਲ ਇਸ ਮਾਮਲੇ 'ਤੇ ਕੁਝ ਕਹਿਣ ਤੋਂ ਬਚ ਰਹੇ ਹਨ।"




ਜਾਤੀ, ਸੱਭਿਆਚਾਰ ਅਤੇ ਜ਼ਮੀਨ ਦੇ ਨਾਅਰੇ 'ਤੇ ਸੂਬੇ 'ਚ ਚੋਣਾਂ ਜਿੱਤਣ ਵਾਲੀ ਭਾਜਪਾ ਲਈ ਹੁਣ ਮੁਸ਼ਕਿਲ ਇਹ ਹੈ ਕਿ ਮੂਲ ਅਸਾਮੀ ਲੋਕਾਂ ਕਿਸੇ ਵੀ 'ਬਾਹਰੀ' ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਚਾਹੇ ਉਹ ਹਿੰਦੂ ਹੀ ਕਿਉਂ ਨਾ ਹੋਣ। ਓਸ਼ੀਮ ਦੱਤਾ ਕਹਿੰਦੇ ਹਨ ਕਿ ਹਿੰਦੂ ਚਾਹੇ ਉਹ ਪਾਕਿਸਤਾਨ, ਬੰਗਲਾਦੇਸ਼ ਜਾਂ ਅਫ਼ਗਾਨਿਸਤਾਨ ਕਿਤਿਓਂ ਵੀ ਆਇਆ ਹੋਵੇ ਉਸ ਨੂੰ ਥਾਂ ਦੇਣੀ ਪਵੇਗੀ। ਉੱਥੇ ਹੀ ਪ੍ਰਦੀਪ ਬਰੂਆ ਦਾ ਕਹਿਣਾ ਹੈ, "ਜੋ ਵੀ ਬਾਹਰੀ ਹੈ ਚਾਹੇ ਉਹ ਹਿੰਦੂ ਹੀ ਕਿਉਂ ਨਾ ਹੋਵੇ ਸਵੀਕਾਰ ਨਹੀਂ, ਭਾਜਪਾ ਨੂੰ ਇਹ ਗੱਲ ਪਸੰਦ ਆਏ ਜਾਂ ਨਾ ਆਏ। ਅਸਾਮੀ ਲੋਕਾਂ ਦੀ ਇਹੀ ਭਾਵਨਾ ਹੈ।" ਉਧਰ ਗੁਹਾਟੀ 'ਚ ਵਿਧਾਨ ਸਭਾ ਸੈਸ਼ਨ ਦੇ ਪਹਿਲੇ ਦਿਨ ਹੀ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੋਵਾਂ ਨੇ ਨਾਲ ਆ ਕੇ ਐਨਆਰਸੀ ਕਨਵੀਨਰ ਪ੍ਰਤੀਕ ਹਜੇਲਾ ਦੇ ਖ਼ਿਲਾਫ਼ ਮੁੜ ਅਪਲਾਈ ਕਰਨ ਲਈ 5 ਦਸਤਾਵੇਜ਼ਾਂ ਨੂੰ ਘੱਟ ਕਰਨ ਦੇ ਮਾਮਲੇ ਵਿੱਚ ਝੰਡਾ ਚੁੱਕ ਲਿਆ। ਸੰਸਦ ਮਾਮਲਿਆਂ ਬਾਰੇ ਮੰਤਰੀ ਚੰਦਰ ਮੋਨ ਪਟੋਵਾਰੀ ਨੇ ਬਿਆਨ ਦਿੱਤਾ ਕਿ ਸੂਬਾ ਸਰਕਾਰ ਅਗਲੀ ਸੁਣਵਾਈ ਵਿੱਚ ਸੁਪਰੀਮ ਕੋਰਟ ਦੇ ਸਾਹਮਣੇ ਇਹ ਮਾਮਲਾ ਚੁੱਕੇਗੀ ਅਤੇ ਨਾਲ ਹੀ ਕਿਹਾ ਬਾਰਡਰ ਪੁਲਿਸ ਨੂੰ ਨਵੇਂ ਮਾਮਲੇ ਫਾਨਰਸ ਟ੍ਰਿਬਿਊਨਲ 'ਚ ਭੇਜਣ ਤੋਂ ਰੋਕ ਦਿੱਤਾ ਗਿਆ ਹੈ। ਕਾਂਗਰਸ ਸੂਬਾ ਸਰਕਾਰ ਤੋਂ ਨਾਗਰਿਕਤਾ ਸੋਧ ਬਿੱਲ 'ਤੇ ਰੁਖ਼ ਸਾਫ ਕਰਨ ਲਈ ਕਹਿ ਰਹੀ ਹੈ ਕਿਉਂਕਿ ਉਸ ਮੁਤਾਬਕ ਇਹ 1985 ਦੇ ਅਸਮ ਸਮਝੌਤੇ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ। ਇਸ ਬਿੱਲ ਦੇ ਤਹਿਤ ਉਨ੍ਹਾਂ ਲੋਕਾਂ ਨੂੰ ਨਾਗਰਿਕਤਾ ਦੇਣ ਦੀ ਗੱਲ ਕਹੀ ਗਈ ਹੈ ਜੋ 24 ਮਾਰਚ 1971 ਤੱਕ ਜਾਂ ਉਸ ਤੋਂ ਪਹਿਲਾਂ ਅਸਾਮ ਆ ਚੁੱਕੇ ਸਨ।

**ਮੂਲ ਲੋਕਾਂ ਨੂੰ ਵਿਸ਼ੇਸ਼ ਅਧਿਕਾਰ**

ਪ੍ਰਤੀਕ ਹਜੇਲਾ ਦੇ ਵਿਰੁੱਧ ਸੂਬਾਈ ਹਕੂਮਤ ਦੇ ਨਜ਼ਰੀਏ ਦਾ ਨਤੀਜਾ ਜੇਕਰ ਸੰਗਠਨ 'ਚ ਕੁਝ ਬਦਲਾਅ ਹੁੰਦੇ ਹਨ ਤਾਂ ਐਨਆਰਸੀ ਦੀ ਪੂਰੀ ਕਾਰਵਾਈ ਹੌਲੀ ਪੈ ਸਕਦੀ ਹੈ। ਕੌਸਤੁਬ ਡੇਕਾ ਕਹਿੰਦੇ ਹਨ, "ਐਨਆਰਸੀ ਇੱਕ ਤਰ੍ਹਾਂ ਦੀ ਸੁਵਿਧਾ ਬਣ ਕੇ ਉਭਰਿਆ ਹੈ, ਜਿਸ 'ਚ ਕੋਈ ਜੇਤੂ ਨਜ਼ਰ ਨਹੀਂ ਆ ਰਿਹਾ ਅਤੇ ਇੱਕ ਸੋਚ ਇਹ ਉਭਰਦਾ ਦਿਖ ਰਹੀ ਕਿ ਕੀ ਐਨਆਰਸੀ ਉਸ ਟੀਚੇ ਨੂੰ ਹਾਸਿਲ ਕਰ ਸਕਿਆ, ਜਿਸ ਲਈ ਇਹ ਤਿਆਹ ਹੋਇਆ ਸੀ।"

ਦੂਜੇ ਪਾਸੇ ਹਿੰਦੂਤਵ ਨਾਲ ਜੁੜੇ ਸੰਗਠਨ ਭਾਈਚਾਰੇ 'ਚ ਜਾ ਕੇ ਸਭ ਦੇ ਨਾਮ ਸ਼ਾਮਿਲ ਕਰਵਾਏ ਜਾਣ ਦਾ ਭਰੋਸਾ ਦਿਵਾ ਰਹੇ ਹਨ। ਡੇਕਾ ਮੁਤਾਬਕ ਧਰਮ ਦੇ ਆਧਾਰ 'ਤੇ ਵੰਡ ਦੀ ਰਣਨੀਤੀ ਦੀ ਕੀਮਤ ਸੀਮਤ ਸਫ਼ਲਤਾ ਤੋਂ ਬਾਅਦ ਭਾਜਪਾ 'ਚ ਮੂਲ ਅਸਾਮੀ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦਾ ਵਿਚਾਰ ਮਜ਼ਬੂਤ ਹੋ ਰਿਹਾ ਹੈ। ਪਾਰਟੀ ਪਹਿਲਾ ਵੀ ਬੋਡੋ, ਦੀਮਾ ਅਤੇ ਦੂਜੇ ਭਾਈਚਾਰਿਆਂ ਨਾ ਨਜ਼ਦੀਕੀਆਂ ਵਧਾਉਂਦੀ ਰਹੀ ਹੈ। ਹਾਲਾਂਕਿ ਅਸਾਮ ਜਿੱਥੇ ਸਦੀਆਂ ਤੋਂ ਦੂਜੇ ਥਾਵਾਂ ਤੋਂ ਲੋਕਾਂ ਦੀ ਆਮਦ ਜਾਰੀ ਰਹੀ ਹੈ, ਉੱਥੇ ਮੂਲ ਨਿਵਾਸੀਆਂ ਦੀ ਕਿਸ ਆਧਾਰ ਨਿਸ਼ਾਨਦੇਹੀ ਕੀਤੀ ਜਾਵੇਗੀ। ਇਹ ਵੀ ਕੁਝ ਨਵੇਂ ਸਵਾਲ ਚੁੱਕੇ ਜਾ ਸਕਦੇ ਹਨ।







# The Association of Indians in America, Inc

*Proudly Celebrates* *(NY Chapter)*

# 31st Deepavali




## Sunday October 7, 2018

South Street Seaport, NY

200 Water Street, New York NY 10038

12:30 PM to 7 PM

(Subway 2 3 4 5 J M Z to Fulton Street)

FREE ADMISSION

Sponsored by:

cheapOair.com QATAR AIRWAYS

www. theaiany.org theaiany

Come Celebrate Over
30 years of Deepavali
50 years of AIA




Register NOW: naachinferno@gmail.com





## Jaz Dhami LIVE




**VENDORS: EARLY BIRD DISCOUNT · FOOD & RETAIL**

ALL WELCOME! PLEASE REGISTER NOW

i'm lovin' it · pepsi · New York Life · Sony Entertainment Television HD · kotak · NAVIKA Group of Companies · HAB BANK · Parikh Worldwide Media · ITV Gold · India Abroad · 8K Radio · 8K Miles Media · jus punjabi · The South Asian Times · TV Asia HD · The Indian Panorama · The Indian Express · The South Asian Insider · #desi in nyc · PTC Punjabi · Radio Dil

**ATTRACTIONS:**

Art Exhibition
Health Kiosk
Children's Fair
Corporate Fair
Performances
Shopping Bonanza
Delicious Food
Free Gifts & Raffles
EXCLUSIVE FASHION SHOW

**SPONSORSHIPS:**
GOBIND MUNJAL - 646.209.8244
PRESIDENT@THEAIANY.ORG
PRESIDENT: GOBIND MUNJAL
DEEPAVALI CHAIR: HARISH THAKKAR - 917.301.9333
MEDIA CHAIR: SHYAM GAJWANI - 646.541.5859

**VENDOR CONTACTS: FOOD & RETAIL | WWW.THEAIANY.ORG**
USHA KAPOOR - 914.826.5376
GITANJLI ANAND - 631.747.5681
AVINASH SURI - 631.269.7247
ANITA THAKKAR - 347.804.7119
GOBIND BATHIJA - 631.748.9333
SUMAN MUNJAL - 917.371.2777
VIMAL GOYAL - 516.978.7125

**CULTURAL/ PERFORMERS:**
INDU GAJWANI - 646.620.0074
NEELAM MODI - 516.484.8561
SWATI VAISHNAV - 516.395.1209
JYOTI GUPTA - 516.984.5220
BROCHURE: BEENA KOTHARI - 631.586.1579

# ਕਾਵਿ ਕਿਆਰੀ

## ਮਾਤਾ ਗੁਜਰੀ ਜੀ

ਅਧੀ ਰਾਤੀਂ ਮਾਂ ਗੁਜਰੀ ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ ।

ਨੀ ਕੱਲ੍ਹ ਜਦੋਂ ਸੌਣ ਲਗੀ ਮੇਰੇ ਕੋਲ ਹੀਰਿਆਂ ਦੀ ਜੋੜੀ
ਪਿੰਡਿਆਂ ਤੇ ਹੱਥ ਫੇਰ ਕੇ, ਮੈਂ ਆਖਿਆ ਵੰਡੂੰਗੀ ਲੋੜ੍ਹੀ
ਢਿਡ ਦਾ ਸੇਕ ਬੁਰਾ ਨੀ ਮੈਥੋਂ ਸੇਕ ਝਲਿਆ ਨਾ ਜਾਵੇ
ਅਧੀ ਰਾਤੀਂ ਮਾਂ ਗੁਜਰੀ...

ਸੁਫ਼ਨਾ ਸੱਚ ਹੋ ਗਇਆ, ਮੇਰੇ ਨਾਲ ਝਗੜ ਪਈ ਹੋਣੀ
ਇਟ ਉਤੇ ਇਟ ਰਖਕੇ ਤੇਰੇ ਹੀਰਿਆਂ ਦੀ ਚਮਕ ਲੁਕੋਣੀ
ਨੀ ਛਾਤੀ ਨਾਲ ਮੈਂ ਲਾ ਲਏ, ਜਾਂ ਉਹ ਉਛਲੀ ਭਰਨ ਕਲਾਵੇ
ਅਧੀ ਰਾਤੀਂ ਮਾਂ ਗੁਜਰੀ...

ਇਕ ਦਿਨ ਪੁਛਦੇ ਸੀ, ਦਾਦੀ ਪਿਤਾ ਜੀ ਕੋਲ ਕਦ ਜਾਣਾ
ਐਤਕੀਂ ਤਾਂ ਰਜ ਰਜ ਕੇ, ਅਸੀਂ ਹਸ ਹਸ ਗਲ ਲਗ ਜਾਣਾ
ਇਕ ਇਕ ਬੋਲ ਚੰਦਰਾ ਨੀ ਮੇਰੇ ਧੂਹ ਕਾਲਜੇ ਨੂੰ ਪਾਵੇ
ਅਧੀ ਰਾਤੀਂ ਮਾਂ ਗੁਜਰੀ...

ਕਲ੍ਹ ਮੇਰੇ ਕੋਲ ਵਸਦੇ ਅਜ ਨਜ਼ਰ ਕਿਤੇ ਨਾ ਆਂਦੇ
ਨਿਕੇ ਨਿਕੇ ਓਦਰੇ ਹੋਏ, ਕੀਹਨੂੰ ਹੋਣਗੇ ਦਰਦ ਸੁਣਾਂਦੇ
ਵੇ ਲਭ ਤੇ ਸਹੀ 'ਨੂਰਪੁਰੀ' ਮੇਰੇ ਨੈਣਾਂ ਨੂੰ ਨੀਂਦ ਨਾ ਆਵੇ
ਅਧੀ ਰਾਤੀਂ ਮਾਂ ਗੁਜਰੀ...

## ਗੋਰੀ ਦੀਆਂ ਝਾਂਜਰਾਂ

ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ
ਗਲੀਆਂ ਦੇ ਵਿਚ ਡੰਡ ਪੌਂਦੀਆਂ ਗਈਆਂ

ਅਥਰੀ ਜਵਾਨੀ ਗੱਲਾਂ ਫਿਰੇ ਦੱਸਦੀ
ਮਾਹੀ ਗੁੱਸੇ ਹੋ ਗਿਆ ਨਾ ਗੱਲ ਵੱਸ ਦੀ
ਰਾਹ ਜਾਂਦੇ ਰਾਹੀਆਂ ਨੂੰ ਸੁਣੌਂਦੀਆਂ ਗਈਆਂ
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ

ਸਾਂਭੇ ਜਾਣ ਨਖਰੇ ਨਾ ਅੰਗ ਅੰਗ ਦੇ
ਵੀਣੀ ਉਤੇ ਨਾਚ ਸੀ ਬਲੌਰੀ ਵੰਗ ਦੇ
ਆਸ਼ਕਾਂ ਦੇ ਲਹੂ ਵਿਚ ਨ੍ਹਾਉਂਦੀਆਂ ਗਈਆਂ
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ

ਕਾਲੇ ਜਹੇ ਦੁਪੱਟੇ ਨੇ ਕੀ ਪਾਇਆ ਨ੍ਹੇਰ ਨੀ
ਘੁੰਡ ਵਿਚ ਨੈਣ ਉਹਦੇ ਲਏ ਘੇਰ ਨੀ
ਮਿੱਤਰਾਂ ਦੇ ਦਿਲ ਧੜਕੌਂਦੀਆਂ ਗਈਆਂ
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ

ਸਾਂਭ ਕੇ ਤੇ ਰੱਖ ਲੈ ਨਨਾਣੇ ਗੋਰੀਏ
ਰੂਪ ਦਾ ਸ਼ਿੰਗਾਰ ਜਾਲੀਦਾਰ ਡੋਰੀਏ
'ਨੂਰਪੁਰੀ' ਕੋਲੋਂ ਸ਼ਰਮੌਂਦੀਆਂ ਗਈਆਂ
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ



## ਵਸਦੇ ਅਨੰਦ ਪੁਰ ਨੂੰ

ਵਸਦੇ ਅਨੰਦ ਪੁਰ ਨੂੰ
ਛਡ ਚਲਿਆ ਕਲਗ਼ੀਆਂ ਵਾਲਾ ।
ਹਿੰਦ ਉਤੋਂ ਹੀਰੇ ਵਾਰ ਕੇ,
ਉਹ ਜੇ ਜਾਂਦਾ ਹਿੰਦ ਦਾ ਰਖਵਾਲਾ ।
ਕੇਹੜਾ ਨੀ ਮੋੜੇ ਏਸ ਨੀਲੇ ਦੇ ਸਵਾਰ ਨੂੰ
ਮੌਤ ਨੂੰ ਫੜਾਇਆ ਜਿਹਨੇ ਪੁੱਤਰਾਂ ਦੇ ਪਿਆਰ ਨੂੰ
ਕੇਹੜੇ ਜਿਗਰੇ ਦੇ ਨਾਲ ਦਿਤਾ ਨੀ ਏਸ ਨੇ
ਆਪਣੇ ਹੀ ਖ਼ੂਨ ਨੂੰ ਉਬਾਲਾ
ਵਸਦੇ ਅਨੰਦ ਪੁਰ ਨੂੰ
ਗੁਜਰੀ ਮਾਂ ਹੋਵੇ ਤਾਂ ਵੇਖੇ
ਕੀ ਲਿਖਿਆ ਇਸ ਅਪਣੇ ਲੇਖੇ
ਅਪਣੇ ਬਾਜ਼ ਦਾ ਕਿਵੇਂ ਇਸ ਭਰਿਆ
ਧੂਲਾਂ ਨਾਲ ਆਲਾ ਤੇ ਦਵਾਲਾ
ਵਸਦੇ ਅਨੰਦ ਪੁਰ ਨੂੰ
ਜੀ ਕਰਦਾ ਇਹਨੂੰ ਵੇਖੀ ਜਾਈਏ
ਰਾਹ ਵਿਚ ਇਹਦੇ ਨੈਣ ਵਿਛਾਈਏ
ਅਪਣੇ ਜਿਗਰ ਦਾ ਖ਼ੂਨ ਡੋਲ੍ਹ ਕੇ
ਦੁਨੀਆਂ ਨੂੰ ਦਿਤਾ ਏ ਵਿਖਾਲਾ
ਵਸਦੇ ਅਨੰਦ ਪੁਰ ਨੂੰ
ਭੋਲੀਆਂ ਭੋਲੀਆਂ ਅੱਧ-ਖਿੜੀਆਂ ਕਲੀਆਂ
ਇਹਦੀਆਂ ਪਥਰਾਂ ਇਟਾਂ ਵਲੀਆਂ
ਰਾਹਾਂ ਦੇ ਵਿਚ ਖਿੰਡੀਆਂ ਦੇਖ ਕੇ
ਕਰਦਾ ਨਾ ਫੇਰ ਸੰਭਾਲਾ
ਵਸਦੇ ਅਨੰਦ ਪੁਰ ਨੂੰ
ਸਰਸਾ ਨਦੀ ਦੇ ਬੈਠ ਕਿਨਾਰੇ
ਜਗ ਦੀਆਂ ਡੁਬੀਆਂ ਬੇੜੀਆਂ ਤਾਰੇ
'ਨੂਰਪੁਰੀ' ਇਹਦੇ ਦਰਸ਼ਨ ਕਰ ਲੈ
ਤੇਰਾ ਹੋ ਜਾਊ ਜੂਣ ਸੁਖਾਲਾ
ਵਸਦੇ ਅਨੰਦ ਪੁਰ ਨੂੰ

'ਨੰਦ ਲਾਲ ਨੂਰਪੁਰੀ'

## ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ



ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ

ਜੰਗ ਵਿਚੋਂ ਲੜ ਕੇ ਸਿਪਾਹੀ ਮੇਰੇ ਆਣਗੇ
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ
ਵਿਹੜੇ ਵਿਚ ਠਾਠਾਂ ਮਾਰੂ ਖ਼ੁਸ਼ੀ ਸੰਸਾਰ ਦੀ
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

ਕੂਲੇ ਕੂਲੇ ਹੱਥ ਕਿਰਪਾਨਾਂ ਵਿਚ ਗੋਰੀਆਂ
ਕੱਲ੍ਹ ਨੇ ਸਵੇਰ ਦੀਆਂ ਜੋੜੀਆਂ ਮੈਂ ਤੋਰੀਆਂ
ਜਿਨ੍ਹਾਂ ਦਾ ਵਿਛੋੜਾ ਮੈਂ ਨਾ ਪਲ ਸੀ ਸਹਾਰਦੀ
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ ਵੱਜਦੇ
ਵੇਖਣ ਨੂੰ ਨੈਣ ਆਏ ਬੂਹੇ ਵੱਲ ਭੱਜਦੇ
ਲਹੂ ਵਿਚ ਭਿੱਜੀ ਘੋੜੀ ਵੇਖੀ ਭੁੱਬਾਂ ਮਾਰਦੀ
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

ਲੱਗੇ ਹੋਏ ਕਾਠੀ ਉਤੇ ਲਹੂ ਨੇ ਇਹ ਦੱਸਿਆ
ਮਾਏਂ ਤੇਰਾ ਜੋੜਾ ਦਾਦੇ ਕੋਲ ਹੈ ਜਾ ਵੱਸਿਆ
ਛੱਡ ਦੇ ਉਡੀਕ ਹੁਣ ਹੰਸਾਂ ਦੀ ਡਾਰ ਦੀ
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ

## ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ

ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ
ਵੇਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ ?

ਜਿਹਨਾਂ ਦੀਆਂ ਚਾਈਂ ਚਾਈਂ ਘੋੜੀਆਂ ਸੀ ਗਾਣੀਆਂ
ਸੇਹਰਿਆਂ ਦੇ ਨਾਲ ਜੋ ਸੀ ਸੋਹਣੀਆਂ ਸਜਾਣੀਆਂ
ਸੇਹਰਿਆਂ ਦੇ ਵਿਚ ਹੈਸੀ ਗੁੰਦਣਾਂ ਪਿਆਰ ਨੂੰ
ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ

ਸੁੰਵੇ ਸੁੰਵੇ ਜਾਪਦੇ ਨੇ ਮਹਿਲ ਤੇ ਅਟਾਰੀਆਂ
ਚੰਦ ਜੇਹੀਆਂ ਸੂਰਤਾਂ ਇਹ ਕਿੱਥੇ ਗਈਆਂ ਪਿਆਰੀਆਂ
ਕਾਹਨੂੰ ਤੋਰ ਦਿੱਤਾ ਐਡੇ ਸੋਹਣੇ ਪਰਿਵਾਰ ਨੂੰ
ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ

ਪਿਤਾ ਦਸ਼ਮੇਸ਼ ਜਦੋਂ ਚਾਈਂ ਚਾਈਂ ਆਣਗੇ
ਅੱਜ ਕਿੱਥੋਂ ਹਾਕਾਂ ਮਾਰ ਇਨ੍ਹਾਂ ਨੂੰ ਬੁਲਾਉਣਗੇ
ਕਿਵੇਂ ਠੰਡ ਪਊ ਉਸ ਸੱਚੀ ਸਰਕਾਰ ਨੂੰ
ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ

ਪੁੱਤਰਾਂ ਦੇ ਦੁੱਖ ਤੇ ਵਿਛੋੜੇ ਝੱਲੇ ਜਾਣ ਨਾ
ਪੁੱਤਰਾਂ ਦੇ ਬਿਨਾਂ ਚੰਗਾ ਲਗਦਾ ਜਹਾਨ ਨਾ
'ਨੂਰਪੁਰੀ' ਪੁੱਛ ਕੇ ਤੇ ਵੇਖ ਸੰਸਾਰ ਨੂੰ
ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ

## ਚੱਕ ਦੀਏ ਫਿਰ ਘੜੇ ਤੋਂ ਕੌਲਾ



ਕੱਟੇ ਵੱਛੇ ਕਿਵੇਂ ਹੁਣ ਫਿਰਨ ਬੰਨ੍ਹਦੇ,
ਮੱਲੋ ਮੱਲੀ ਚੜ੍ਹਣ ਘੰਧੇੜਿਆਂ 'ਤੇ।
ਭਰੇ ਤੇਲ ਦੇ ਚੁੱਕੀ ਫਿਰਨ ਪੀਪੇ,
ਦੀਵੇ ਬੁਝਦੇ ਵੇਖ ਬਨੇਰਿਆਂ 'ਤੇ।

ਬਿਨ ਬੱਤੀਉ ' ਦੀਵਾ ਸੂਰਜ ਲੱਗੇ,
ਹੋਵੇ ਰਾਤ ਨਾ ਚਾਨਣੀ ਚੰਦ ਬਾਝੋਂ।
ਬਿਨਾਂ ਚੋਰ ਕੀ ਭੌਂਕਣਾਂ ਕੁੱਤਿਆਂ ਨੇ,
ਡਰੇ ਚੋਰ ਵੀ ਨਾ ਸੁੱਕੀ ਖੰਘ ਬਾਝੋਂ।

ਸਭ ਫਿਰਨ ਹੁਣ ਡੌਰ ਭੌਰ ਹੋਏ,
ਖੁੱਲ੍ਹਦੀ ਵੇਖਕੇ ਵਾਸਣੀ ਲੱਕ ਨਾਲੋਂ।
ਟਾਂਡੇ ਸੁੱਕੇ ਕੜਬ ਦੇ ਫਿਰਨ ਚੁੱਕੀ,
ਲਾਟਣ ਬੁਝੀ ਹੀ ਚੰਗੀ ਭੱਕ ਭੱਕ ਨਾਲੋਂ।

ਫੁੱਫੜ ਕੱਢਕੇ ਵਿਆਹ 'ਚੋਂ ਲਿਆ ਪੰਗਾ,
ਟੋਲੀ ਖਿੰਡ ਗਈ ਸਾਰੀ ਪ੍ਰਾਹੁਣਿਆਂ ਦੀ।
ਲੱਗੇ ਧਰਤ ਨਾ ਭੂਆ ਦਾ ਪੈਰ 'ਭਗਤਾ',
ਫਿਰੇ ਕਰਦੀ ਮਿੰਨਤ ਨਨਾਹੁਰਿਆਂ ਦੀ।

**- ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ' 1-604-751-1113 (ਕੈਨੇਡਾ)**

## ਚਾਚਾ ਭਤੀਜਾ

ਸੁਣ ਬਈ ਚਾਚਾ ,
ਹਾਂ ਭਤੀਜਾ ।
ਬੁਰੇ ਕੰਮਾਂ ਦਾ, ਬੁਰਾ ਨਤੀਜਾ ,
ਸੁਣ ਬਈ ਚਾਚਾ ,ਹਾਂ ਭਤੀਜਾ।
ਲੋਕਾਂ ਸਾਨੂੰ ਰਾਜ ਦਵਾਇਆ ,
ਅਸੀਂ ਉਹਨਾਂ ਨੂੰ ਖੁੱਡੇ ਲਾਇਆ

ਰੇਤੇ ਬਜਰੀ ਦੇ ਰੇਟ ਚਾੜਕੇ ,
ਸੀਮਿੰਟ ਲੋਹਾ ਸਿਖਰ
ਪਹੁੰਚਾਇਆ ।
ਹਰ ਇੱਕ ਨੂੰ ਐਸ਼ ਕਰਾਤੀ ,
ਭਾਵੇਂ ਸਾਲਾ ਭਾਵੇਂ ਜੀਜਾ ।

ਸੁਣ ਬਈ ਚਾਚਾ
ਹਾਂ ਭਤੀਜਾ ।
I know
ਹਰ ਇੱਕ ਕੰਮ ਦੀ ਬੋਲੀ ਲੱਗੀ
ਵਧ ਵਧ ਕੇ ਫਿਰ ਮਾਰੀ ਠੱਗੀ।
ਕੋਈ ਨਾ ਨੇੜੇ ਢੁਕਣ ਦਿੱਤਾ,
ਭਾਵੇਂ ਦੂਜਾ ਭਾਵੇਂ ਤੀਜਾ ।
ਸੁਣ ਬਈ ਚਾਚਾ
ਹਾਂ ਭਤੀਜਾ ।

ਸੱਤਾ ਚ ਅੰਨੇ , ਹੋਗੇ ਲੋਭੀ ,
ਸਾਥੋਂ ਵੀ ਇਕ ਗਲਤੀ ਹੋਗੀ ,
ਤੁਸੀਂ ਵੀ ਜਾਣਦੇ ਹੋ ਕੀ ਹੋਗੀ
ਤਾਹੀਓਂ ਤਾਂ ਹੁਣ ਜਾਂਦੇ ਭੋਗੀ ।
ਬਾਪੂ ਕਹਿੰਦਾ ਚੁੱਪ ਕਰ ਪੁੱਤਰਾ
ਐਵੇਂ ਨਾ ਬੋਲਿਆ ਕਰ ਲੁਤਰਾ
ਸਮਝ ਕੇ ਕੌੜਾ ਘੁੱਟ ਤੂੰ ਪੀਜਾ।

ਸੁਣ ਬਈ ਚਾਚਾ,
ਹਾ ਭਤੀਜਾ
Yes, adopt your
fatherÒs advice
No need to realize.

*ਅਗਿਉ ਚਾਚਾ ਕੀ ਕਹਿੰਦਾ*

ਚਾਚਾ ਕਹਿੰਦਾ ਸੁਣ ਭਤੀਜੇ
ਤੈਨੂੰ ਦਿਲ ਦੀ ਗੱਲ ਸੁਣਾਵਾਂ,
ਲੋਕ ਇਥੇ ਗਰਮੀ ਵਿੱਚ ਤਪਦੇ,
ਮੈਂ ਸ਼ਿਮਲੇ ਪਿਆ ਠੰਢ ਮਨਾਂਵਾ
ਉਥੇ ਹੀ ਬਹਿ ਰਾਜ ਚਲਾਵਾਂ
ਇਕ ਦੋ ਪੈੱਗ ਸਕਾਚ ਦੇ ਲਾਕੇ
(ਕੱਚਾ) ਪੱਕਾ ਮੀਟ ਮੈਂ ਖਾਵਾ।

ਤੂਹੀ ਤੂੰ , ਤੂ ਹੀ ਤੂੰ ਕਹਿ ,
ਉਤਲੇ ਦਾ ਮੈਂ ਸ਼ੁਕਰ ਮਨਾਵਾ ।
ਮੈਨੂੰ ਤਾਂ ਇਹ ਠੀਕ ਹੈ ਜਾਚਾ ,
ਬੋਲ, ਪੀਨਕ ਲਾਗੀ ਬੇਟਾ ?
ਬੋਲ ਭਤੀਜੇ , ਠੀਕ ਹੈ ਚਾਅਚਾ ।
ਨਾ ਕੋਈ ਨੌਕਰੀ ਨਾ ਕੋਈ ਪੈਨਸ਼ਨ

ਨਾ ਹੀ ਫੋਨ ਤੇ ਨਾ ਹੀ ਟੈਨਸ਼ਨ ॥
ਸਾਨੂੰ ਮਿਲਿਆ ਪੀਪਾ ਖਾਲੀ,
ਕਿਥੋਂ ਭਾਲੋਂ ਸਾਥੋਂ ਰਾਸ਼ਨ ।
ਐਧਰੋ ਉਧਰੋ ਡੰਗ ਸਾਰਕੇ,
ਬੇ ਮਤਲਬ ਜੇ ਭਾਸ਼ਨ ਝਾੜ ਕੇ
ਚਲਾਉਣਾ ਪੈਂਦਾ ਸਾਨੂੰ ਸ਼ਾਸ਼ਨ।
ਬੋਲ ਰਿਹਾ ਮੈਂ ਸਾਚਾ
ਸੁਣ ਭਤੀਜੇ, ਹਾਂ ਬਈ ਚਾਚਾ ।
u r right uncle
ਫਿਕਰ ਭੋਰਾ ਨਾ ਕਰ ਤੂੰ ਸ਼ੇਰਾ,
ਆਪਾ ਦੋਵੇਂ ਰਲਕੇ ਚੱਲੇ
ਵਿਗੜ ਨਾ ਸਕਿਆ ਤੇਰਾ ਮੇਰਾ ।

ਚਾਰ ਕੁ ਸਾਲ ਨੇ ਮੇਰੇ ਰਹਿਗੇ,
ਫਿਰ ਤੂੰ ਪੁੱਤਰਾ ਸਾਂਭ ਲੀ ਡੇਰਾ।
ਸਿਰ ਤੇ ਹਥ ਧਰ ਕੇ ਕਹਿਨਾ,
ਪੱਕਾ ਵਾਅਦਾ ਮੇਰਾ।
ਇਹ ਪੱਕਾ ਵਾਅਦਾ ਮੇਰਾ ॥
Trust upon me

-ਗੁਰਲਾਲ ਬਰਾੜ ਸਿਰੀਏਵਾਲਾ, ਕੈਨੇਡਾ ।

## ਉਹਦੇ ਵੱਲ

ਪੌਣਾਂ ਨੇ ਤੀਰ ਚੁੱਕੇ ਆ
ਵਗੀਆਂ ਨੇ ਬਣ ਤਲਵਾਰਾਂ
ਕਾਮਿਆਂ ਦਾ ਖ਼ੂਨ ਪੀਣ ਨੂੰ
ਅੰਬਰਾਂ ਤੋਂ ਆਉਦੀਆਂ ਮਾਰਾ
ਕਿੰਨਾ ਦਾ ਰੱਬ ਕਰਦਾ ਏ ਸਭ ?
ਅੱਲਾ,ਰਾਮ ਜਾ ਵਾਹਿਗੁਰੂ ਯਾਰਾਂ
ਸੋਚੇ ਸੋਚਿ ਨਾ ਹੋਵਇ ਭਾਵੇਂ
ਫੇਰ ਵੀ ਇਹ ਦਿਲ ਕਰੇ ਵਿਚਾਰਾਂ
ਪੌਣਾਂ ਨੇ ਤੀਰ ਚੁੱਕੇ ਆ
ਵਗੀਆਂ ਨੇ ਬਣ ਤਲਵਾਰਾਂ
ਪੁੱਤਾਂ ਨੂੰ ਨਸ਼ਿਆਂ ਦੇ ਨਾਲ
ਲੈ ਗਿਆ ਸੀ ਸਿਵਿਆਂ ਅੰਦਰ
ਫਸਲਾ ਵੀ ਪੁੱਤ ਸੀ ਸਾਡੀਆਂ
ਵਿਛਾਈਆਂ ਜੋ ਖੇਤਾਂ ਅੰਦਰ
ਆਉਂਦਾ ਨਿੱਤ ਚੜ੍ਹ ਚੜ੍ਹ ਕੇ
ਜਾਂਦਾ ਸਭ ਕਰ ਕੇ ਖੰਡਰ
ਮਿਲਿਆ ਨਾ ਜਦ ਖ਼ੁਦ ਨੂੰ ਦਾਣਾ
ਲਗਾਵਾਂਗੇ ਕਿੰਝ ਤੇਰਾ ਲੰਗਰ
ਪੁੱਤਾਂ ਨੂੰ ਨੀਸ਼ਆਂ ਦੇ ਨਾਲ
ਲੈ ਗਿਆ ਸੀ ਸਿਵਿਆਂ ਅੰਦਰ
ਕੁਦਰਤ ਦੇ ਕਹਿਰ ਨੂੰ ਸੁਣਲਾ
ਭਾਣਾ ਮੰਨ ਬਹਿ ਜਾਵਾਂਗੇ
ਪਹਿਲਾ ਵੀ ਬਹੁਤ ਸਹਿ ਲਿਆ
ਹੁਣ ਵੀ ਸਭ ਸਹਿ ਜਾਵਾਂਗੇ
ਇਹ ਹੀ ਸਮਝਾਇਆ ਸਾਨੂੰ
ਨਾਲ ਕੀ ਲੈ ਜਾਵਾਂਗੇ
ਆਉਣਾ ਜਦ ਵਿਹੜੇ ਤੇਰੇ
ਕੱਲੇ ਹੀ ਰਹਿ ਜਾਵਾਂਗੇ
ਕੁਦਰਤ ਦੇ ਕਹਿਰ ਨੂੰ ਸੁਣਲੇ
ਭਾਣਾ ਮੰਨ ਬਹਿ ਜਾਵਾਂਗੇ
ਤੂੰ ਜੋ ਵੀ ਏ, ਗੱਲ ਸੁਣ ਇੱਕ ਮੇਰੀ
ਧਨਾਢਾਂ ਤੋਂ ਤੂੰ ਵੀ ਡਰਦਾ
ਚੱਲਦੀ ਨਹੀਂ ਉੱਥੇ ਤੇਰੀ
ਵਿਹਲਾ ਜਦ ਅੱਕ ਜਾਂਦਾ ਏ
ਪਾਉਂਦਾ ਸਾਡੇ ਵਿਹੜੇ ਫੇਰੀ
ਸਾਡਾ ਜੋ ਹਾਲ ਹੈ ਇਹ ਸਭ
ਕਿਰਪਾ ਸਭ ਮਿੱਤਰਾਂ ਤੇਰੀ
ਤੂੰ ਜੋ ਵੀ ਏ
ਗੱਲ ਸੁਣ ਇੱਕ ਮੇਰੀ...

-ਸੁਖਚੈਨ, 99888-07613

## ਜ਼ਹਿਰ ਦੇ ਵਣਜਾਰੇ

ਪੁੱਛੋ ਜ਼ਹਿਰ ਦੇ ਇਨ੍ਹਾਂ ਵਣਜ਼ਾਰਿਆਂ ਨੂੰ
ਕਿੱਥੇ ਵੇਚੋਗੇ ਮਾਰਕੇ ਸਾਰਿਆਂ ਨੂੰ

ਹਿੰਮਤ ਹਾਰਿਓ ਨਾ, ਜੇਕਰ ਜਿੱਤਣਾ ਏਂ
ਹੁੰਦੀ ਹਾਰ ਤਾਂ ਸਿਦਕ ਤੋਂ ਹਾਰਿਆਂ ਨੂੰ

ਉਹ ਤਾਂ ਰੋਜ਼ ਮਰਦਾ, ਜਿਹੜਾ ਰਹੇ ਡਰਦਾ
ਇੱਕ ਵਾਰ ਤਾਂ ਆਉਂਦੀ ਹੈ ਸਾਰਿਆਂ ਨੂੰ

ਸਿਰਜਣਹਾਰ ਤੇਰੇ, ਓਥੇ ਵਸਣ ਜਿਹੜੇ
ਮਹਿਲਾ ਘੂਰਦੈਂ ਕਾਸਤੋਂ ਢਾਰਿਆਂ ਨੂੰ

ਲੱਟੀ ਗਈ ਹਾਸੀ, ਹੋਏ ਚਾਅ ਬਾਸੀ
ਹਾਲ ਪੁੱਛ ਕੇ ਵੇਖ ਵਿਚਾਰਿਆਂ ਨੂੰ

ਜਿੱਥੇ ਪਾਪ ਪਲਦਾ, ਤੇ ਇਖ਼ਲਾਕ ਗਲਦਾ
ਭਲਾ ਫੂਕਣੈਂ ਉਹਨਾਂ ਚੁਬਾਰਿਆਂ ਨੂੰ


ਏਥੇ ਖ਼ੂਨ ਚਿੱਟਾ, ਏਥੇ ਜ਼ਹਿਰ ਮਿੱਠਾ
ਅੰਮ੍ਰਿਤ ਕੌੜਾ ਹੀ ਦਿਉ ਪਿਆਰਿਆਂ ਨੂੰ

-ਜਸਵੰਤ ਸਿੰਘ ਜ਼ਫ਼ਰ

# ਮੌਤ ਦੇ 48 ਸਾਲ ਬਾਅਦ ਵੀ ਇਹ ਫੌਜੀ ਕਰ ਰਿਹਾ ਬਾਰਡਰ ਦੀ ਰਾਖੀ , ਕੁੱਝ ਅਜਿਹਾ ਹੈ





ਸਿੱਕਮ ਵਿੱਚ ਭਾਰਤ – ਚੀਨ ਸੀਮਾ ਉੱਤੇ ਇੱਕ ਫੌਜੀ ਅਜਿਹਾ ਵੀ ਹੈ ਜੋ ਮੌਤ ਦੇ 48 ਸਾਲ ਬਾਅਦ ਵੀ ਸਰਹੱਦ ਦੀ ਰਾਖੀ ਕਰ ਰਿਹਾ ਹੈ । ਤੁਹਾਨੂੰ ਸੁਣਨ ਵਿੱਚ ਇਹ ਥੋੜ੍ਹਾ ਅਜੀਬ ਜਰੂਰ ਲੱਗੇਗਾ , ਪਰ ਲੋਕਾਂ ਦਾ ਅਜਿਹਾ ਹੀ ਮੰਨਣਾ ਹੈ ਅਤੇ ਦੂਰ – ਦੂਰ ਤੋਂ ਲੋਕ ਇੱਥੇ ਬਾਬਾ ਹਰਭਜਨ ਸਿੰਘ ਮੰਦਿਰ ਵਿੱਚ ਪੂਜਾ ਕਰਨ ਆਉਂਦੇ ਹਨ । ਇਹੀ ਨਹੀਂ ਇਸ ਫੌਜੀ ਨੇ ਮਰਨ ਤੋਂ ਬਾਅਦ ਵੀ ਆਪਣੀ ਨੌਕਰੀ ਜਾਰੀ ਰੱਖੀ ਹੋਈ ਹੈ। ਫਿਲਹਾਲ, ਇਹ ਫੌਜੀ ਹੁਣ ਰਿਟਾਇਰ ਹੋ ਚੁੱਕਿਆ ਹੈ ।

**13 ਹਜਾਰ ਫੁੱਟ ਦੀ ਉਚਾਈ ‘ਤੇ ਹੈ ਮੰਦਰ**

ਸਿੱਕਮ ਦੀ ਰਾਜਧਾਨੀ ਗੰਗਟੋਕ ਵਿੱਚ ਜੇਲੇਪਲਾ ਦੱਰੇ ਅਤੇ ਨਾਥੁਲਾ ਦੱਰੇ ਦੇ ਵਿੱਚ ਬਣਿਆ ਬਾਬਾ ਹਰਭਜਨ ਸਿੰਘ ਦਾ ਮੰਦਰ ਲੱਗਭਗ 13 ਹਜਾਰ ਫੁੱਟ ਦੀ ਉਚਾਈ ਉੱਤੇ ਸਥਿਤ ਹੈ । ਇਸ ਮੰਦਿਰ ਵਿੱਚ ਬਾਬਾ ਹਰਭਜਨ ਸਿੰਘ ਦੀ ਇੱਕ ਫੋਟੋ ਅਤੇ ਉਨ੍ਹਾਂ ਦਾ ਸਾਮਾਨ ਰੱਖਿਆ ਹੋਇਆ ਹੈ ।

**ਇਸ ਤਰਾਂ ਹੋਈ ਸੀ ਬਾਬਾ ਹਰਭਜਨ ਸਿੰਘ ਦੀ ਮੌਤ**

4 ਅਕਤੂਬਰ 1968 ਦੀ ਨੂੰ ਸਿੱਕਮ ਦੇ ਨਾਥੁਲਾ ਕੋਲ ਵਿੱਚ ਡੂੰਘਾ ਖਾਈ ਵਿੱਚ ਡਿੱਗਣ ਨਾਲ ਫੌਜੀ ਹਰਭਜਨ ਸਿੰਘ ਦੀ ਮੌਤ ਹੋ ਗਈ ਸੀ । ਲੋਕਾਂ ਦਾ ਅਜਿਹਾ ਮੰਨਣਾ ਹੈ ਕਿ ਉਦੋਂ ਤੋਂ ਲੈ ਕੇ ਅੱਜ ਤੱਕ ਇਸ ਫੌਜੀ ਦੀ ਆਤਮਾ ਇੱਥੇ ਸਰਹੱਦ ਦੀ ਰੱਖਿਆ ਕਰਦੀ ਹੈ ।

**ਚੀਨੀ ਫੌਜੀ ਵੀ ਖਾਂਦੇ ਹਨ ਖੌਫ**

ਸਰਹੱਦ ਉੱਤੇ ਬਾਬਾ ਹਰਭਜਨ ਸਿੰਘ ਦੀ ਮੌਜਦਗੀ ਉੱਤੇ ਦੇਸ਼ ਦੇ ਸੈਨਿਕਾਂ ਨੂੰ ਪੂਰਾ ਵਿਸ਼ਵਾਸ ਹੈ , ਨਾਲ ਹੀ ਚੀਨ ਦੇ ਫੌਜੀ ਵੀ ਇਸ ਗੱਲ ਨੂੰ ਮੰਨਦੇ ਹਨ ਅਤੇ ਡਰਦੇ ਹਨ ਕਿ ਬਾਬਾ ਬਾਰਡਰ ਦੀ ਰਾਖੀ ਉੱਤੇ ਮੁਸਤੈਦ ਹੈ , ਕਿਉਂਕਿ ਉਨ੍ਹਾਂ ਨੇ ਵੀ ਬਾਬਾ ਹਰਭਜਨ ਸਿੰਘ ਨੂੰ ਮਰਨੇ ਦੇ ਬਾਅਦ ਘੋੜੇ ਉੱਤੇ ਸਵਾਰ ਹੋਕੇ ਬਾਰਡਰ ਉੱਤੇ ਗਸ਼ਤ ਕਰਦੇ ਹੋਏ ਵੇਖਿਆ ਹੈ ।

**ਕਪੂਰਥਲੇ ਦੇ ਰਹਿਣ ਵਾਲੇ ਸਨ ਬਾਬਾ**

ਕੈਪਟਨ ਹਰਭਜਨ ਸਿੰਘ ਦਾ ਜਨਮ 3 ਅਗਸਤ 1941 ਨੂੰ ਪੰਜਾਬ ਦੇ ਕਪੂਰਥਲੇ ਜਿਲੇ ਦੇ ਬਰੋਂਦਲ ਪਿੰਡ ਵਿੱਚ ਹੋਇਆ ਸੀ । ਉਨ੍ਹਾਂ ਨੇ ਸਾਲ 1966 ਵਿੱਚ 23ਵੀ ਪੰਜਾਬ ਬਟਾਲੀਅਨ ਜੁਆਇਨ ਕੀਤੀ ਸੀ । ਸਿੱਕਮ ਵਿੱਚ ਤਾਇਨਾਤ ਹਰਭਜਨ ਸਿੰਘ ਜਦੋਂ 4 ਅਕਤੂਬਰ 1968 ਨੂੰ ਟੇਕੁਲਾ ਸਰਹੱਦ ‘ਤੇ ਘੋੜੇ ਉੱਤੇ ਸਵਾਰ ਹੋ ਕੇ ਆਪਣੇ ਮੁੱਖ ਟਿਕਾਣੇ ਡੋਂਗਚੁਕਲਾ ਜਾ ਰਹੇ ਸਨ ਤਾਂ ਉਹ ਇੱਕ ਤੇਜ ਵਗਦੇ ਹੋਏ ਝਰਨੇ ਵਿੱਚ ਜਾ ਗਿਰੇ ਅਤੇ ਉਨ੍ਹਾਂ ਦੀ ਮੌਤ ਹੋ ਗਈ ।

**5 ਦਿਨ ਤੱਕ ਚਲਿਆ ਸਰਚ ਆਪਰੇਸ਼ਨ**

ਉਨ੍ਹਾਂ ਦੀ ਖੋਜ ਵਿੱਚ ਪੰਜ ਦਿਨ ਤੱਕ ਸਰਚ ਆਪਰੇਸ਼ਨ ਚੱਲਿਆ , ਫਿਰ ਉਨ੍ਹਾਂ ਨੂੰ ਲਾਪਤਾ ਘੋਸ਼ਿਤ ਕਰ ਦਿੱਤਾ ਗਿਆ । ਪੰਜਵੇਂ ਦਿਨ ਉਨ੍ਹਾਂ ਦੇ ਇੱਕ ਸਾਥੀ ਸਿਪਾਹੀ ਪ੍ਰੀਤਮ ਸਿੰਘ ਨੂੰ ਸੁਫਨੇ ਵਿੱਚ ਆ ਕੇ ਹਰਭਜਨ ਸਿੰਘ ਨੇ ਆਪਣੀ ਮੌਤ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਦੀ ਉਨ੍ਹਾਂ ਦਾ ਲਾਸ਼ ਕਿੱਥੇ ਹੈ । ਉਨ੍ਹਾਂ ਨੇ ਪ੍ਰੀਤਮ ਪ੍ਰੀਤਮ ਸਿੰਘ ਕੋਲ ਇਹ ਵੀ ਇੱਛਾ ਜਾਹਿਰ ਕੀਤੀ ਸੀ ਕਿ ਉਨ੍ਹਾਂ ਦੀ ਸਮਾਧੀ ਵੀ ਉਥੇ ਹੀ ਬਣਾਈ ਜਾਵੇ । ਪਹਿਲਾਂ ਪ੍ਰੀਤਮ ਸਿੰਘ ਦੀ ਗੱਲ ਦਾ ਕਿਸੇ ਨੇ ਵਿਸ਼ਵਾਸ ਨਹੀਂ ਕੀਤਾ , ਪਰ ਜਦੋਂ ਉਨ੍ਹਾਂ ਦੀ ਲਾਸ਼ ਦੱਸੇ ਹੋਏ ਸਥਾਨ ਉੱਤੇ ਮਿਲੀ ਤਾਂ ਫੌਜ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੀ ਗੱਲ ਉੱਤੇ ਵਿਸ਼ਵਾਸ ਹੋ ਗਿਆ ।

**ਇੱਥੇ ਬਣਾਈ ਗਈ ਸਮਾਧੀ**

ਇਸ ਦੇ ਬਾਅਦ ਫੌਜ ਦੇ ਅਧਿਕਾਰੀਆਂ ਨੇ ਹਰਭਜਨ ਸਿੰਘ ਦੀ ‘ਛੋਕਿਆ ਛੋ’ ਨਾਮਕ ਜਗ੍ਹਾ ਉੱਤੇ ਸਮਾਧੀ ਬਣਵਾ ਦਿੱਤੀ । ਕਿਹਾ ਜਾਂਦਾ ਹੈ ਕਿ ਮੌਤ ਦੇ ਬਾਅਦ ਵੀ ਬਾਬਾ ਹਰਭਜਨ ਸਿੰਘ ਆਪਣੀ ਡਿਊਟੀ ਕਰਦੇ ਹਨ ਅਤੇ ਚੀਨ ਦੀਆਂ ਸਾਰੀਆਂ ਗਤੀਵਿਧੀਆਂ ਦੀ ਜਾਣਕਾਰੀ ਆਪਣੇ ਸਾਥੀਆਂ ਨੂੰ ਦਿੰਦੇ ਹਨ । ਇੱਥੇ ਤੱਕ ਉਨ੍ਹਾਂ ਦੇ ਪ੍ਰਤੀ ਫੌਜ ਦਾ ਵੀ ਇੰਨਾ ਵਿਸ਼ਵਾਸ ਹੈ ਕਿ ਉਨ੍ਹਾਂ ਨੂੰ ਬਾਕੀਆਂ ਸਾਰਿਆਂ ਦੀ ਤਰ੍ਹਾਂ ਤਨਖਾਹ , ਦੋ ਮਹੀਨੇ ਦੀ ਛੁੱਟੀ ਆਦਿ ਸਹੂਲਤ ਵੀ ਦਿੱਤੀ ਜਾਂਦੀ ਸੀ । ਫਿਲਹਾਲ ਉਹ ਹੁਣ ਰਿਟਾਇਰ ਹੋ ਚੁੱਕੇ ਨੇ ।

**ਟ੍ਰੇਨ ਦੀ ਟਿਕਟ ਹੁੰਦੀ ਹੈ ਬੁੱਕ**

ਫੌਜ ਦੇ ਵੱਲੋਂ ਦੋ ਮਹੀਨੇ ਦੀ ਛੁੱਟੀ ਦੇ ਦੌਰਾਨ ਟ੍ਰੇਨ ਵਿੱਚ ਉਨ੍ਹਾਂ ਦੇ ਘਰ ਤੱਕ ਦੀ ਟਿਕਟ ਬੁੱਕ ਕਰਵਾਈ ਜਾਂਦੀ ਸੀ ਅਤੇ ਸਥਾਨਕ ਲੋਕ ਉਨ੍ਹਾਂ ਦਾ ਸਾਮਾਨ ਲੈ ਕੇ ਜਲੂਸ ਦੇ ਰੂਪ ਵਿੱਚ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਛੱਡਣ ਜਾਂਦੇ ਸਨ । ਉਨ੍ਹਾਂ ਦੇ ਤਨਖਾਹ ਦਾ ਇੱਕ ਚੌਥਾਈ ਹਿੱਸਾ ਉਨ੍ਹਾਂ ਦੀ ਮਾਂ ਨੂੰ ਭੇਜਿਆ ਜਾਂਦਾ ਸੀ ।ਦੱਸਿਆ ਜਾਂਦਾ ਹੈ ਕਿ ਨਾਥੁਲਾ ਵਿੱਚ ਜਦੋਂ ਵੀ ਭਾਰਤ ਅਤੇ ਚੀਨ ਦੇ ਵਿੱਚ ਫਲੈਗ ਮੀਟਿੰਗ ਹੁੰਦੀ ਹੈ ਤਾਂ ਬਾਬਾ ਹਰਭਜਨ ਲਈ ਇੱਕ ਵੱਖਰੀ ਕੁਰਸੀ ਵੀ ਲਗਾਉਂਦੇ ਹਨ ।

**ਕਰਦੇ ਹਨ ਡਿਊਟੀ**

ਬਾਬਾ ਹਰਭਜਨ ਸਿੰਘ ਦੇ ਮੰਦਰ ਵਿੱਚ ਉਨ੍ਹਾਂ ਦੇ ਜੁੱਤੇ ਅਤੇ ਬਾਕੀ ਸਾਮਨ ਰੱਖਿਆ ਹੋਇਆ ਹੈ । ਭਾਰਤੀ ਫੌਜ ਦੇ ਜਵਾਨ ਇਸ ਮੰਦਿਰ ਦੀ ਖਿਆਲ ਰੱਖਦੇ ਹਨ ਅਤੇ ਰੋਜਾਨਾ ਬਾਬੇ ਦੇ ਜੁੱਤੇ ਪਾਲਿਸ਼ ਕਰਨਾ , ਉਨ੍ਹਾਂ ਦਾ ਬਿਸਤਰੇ ਠੀਕ ਕਰਣਾ , ਇਹ ਉਨ੍ਹਾਂ ਦੀ ਡਿਊਟੀ ਹੈ । ਇੱਥੇ ਤੈਨਾਤ ਸਿਪਾਹੀਆਂ ਦਾ ਕਹਿਣਾ ਹੈ ਕਿ ਰੋਜ ਬਾਬਾ ਹਰਭਜਨ ਸਿੰਘ ਦੇ ਜੁੱਤੀਆਂ ਉੱਤੇ ਕਿਚੜ ਲੱਗਾ ਹੋਇਆ ਹੁੰਦਾ ਹੈ ਅਤੇ ਉਨ੍ਹਾਂ ਦੇ ਬਿਸਤਰਾ ਉੱਤੇ ਕਰਵਟਾਂ ਵਿਖਾਈ ਦਿੰਦੀਆਂ ਹਨ ।

# ਦੁਨੀਆ ਦੀ ਸਭ ਤੋਂ ਸੁਰੱਖਿਅਤ ਤੀਜੋਰੀ ਇੱਥੇ ਰੱਖਿਆ ਹੈ ਲੱਗਭਗ 4600 ਟਨ ਸੋਨਾ



ਦੁਨੀਆ ਦੇ ਸਭਤੋਂ ਪਾਵਰਫੁਲ ਦੇਸ਼ ਅਮਰੀਕਾ ਦੇ ਕੋਲ ਅਥਾਹ ਸੋਨਾ ਹੈ । ਅਮਰੀਕਾ ਦੇ ਇਸ ਆਫੀਸ਼ਲੀ ਗੋਲਡ ਰਿਜਰਵ ਦਾ ਇੱਕ ਬਹੁਤ ਹਿੱਸਾ ਕੇਂਟੁਕੀ ਦੇ ਫੋਰਟ ਨਾਕਸ ਸਥਿਤ ਬੁਲੀਅਨ ਡਿਪੌਜੀਟਰੀ ਵਿੱਚ ਰੱਖਿਆ ਹੋਇਆ ਹੈ । ਇਸਦੀ ਮਾਤਰਾ ਕਰੀਬ 4600 ਟਨ ਹੈ । ਫੋਰਚ ਨਾਕਸ ਇੱਕ ਆਰਮੀ ਪੋਸਟ ਹੈ , ਜੋ 109,000 ਏਕੜ ਵਿੱਚ ਫੈਲੀ ਹੋਈ ਹੈ । ਇਸ ਦੇ ਅੰਦਰ ਮੌਜੂਦ ਗੋਲਡ ਵਾਲਟ ਮੋਟੀ ਗਰੇਨਾਈਟ ਦੀ ਦੀਵਾਰ ਨਾਲ ਘਿਰੀ ਹੈ । ਉੱਥੇ ਹੀ ਇਸ ਦੀ ਛੱਤ ਬੰਬਪਰੂਫ ਹੈ । ਇਹ ਦੁਨੀਆ ਦੀ ਸਭ ਤੋਂ ਸੁਰੱਖਿਅਤ ਬਿਲਡਿੰਗਾਂ ਵਿੱਚੋਂ ਇੱਕ ਹੈ ।

**ਇਸ ਤਰਾਂ ਹੁੰਦੀ ਹੈ ਇਸ ਤੀਜੋਰੀ ਦੀ ਸੁਰੱਖਿਆ**

ਫੈਡਰਲ ਰਿਜਰਵ ਦੇ ਮੁਤਾਬਕ , ਇਸ ਬਿਲਡਿੰਗ ਵਿੱਚ 147.3 ਮਿਲੀਅਨ ਆਊਂਸ ਯਾਨੀ 4600 ਮੀਟਰਿਕ ਟਨ ਗੋਲਡ ਬਰਿੱਕ ਰੱਖਿਆ ਹੈ । ਇਸਨੂੰ ਯੂਨਾਈਟਿਡ ਸਟੇਟ ਬੁਲੀਅਨ ਡਿਪਾਜੌਟਰੀ ਵੀ ਕਹਿੰਦੇ ਹਨ । ਬਿਲਡਿੰਗ ਵਿੱਚ ਜਿਸ ਜਗ੍ਹਾ ਉੱਤੇ ਇਹ ਗੋਲਡ ਰੱਖਿਆ ਹੈ , ਉਹ ਜਗ੍ਹਾ ਗਰੇਨਾਈਟ ਦੀ ਮੋਟੀ ਦੀਵਾਰ ਨਾਲ ਘਿਰੀ ਹੈ । ਉਥੇ ਹੀ,ਫੋਰਟ ਨਾਕਸ ਬਿਲਡਿੰਗ ਮਲਟੀਪਲ ਅਲਾਰਮ ਵਾਲੀ ਫੇਂਸਿੰਗ ਨਾਲ ਵੀ ਲੈਸ ਹੈ, ਅਤੇ ਇਸਦੀ ਹੈਲੀਕਾਪਟਰ ਨਾਲ ਵੀ ਨਿਗਰਾਨੀ ਕੀਤੀ ਜਾਂਦੀ ਹੈ । ਇਸ ਵਿੱਚ 22 ਟਨ ਦੇ ਦਰਵਾਜੇ ਲੱਗੇ ਹੈ । ਸਟਾਫ ਦੇ 10 ਵੱਖ –ਵੱਖ ਲੋਕਾਂ ਦੇ ਕੰਬੀਨੇਸ਼ਨ ਕੋਡ ਨਾਲ ਇਹਨਾਂ ਦਰਵਾਜਿਆਂ ਨੂੰ ਲਾਕ ਕੀਤਾ ਗਿਆ ਹੈ । ਇਨ੍ਹਾਂ ਨੂੰ ਆਪਣੇ ਕੋਡ ਦੇ ਇਲਾਵਾ ਦੂਜੇ ਸਟਾਫ ਮੈਂਬਰ ਦੇ ਕੋਡ ਨਹੀਂ ਪਤਾ ਹੁੰਦੇ । ਜੇਕਰ ਕੋਈ ਇਸ ਬਿਲਡਿੰਗ ਦੇ ਕਰੀਬ ਵੀ ਜਾਣ ਦੀ ਕੋਸ਼ਿਸ਼ ਕਰਦਾ ਹੈ , ਜੋ ਉਸਦੀ ਸੁਰੱਖਿਆ ਲਈ ਲਗਾਏ ਹੈਲੀਕਾਪਟਰ , ਟੈਂਕਸ , ਫੇਂਸਿੰਗ , ਗਾਰਡ , ਕੰਕਰੀਟ ਲਾਈਨ ਵਾਲੀ ਗਰੇਨਾਈਟ ਦੀ ਦੀਵਾਰ ਅਤੇ ਚਾਰੇ ਪਾਸੇ ਲੱਗੇ ਅਲਾਰਮ ਉਸਨੂੰ ਸਫਲ ਨਹੀਂ ਹੋਣ ਦਿੰਦੇ ।

**ਕਈ ਦੇਸ਼ ਰੱਖ ਚੁੱਕੇ ਹਨ ਆਪਣੀ ਜਾਇਦਾਦ**

ਇਸ ਬਿਲਡਿੰਗ ਦੇ ਸਿਕਓਰਟੀ ਸਿਸਟਮ ਦੇ ਬਾਰੇ ਵਿੱਚ ਜਾਣਕੇ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਸੈਕਿੰਡ ਵਰਲਡ ਵਾਰ ਦੇ ਵਕਤ ਅਖੀਰ ਕਿਉਂ ਫੋਰਟ ਨਾਕਸ ਨੂੰ ਪ੍ਰਾਇਮਰੀ ਸਟੋਰੇਜ ਆਪਸ਼ਨ ਦੇ ਤੌਰ ਉੱਤੇ ਚੁਣਿਆ ਗਿਆ । ਇੱਥੇ ਯੂਰੋਪੀਅਨ ਨੇਸ਼ਨ ਦੇ ਗੋਲਡ ਰਿਜਰਵ , ਮੈਗਨਾ ਕਾਰਟਾ, ਯੂਕੇ ਦਾ ਕਰਾਉਨ, ਜਵੈਲਸ ਅਤੇ ਅਮਰੀਕੀ ਸੰਵਿਧਾਨ ਨੂੰ ਸੁਰੱਖਿਅਤ ਰੱਖਿਆ ਗਿਆ ।

**ਸਾਢੇ 3 ਕਰੋੜ ਵਿੱਚ ਬਣਕੇ ਹੋਇਆ ਤਿਆਰ**

ਸਾਲ 1936 ਵਿੱਚ ਅਮਰੀਕੀ ਟਰੇਜਰੀ ਡਿਪਾਰਟਮੈਂਟ ਨੇ ਕੇਂਟੁਕੀ ਵਿੱਚ ਸਥਿਤ ਫੋਰਟ ਨਾਕਸ ਵਿੱਚ ਯੂਨਾਈਟਿਡ ਸਟੇਟਸ ਬੁਲੀਅਨ ਡਿਪਾਜੌਟਰੀ ਦਾ ਨਿਰਮਾਣ ਪੂਰਾ ਕੀਤਾ ਸੀ । ਅਮਰੀਕੀ ਟਰੇਜਰੀ ਡਿਪਾਰਟਮੇਂਟ ਨੂੰ ਇਹ ਜ਼ਮੀਨ ਅਮਰੀਕੀ ਮਿਲਟਰੀ ਨੇ ਟਰਾਂਸਫਰ ਕੀਤੀ ਸੀ । ਇਸਦੀ ਉਸਾਰੀ ਉੱਤੇ ਉਸ ਸਮੇਂ ਸਾਢੇ 3 ਕਰੋੜ ( 5.6 ਲੱਖ ਅਮਰੀਕੀ ਡਾਲਰ ) ਦਾ ਖਰਚ ਆਇਆ ਸੀ । ਸਾਲ 1988 ਵਿੱਚ ਇਸ ਜਗ੍ਹਾ ਨੂੰ ਅਮਰੀਕਾ ਦੇ ਨੈਸ਼ਨਲ ਰਜਿਸਟਰ ਆਫ ਹਿਸਟੌਰਿਕ ਪਲੇਸਸ ( ਇਤਿਹਾਸਿਕ ਸਥਾਨਾਂ ਦੀ ਰਾਸ਼ਟਰੀ ਸੂਚੀ ) ਵਿੱਚ ਸ਼ਾਮਿਲ ਕਰ ਲਿਆ ਗਿਆ ।ਤੀਜੋਰੀ ਦੇ ਅੰਦਰ ਦੀ ਸਿਰਫ ਇੱਕ ਫੋਟੋ 1974 ਵਿੱਚ ਖਿੱਚੀ ਗਈ ਸੀ , ਜਦੋਂ ਕੁੱਝ ਆਮ ਲੋਕਾਂ ਨੂੰ ਅੰਦਰ ਵੜਣ ਦੀ ਆਗਿਆ ਮਿਲੀ ਸੀ ।

# ਇਹ ਮੁੰਡਾ ਦਿੰਦੈ ਮੁਰਗੀ ਵਾਂਗ ਆਂਡੇ, ਡਾਕਟਰ ਵੀ ਹੈਰਾਨੀ ‘ਚ








ਜਕਾਰਤਾ — ਤੁਸੀਂ ਮੁਰਗੀ ਨੂੰ ਆਂਡੇ ਦਿੰਦਿਆਂ ਦੇਖਿਆ ਹੋਵੇਗਾ ਪਰ ਕਿਸੇ ਆਦਮੀ ਨੂੰ ਆਂਡੇ ਦਿੰਦੇ ਨਹੀਂ ਸੁਣਿਆ ਹੋਵੇਗਾ। ਤੁਸੀਂ ਵੀ ਸਾਡੇ ਵਾਂਗ ਹੈਰਾਨ ਹੋਣ ਵਾਲੇ ਹੋ ਜਦੋਂ ਤੁਹਾਨੂੰ ਪਤਾ ਲੱਗੇਗਾ ਕਿ ਇੰਡੋਨੇਸ਼ੀਆ ਦਾ ਇਕ 20 ਸਾਲਾ ਮੁੰਡਾ ਆਂਡੇ ਦਿੰਦਾ ਹੈ। ਜੀ ਹਾਂ, ਇਹ ਸੱਚ ਹੈ। ਇਸ ਮੁੰਡੇ ਨੇ 2 ਸਾਲਾਂ ਵਿਚ 20 ਆਂਡੇ ਦਿੱਤੇ ਹਨ। ਇਸ ਮੁੰਡੇ ਦਾ ਨਾਂ ਅਕਮਲ ਹੈ।ਇਸ ਬਾਰੇ ਮੁੰਡੇ ਦੇ ਪਿਤਾ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਡਾਕਟਰਾਂ ਨੇ ਵੀ ਉਸਦੇ ਬੇਟੇ ਦੀ ਜਾਂਚ ਕੀਤੀ ਹੈ ਪਰ ਡਾਕਟਰ ਵੀ ਓਦੋਂ ਹੈਰਾਨ ਰਹਿ ਗਏ ਜਦੋਂ ਮੁੰਡੇ ਨੇ ਉਨ੍ਹਾਂ ਦੇ ਸਾਹਮਣੇ 2 ਆਂਡੇ ਦਿੱਤੇ। ਇਹ ਮੁੰਡਾ ਵਿਗਿਆਨ ‘ਤੇ ਸਵਾਲ ਉਠਾ ਰਿਹਾ ਹੈ ਕਿਉਂਕਿ ਵਿਗਿਆਨ ਦੀ ਮੰਨੀਏ ਤਾਂ ਇਨਸਾਨ ਕਦੇ ਆਂਡੇ ਨਹੀਂ ਦੇ ਸਕਦਾ। ਇਸ ਬਾਰੇ ਹਸਪਤਾਲ ਦਾ ਕਹਿਣਾ ਹੈ ਕਿ ਇਹ ਮੁੰਡੇ ਦੀ ਸ਼ਰਾਰਤ ਵੀ ਹੋ ਸਕਦੀ ਹੈ ਪਰ ਅਜੇ ਤੱਕ ਕੋਈ ਉਸਨੂੰ ਫੜ ਨਹੀਂ ਸਕਿਆ ਹੈ।

# ਇਸਨੂੰ ਕਹਿੰਦੇ ਹਨ ਅਸਲੀ ਪਤਾਲ ਲੋਕ, ਜ਼ਮੀਨ ਦੇ ਹੇਠਾਂ ਹੈ ਹੈਰਾਨੀ ਵਾਲੀ ਸੱਚਾਈ

ਹੁਣ ਤੱਕ ਤੁਸੀਂ ਪਤਾਲ ਲੋਕ ਦੇ ਬਾਰੇ ਵਿੱਚ ਸੁਣਿਆ ਹੋਵੇਗਾ , ਜਿਸਦੀ ਸਿਰਫ ਕਲਪਨਾ ਹੀ ਕੀਤੀ ਜਾਂਦੀ ਹੈ । ਜੇਕਰ ਅਸੀ ਤੁਹਾਨੂੰ ਦੱਸੀਏ ਕਿ ਧਰਤੀ ਉੱਤੇ ਇੱਕ ਜਗ੍ਹਾ ਪਤਾਲ ਲੋਕ ਦੀ ਤਰ੍ਹਾਂ ਹੀ ਹੈ ਤਾਂ ਭਰੋਸਾ ਨਹੀਂ ਹੋਵੇਗਾ, ਪਰ ਇਹ ਸੱਚ ਹੈ । ਆਸਟਰੇਲੀਆ ਦੇ ਐਡੀਲਟ ਸ਼ਹਿਰ ਤੋਂ ਕਰੀਬ 800 ਕਿੱਲੋ ਮੀਟਰ ਦੂਰ ਬਸਿਆ ਇਹ ਪਿੰਡ ਆਪਣੇ ਆਪ ਵਿੱਚ ਅਨੋਖਾ ਹੈ । ਤੁਹਾਨੂੰ ਜਾਣਕੇ ਅਚੰਭਾ ਹੋਵੇਗਾ ਕਿ ਹੋਲ ਦੇ ਅੰਦਰ ਕੂਬਰ ਪੇਡੀ ਨਾਮ ਦਾ ਇੱਕ ਪੂਰਾ ਪਿੰਡ ਵਸਿਆ ਹੋਇਆ ਹੈ ।

**ਇੱਕ ਹੋਲ ਤੋਂ ਦਿਸਦਾ ਹੈ ਜ਼ਮੀਨ ਦੇ ਅੰਦਰ ਬਣਇਆ ਪਿੰਡ**

ਇੱਥੇ 60 % ਲੋਕ ਜ਼ਮੀਨ ਦੇ ਅੰਦਰ ਬਣੇ ਅੰਡਰਗਰਾਉਂਡ ਮਕਾਨਾਂ ਵਿੱਚ ਰਹਿੰਦੇ ਹੈ । ਉੱਤੇ ਤੋਂ ਮਿੱਟੀ ਵਾਂਗ ਵਿਖਣ ਵਾਲੇ ਇਹਨਾਂ ਦੇ ਮਕਾਨਾਂ ਦੀ ਸਜਾਵਟ ਕਿਸੇ ਮਹਿਲ ਤੋਂ ਘੱਟ ਨਹੀਂ ਹੁੰਦੀ ਹੈ । ਸਾਲ 1915 ਵਿੱਚ ਇੱਥੇ ਓਪਲ ਸਟੋਨ ਦੀ ਖੋਜ ਲਈ ਮਾਈਨਿੰਗ ਦਾ ਕੰਮ ਸ਼ੁਰੂ ਹੋਇਆ ਸੀ । ਇਸ ਵਜ੍ਹਾ ਨਾਲ ਇੱਥੇ ਰਹਿਣ ਲਈ ਲੋਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ । ਜਦੋਂ ਮਾਈਨਿੰਗ ਦਾ ਕੰਮ ਖਤਮ ਹੋਇਆ ਤਾਂ ਲੋਕਾਂ ਨੇ ਕਿਤੇ ਹੋਰ ਜਾਣ ਦੇ ਬਜਾਏ ਇੱਥੇ ਘਰ ਬਣਾ ਲਿਆ । ਤੁਹਾਨੂੰ ਦੱਸ ਦਈਏ ਕਿ ਓਪਲ ਸਟੋਨ ਇੱਕ ਕੀਮਤੀ ਪੱਥਰ ਹੁੰਦਾ ਹੈ, ਜਿਸਦਾ ਇਸਤੇਮਾਲ ਜਵੈਲਰੀ ਵਿੱਚ ਕੀਤਾ ਜਾਂਦਾ ਹੈ ਅਤੇ ਦੁਨੀਆ ਦਾ 95 % ਓਪਲ ਇਸ ਇਲਾਕੇ ਵਿੱਚ ਪਾਇਆ ਜਾਂਦਾ ਹੈ ।





# ਗਲੋਬਲ ਪ੍ਰਸੰਗ ਤੇ ਪੰਜਾਬੀ ਸੱਭਿਆਚਾਰ

ਗੁਰਭਗਤ ਸਿੰਘ

**ਪੰਜਾਬੀ ਸਭਿਆਚਾਰ ਵਿਸ਼ਵ ਪੱਧਰ ਉੱਤੇ ਮਹੱਤਵ ਧਾਰਨ ਕਰਨ ਲਈ ਤੋਹਫਾ ਤਾਂ ਹੀ ਬਣ ਸਕਦਾ ਹੈ ਜੇ ਇਕ ਵਿਚ ਦੋ ਕਿਸਮ ਦੀ ਸਮਰੱਥਾ ਹੋਵੇ। ਇਕ ਪੱਖ ਤਾਂ ਇਹ ਵਿਸ਼ਵ ਸਭਿਆਚਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜੀ ਆਇਆਂ ਆਖ ਸਕੇ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕੋਈ ਯੋਗਦਾਨ ਪਾ ਸਕੇ। ਦੂਜਾ ਪੱਖ ਇਹ ਹੈ ਕਿ ਪੰਜਾਬੀ ਸਭਿਆਚਾਰ ਆਪਣੀ ਹਸਤੀ ਪ੍ਰਤੀ ਲਚਕੀਲਾ ਰਹੇ। ਆਪਣੀਆਂ ਕੁਝ ਮੂਲ ਵਿਸ਼ੇਸ਼ਤਾਵਾਂ ਨੂੰ ਸਾਂਭਣ ਦੇ ਨਾਲ ਨਵੇਂ ਸੰਯੋਗਾਂ ਲਈ ਤਿਆਰ ਰਹੇ। ਸਭਿਆਚਾਰਕ ਹਸਤੀ ਵਿਸ਼ੇਸ਼ ਜ਼ਰੂਰ ਹੈ, ਪਰ ਇਹ ਅਬਦਲ ਨਹੀਂ। ਜਿਹੜਾ ਸਭਿਆਚਾਰ ਪਰਿਵਰਤਨ ਲਈ ਤਿਆਰ ਨਹੀਂ ਉਹ ਤੋਹਫਾ ਨਹੀਂ ਬਣ ਸਕਦਾ ਤੋਹਫੇ ਦਾ ਚਰਿੱਤਰ ਇਹ ਹੈ ਕਿ ਉਸ ਨੇ ਸਥਿਤੀ ਦੇ ਅਨੁਸਾਰ ਹੋਣਾ ਹੈ ਪਰ ਨਾਲ ਹੀ ਆਪਣੀ ਵਿਲੱਖਣਤਾ ਅਤੇ ਪਿਛੋਕੜ ਨੂੰ**

ਅੱਜ ਦੇ ਤੇਜ਼ੀ ਨਾਲ ਬਦਲ ਰਹੇ ਅਤੇ ਅਤਿਅੰਤ ਸੰਵੇਦਨਸ਼ੀਲ ਵਿਸ਼ਵ ਵਿਚ ਉਹੀ ਸਭਿਆਚਾਰ ਜਿਉਂਦਾ ਰਹਿ ਸਕਦਾ ਹੈ ਜਿਸ ਦੀ ਦ੍ਰਿਸ਼ਟੀ ਵਿਸ਼ਵੀ ਹੋਵੇ। ਉਹ ਕੁੱਲ ਸੰਸਾਰ ਦੀਆਂ ਸਮੱਸਿਆਵਾਂ ਅਤੇ ਚਿੰਤਨ ਨੂੰ ਸਮਝ ਕੇ ਅਤੇ ਆਪਣੇ ਵਿੱਚ ਜਜ਼ਬ ਕਰਕੇ ਚੱਲੇ। ਨਾਲ ਹੀ ਵਿਸ਼ਵ ਨੂੰ ਅੱਗੇ ਤੋਰਨ ਲਈ, ਸਮੱਸਿਆਵਾਂ ਨੂੰ ਹੱਲ ਕਰਨ ਲਈ, ਆਪਣਾ ਯੋਗਦਾਨ ਵੀ ਪਾਏ। ਹਰ ਸਭਿਆਚਾਰ ਕੋਲ, ਜਿਸ ਦਾ ਆਪਣਾ ਇਤਿਹਾਸ/ ਭੂਗੋਲ ਹੈ, ਇਕ ਵਿਸ਼ੇਸ਼ ਅਨੁਭਵ ਹੈ। ਇਕ ਮੌਲਿਕ ਨਜ਼ਰ ਹੈ। ਇਸ ਨਜ਼ਰ ਤੋਂ ਹੀ ਹਰ ਸਭਿਆਚਾਰ ਆਪਣੇ ਰਹਿਣ ਸਹਿਣ ਦੀ ਸ਼ੈਲੀ ਵਿਕਸਿਤ ਕਰਦਾ ਹੈ। ਇਸ ਲਈ ਅੱਜ ਗਲੋਬਲ ਹੋਣ ਦਾ ਅਰਥ ਆਪਣੇ ਸਭਿਆਚਾਰਕ ਹਸਤੀ ਨੂੰ ਸਮੇਟਣਾ ਨਹੀਂ, ਸਗੋਂ ਇਸ ਪ੍ਰਤੀ ਪੂਰੀ ਤਰ੍ਹਾਂ ਜਾਗ੍ਰਿਤ ਹੋਣਾ ਹੈ। ਇਸ ਦੀ ਵਿਸ਼ਵ-ਵਿਆਖਿਆ ਉਸਾਰਨਾ ਹੈ ਤਾਂ ਕਿ ਇਸ ਨੂੰ ਕੁੱਲ ਮਨੁੱਖਤਾ ਲਈ ਤੋਹਫੇ ਵਜੋਂ ਪੇਸ਼ ਕੀਤਾ ਜਾ ਸਕੇ।

ਸਾਧਾਰਨ ਅਰਥਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗਲੋਬਲ ਵੀ ਤਦ ਹੀ ਹੋਇਆ ਜਾ ਸਕਦਾ ਹੈ ਜੇ ਕੋਈ ਸਭਿਆਚਾਰ ਆਪਣੀ ਸਥਾਨਕਤਾ ਜਾਂ ਵਿਸ਼ੇਸ਼ਤਾ ਬਾਰੇ ਸੁਚੇਤ ਹੋਵੇ। ਸਥਾਨਕਤਾ ਨੂੰ ਵਿਸ਼ਵ ਪ੍ਰਸੰਗ ਵਿਚ ਸਿਧਾਂਤਬੱਧ ਕਰ ਸਕੇ। ਵਿਸ਼ਵੀ ਪ੍ਰਸੰਗ ਅਤੇ ਸਥਾਨਕਤਾ ਦੇ ਟਕਰਾਉ ਅਤੇ ਮੇਲ ਵਿਚੋਂ ਹੀ ਮੁਲਵਾਨ ਵਿਆਖਿਆ ਨਿਕਲਦੀ ਹੈ ਜੋ ਸਭਿਆਚਾਰ ਨੂੰ ਤੋਹਫੇ ਦਾ ਰੂਪ ਬਖਸ਼ਦੀ ਹੈ।

ਇਹ ਕਹਿਣਾ ਨਾ ਤਾਂ ਨਾ-ਇਨਸਾਫੀ ਹੈ ਅਤੇ ਨਾ ਹੀ ਅਤਿਕਥਨੀ ਕਿ ਪੰਜਾਬ ਦਾ ਬੁੱਧੀਵਾਨ ਵਰਗ ਪੰਜਾਬੀ ਸਭਿਆਚਾਰ ਨੂੰ ਵਿਸ਼ਵ ਪੱਧਰ ਉੱਤੇ ਤੋਹਫੇ ਵਜੋਂ ਪੇਸ਼ ਕਰਨ ਵਿਚ ਹੁਣ ਤਕ ਬੁਰੀ ਤਰ੍ਹਾਂ ਅਸਫਲ ਰਿਹਾ ਹੈ। ਕੁਝ ਪੌਪ ਸੰਗੀਤਕਾਰਾਂ ਨੇ ਇਹ ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਦੀ ਸਿਰਜਨਾਤਮਕਤਾ ਕਾਰਨ ਪੰਜਾਬੀਆਈ ਪੌਪ ਪੱਛਮ ਦੇ ਰੈਸਟੋਰੈਂਟਾਂ ਵਿਚ ਅਤੇ ਭਾਰਤ ਦੇ ਦੱਖਣੀ ਘਰਾਂ ਵਿਚ ਵੀ ਧੜਕਦਾ ਹੈ, ਪਰ ਇਹ ਸੀਮਿਤ, ਭਾਵੇਂ ਗੌਰਵਸ਼ੀਲ, ਪਾਪਤੀ ਹੈ। ਕੁਝ ਪਰਵਾਸੀ ਪੰਜਾਬਣਾਂ ਨੇ ਭੋਜਨ-ਅਭਿਆਸਾਂ ਵਿਚ ਅਤੇ ਡੀਜ਼ਾਈਨਾਂ ਵਿਚ ਮਿਸ੍ਰਿਤ ਰੂਪ ਸਿਰਜ ਕੇ ਪ੍ਰਸ਼ੰਸਾਯੋਗ ਯਤਨ ਕੀਤੇ ਹਨ।

ਪੰਜਾਬੀ ਸਭਿਆਚਾਰ ਵਿਸ਼ਵ ਪੱਧਰ ਉੱਤੇ ਮਹੱਤਵ ਧਾਰਨ ਕਰਨ ਲਈ ਤੋਹਫਾ ਤਾਂ ਹੀ ਬਣ ਸਕਦਾ ਹੈ ਜੇ ਇਕ ਵਿਚ ਦੋ ਕਿਸਮ ਦੀ ਸਮਰੱਥਾ ਹੋਵੇ। ਇਕ ਪੱਖ ਤਾਂ ਇਹ ਵਿਸ਼ਵ ਸਭਿਆਚਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜੀ ਆਇਆਂ ਆਖ ਸਕੇ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕੋਈ ਯੋਗਦਾਨ ਪਾ ਸਕੇ। ਦੂਜਾ ਪੱਖ ਇਹ ਹੈ ਕਿ ਪੰਜਾਬੀ ਸਭਿਆਚਾਰ ਆਪਣੀ ਹਸਤੀ ਪ੍ਰਤੀ ਲਚਕੀਲਾ ਰਹੇ। ਆਪਣੀਆਂ ਕੁਝ ਮੂਲ ਵਿਸ਼ੇਸ਼ਤਾਵਾਂ ਨੂੰ ਸਾਂਭਣ ਦੇ ਨਾਲ ਨਵੇਂ ਸੰਯੋਗਾਂ ਲਈ ਤਿਆਰ ਰਹੇ। ਸਭਿਆਚਾਰਕ ਹਸਤੀ ਵਿਸ਼ੇਸ਼ ਜ਼ਰੂਰ ਹੈ, ਪਰ ਇਹ ਅਬਦਲ ਨਹੀਂ। ਜਿਹੜਾ ਸਭਿਆਚਾਰ ਪਰਿਵਰਤਨ ਲਈ ਤਿਆਰ ਨਹੀਂ ਉਹ ਤੋਹਫਾ ਨਹੀਂ ਬਣ ਸਕਦਾ ਤੋਹਫੇ ਦਾ ਚਰਿੱਤਰ ਇਹ ਹੈ ਕਿ ਉਸ ਨੇ ਸਥਿਤੀ ਦੇ ਅਨੁਸਾਰ ਹੋਣਾ ਹੈ ਪਰ ਨਾਲ ਹੀ ਆਪਣੀ ਵਿਲੱਖਣਤਾ ਅਤੇ ਪਿਛੋਕੜ ਨੂੰ ਪ੍ਰਗਟ ਕਰਦਾ ਹੈ।

ਇੱਥੇ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਕਿਸੇ ਸਭਿਆਚਾਰ ਨੂੰ ਤੋਹਫੇ ਦੇ ਤੌਰ 'ਤੇ ਪੇਸ਼ ਕਰਨਾ ਅਤੇ ਉਸ ਨੂੰ ਸਮਰੱਥ ਬਣਾਉਣਾ ਇਕੋ ਗੱਲ ਦੇ ਦੋ ਪੱਖ ਹਨ। ਸਮਰੱਥ ਸਭਿਆਚਾਰ ਹੀ ਤੋਹਫਾ ਬਣਦਾ ਹੈ। ਇਸ ਕਾਰਜ ਲਈ ਸਭ ਤੋਂ ਜ਼ਰੂਰੀ ਉੱਦਮ ਸਭਿਆਚਾਰ ਦੀ ਹਸਤੀ ਬਾਰੇ ਨਿਸ਼ਾਨਦੇਹੀ ਹੈ।

ਪੰਜਾਬੀ ਸਭਿਆਚਾਰ ਕੀ ਹੈ? ਇਸ ਦੀ ਕੀ ਹਸਤੀ ਹੈ ਜਾਂ ਹਸਤਾਖਰ ਹੈ? ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਕੀ ਹਨ ਜਿਨ੍ਹਾਂ ਨੂੰ ਮੂਲ ਮੰਨਿਆ ਜਾਵੇ। ਇਨ੍ਹਾਂ ਗੱਲਾਂ ਦਾ ਨਿਰਣਾ ਕਰਨ ਤੋਂ ਬਿਨਾਂ ਇਹ ਤਹਿ ਨਹੀਂ ਹੋ ਸਕਦਾ ਕਿ ਇਹ ਵਿਸ਼ਵ ਸਭਿਆਚਾਰਾਂ ਨੂੰ ਕਿਵੇਂ ਜੀ ਆਇਆਂ ਆਖੇ। ਵਿਸ਼ਵ ਦੇ ਮਸਲਿਆਂ ਵਿਚ ਕਿਵੇਂ ਸ਼ਰੀਕ ਹੋਵੇ। ਹੋ ਰਹੇ ਭੇੜਾਂ ਵਿਚ ਜਾਂ ਸੰਵਾਦ ਵਿਚ ਪੰਜਾਬੀ ਸਭਿਆਚਾਰ ਦਾ ਕੀ ਭਾਗ ਹੋਵੇ। ਇਸ ਯੋਗਦਾਨ ਲਈ ਇਹ ਆਪਣੇ ਵਿਚ ਕੀ ਤਬਦੀਲੀ ਲਿਆਵੇ। ਇਸ ਤਬਦੀਲੀ ਨਾਲ ਇਹ ਆਪ ਵੀ ਅੱਗੇ ਤੋਰੇ, ਬਾਕੀਆਂ ਨੂੰ ਵੀ ਅੱਗੇ ਤੋਰਨ ਵਿਚ ਸਹਾਇਤਾ ਕਰੇ ਅਤੇ ਆਪਣਾ ਲਚਕੀਲਾ ਮੂਲ ਵੀ ਕਾਇਮ ਰੱਖ ਸਕੇ।

ਪੰਜਾਬੀ ਸਭਿਆਚਾਰ ਇਸ ਵੇਲੇ ਖੰਡਿਤ ਹੈ। ਇਸ ਵਿਚ ਇਕ ਵਰਗ ਅਜਿਹਾ ਹੈ ਜੋ ਪੰਜਾਬੀ ਸਭਿਆਚਾਰ ਦੇ ਪ੍ਰਮੁੱਖ ਅੰਗ ਪੰਜਾਬੀ ਭਾਸ਼ਾ ਜਾਂ ਬੋਲੀ ਨੂੰ ਹੀ ਸਵੀਕਾਰ ਕਰਨ ਲਈ ਤਿਆਰ ਨਹੀਂ। ਇਕ ਵਰਗ ਅਜਿਹਾ ਵੀ ਹੈ (ਪਾਕਿਸਤਾਨ ਦੇ ਪੱਛਮੀ ਪੰਜਾਬ ਵਿਚ) ਜੋ ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚੋਂ ਗੁਰੂ ਕਾਲ ਅਤੇ ਗੁਰਬਾਣੀ ਦੀ ਦੇਣ ਨੂੰ ਮਨਫੀ ਕਰਕੇ ਇਸ ਦੇ ਇਤਿਹਾਸ ਅਤੇ ਪਛਾਣ ਨੂੰ ਸੀਮਿਤ ਕਰਕੇ ਦੇਖਦਾ ਹੈ। ਇਸ ਖੰਡਿਤ ਦਸ਼ਾ ਵਿਚ ਪੰਜਾਬੀ ਸਭਿਆਚਾਰ ਦੀ ਨਿਸ਼ਾਨਦੇਹੀ ਬੜਾ ਔਖਾ ਕੰਮ ਹੈ। ਪਰ ਇਸ ਨਿਸ਼ਾਨਦੇਹੀ ਤੋਂ ਬਿਨਾਂ ਪੰਜਾਬੀ ਸਭਿਆਚਾਰ ਨੂੰ ਗਲੋਬਲ ਸਮਰੱਥਾ ਨਹੀਂ ਦਿੱਤੀ ਜਾ ਸਕਦੀ। ਕਿਸੇ ਵੀ ਸਭਿਆਚਾਰ ਦੀ ਨਿਸ਼ਾਨਦੇਹੀ ਉਸ ਦੇ ਪ੍ਰਾਪਤ ਸਿਖਰ ਅਨੁਭਵਾਂ ਤੋਂ ਹੀ ਹੋ ਸਕਦੀ ਹੈ। ਸਿਖਰ ਅਨੁਭਵ, ਜਾਂ ਅੰਗਰੇਜ਼ੀ ਦਾ ਸ਼ਬਦ ਵਰਤ ਲਈਏ "ਪੀਕ ਐਕਸਪੀਰਿਐਂਸਸ" ਕੀ ਹਨ? ਇਨ੍ਹਾਂ ਦਾ ਪ੍ਰਮੁੱਖ ਸਿਧਾਂਤਕਾਰ ਇਕ ਮਨੁੱਖਵਾਦੀ ਮਨੋਵਿਗਿਆਨੀ ਐਬਰਾਹਮ ਮੈਸਲੋਅ ਹੈ। ਮੈਸਲੋਅ ਨੇ ਆਪਣਾ ਸਿਧਾਂਤ ਮਨੁੱਖੀ ਮਨ ਦੇ ਸਬੰਧ ਵਿਚ ਉਸਾਰਿਆ ਹੈ। ਉਸ ਲਈ ਸਿਖਰ ਅਨੁਭਵ ਉਹ ਹੈ ਜੋ ਪਰਿਵਰਤਨ ਲਿਆਏ। ਮਨੁੱਖ ਦੇ ਮਨ ਨੂੰ ਇਸ ਤਰ੍ਹਾਂ ਬਦਲੇ ਕਿ ਉਸ ਵਿਚ ਕੋਈ ਗੁਣਾਤਮਕ ਤਬਦੀਲੀ ਆ ਜਾਵੇ। ਮੈਸਲੋਅ ਨੇ ਆਪਣਾ ਇਹ ਸਿਧਾਂਤ ਉਸਾਰਨ ਲਈ ਪੂਰਬੀ ਵਿਰਸੇ ਦੀ ਵੀ ਸਹਾਇਤਾ ਲਈ। ਪੂਰਵ-ਵੇਦਿਕ, ਪੂਰਵ-ਆਰੀਆਈ ਰਿਸ਼ੀਆਂ ਤੋਂ ਲੈ ਕੇ ਵੇਦਿਕ-ਆਰੀਆਈ, ਬੋਧੀ ਰਿਸ਼ੀਆਂ ਤਕ ਅਤੇ ਉਸ ਤੋਂ ਪਿੱਛੋਂ ਭਗਤਾਂ ਤਕ ਇਹ ਮੁੱਦਾ ਬਹੁਤ ਸ਼ਕਤੀਸ਼ਾਲੀ ਰਿਹਾ ਹੈ ਕਿ ਮਨੁੱਖ ਦੇ ਮਨ ਨੂੰ ਕਿਵੇਂ ਤਬਦੀਲ ਕੀਤਾ ਜਾਵੇ। ਪੂਰਬੀ ਰਿਸ਼ੀਆਂ ਅਤੇ ਬਾਕੀ ਚਿੰਤਕਾਂ ਨੇ ਇੱਥੇ ਮਨ ਅਤੇ ਦੇਹ ਨੂੰ ਕਦੇ ਇਕ ਦੂਜੇ ਨਾਲੋਂ ਤੋੜਿਆ ਨਹੀਂ। ਇਹ ਵਿਛੋੜਾ ਪੱਛਮੀ ਚਿੰਤਨ ਦਾ ਅਹਿਮ ਮਸਲਾ ਹੈ ਅਤੇ ਉਸ ਨੇ ਉੱਥੋਂ ਦੇ ਚਿੰਤਨ ਅਤੇ ਸਭਿਆਚਾਰਕ ਸੰਰਚਨਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਕਈ ਉਲਾਰ ਲਿਆਂਦੇ ਹਨ। ਉੱਥੋਂ ਦਾ ਸੌਂਦਰਯ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਵੀ ਇਸ ਉਲਾਰ ਤੋਂ ਬਚ ਨਹੀਂ ਸਕੇ। ਇਸ ਉਲਾਰ ਨੂੰ ਸੰਤੁਲਿਤ ਕਰਨ ਲਈ ਉੱਥੋਂ ਦੇ ਸਭਿਆਚਾਰ ਇੰਦਰਿਆਵੀ ਅਸੰਤੁਲਨ ਦਾ ਵੀ ਸ਼ਿਕਾਰ ਹੋਏ ਹਨ। ਵਸਤ ਅਤੇ ਉਪਭੋਗ ਬਿਰਤੀਆਂ ਨਾਲ ਆਈ ਅੰਤਿਮਪੱਧਤਾ ਵੀ ਇਸੇ ਅਸੰਤੁਲਨ ਦਾ ਨਤੀਜਾ ਹੈ ਜਿਸ ਦਾ ਅਸਰ ਨਵ-ਉਪਭੋਗਵਾਦੀ ਪੂਰਬੀ ਸਭਿਆਚਾਰਾਂ ਉੱਤੇ ਪੈ ਰਿਹਾ ਹੈ। ਦਮਨ ਅਤੇ ਇੰਦਰਿਆਵੀ ਉਲਾਰ ਇਕੋ ਗੱਲ ਦੇ ਦੋ ਪੱਖ ਹਨ। ਪੂਰਬੀ ਵਿਰਾਸਤ ਦੀ ਇਹ ਵੱਡੀ ਵਿਸ਼ੇਸ਼ਤਾ ਹੈ ਕਿ ਇੱਥੇ ਮਨ ਨੂੰ ਬਦਲਣ ਲਈ ਦੇਹ ਨੂੰ ਬਦਲਣਾ ਵੀ ਜ਼ਰੂਰੀ ਸਮਝਿਆ ਗਿਆ ਹੈ। ਦੇਹ ਨੂੰ ਬਦਲਣ ਲਈ ਯੋਗਿਕ ਅਤੇ ਚੇਤਨਤਾ ਅਭਿਆਸ ਕੀਤੇ ਗਏ ਹਨ।

ਮੈਸਲੋਅ ਨੇ ਪੂਰਬੀ ਵਿਰਾਸਤ ਤੋਂ ਇਹ ਸਿੱਖਿਆ ਕਿ ਮਨੁੱਖ ਦੇ ਵਿਕਸਿਤ ਹੋਣ ਦਾ ਅਰਥ ਉਸ ਦੀ ਪਰਿਵਰਤਨਕਾਰੀ ਚੇਤਨਤਾ ਹੈ। ਅਜਿਹੇ ਸਿਖਰ ਅਨੁਭਵ ਪ੍ਰਾਪਤ ਕਰਨਾ ਹੈ ਜਿੱਥੇ ਇਹ ਪਰਿਵਰਤਨ ਜਾਂ ਪੁਲਾਂਘ ਸਾਕਾਰ ਹੋ ਜਾਵੇ। ਜਿੰਨੇ ਕਿਸੇ ਮਨੁੱਖ ਦੇ ਸਿਖਰ ਅਨੁਭਵ ਓਨਾ ਹੀ ਉਹ ਵਿਕਸਿਤ ਹੋਵੇਗਾ। ਕਿਸੇ ਮਨੁੱਖ ਦਾ ਵਿਕਾਸ ਉਸ ਦੇ ਸਿਖਰ ਅਨੁਭਵਾਂ ਤੋਂ ਹੀ ਜਾਣਿਆ ਜਾ ਸਕਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮੈਸਲੋਅ ਨੇ ਵਿਕਸਿਤ ਮਨੁੱਖ ਦੀ ਪਛਾਣ ਹੀ ਸਿਖਰ ਅਨੁਭਵਾਂ ਨਾਲ ਜੋੜ ਦਿੱਤੀ। ਮੈਸਲੋਅ ਦੇ ਇਸ ਸਿਧਾਂਤ ਦੀ ਲੋਅ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਸਭਿਆਚਾਰ ਦੀ ਪਛਾਣ ਵੀ ਉਸ ਦੇ ਸਿਖਰ ਅਨੁਭਵਾਂ ਨੂੰ ਮੁੱਖ ਰੱਖ ਕੇ ਉਸਾਰੀ ਜਾ ਸਕਦੀ ਹੈ। ਇਨ੍ਹਾਂ ਸਿਖਰ ਅਨੁਭਵਾਂ ਵਿਚ ਨਿਰੰਤਰ ਵਾਧਾ ਕਰਨ ਨਾਲ ਹੀ ਸਭਿਆਚਾਰ ਦੀ ਸਮਰੱਥਾ ਵਧਦੀ ਹੈ। ਇਨ੍ਹਾਂ ਸਿਖਰ ਅਨੁਭਵਾਂ ਵਿੱਚ ਵਾਧਾ ਕਰਨ ਨਾਲ ਹੀ ਪੰਜਾਬੀ ਸਭਿਆਚਾਰ ਦੀ ਗਲੋਬਲ ਸਮਰੱਥਾ ਬਣਾਈ ਜਾ ਸਕਦੀ ਹੈ।

ਪੰਜਾਬੀ ਸਭਿਆਚਾਰ ਕੀ ਹੈ? ਇਸ ਦੀ ਨਿਸ਼ਾਨਦੇਹੀ ਵੀ ਇਸ ਸਭਿਆਚਾਰ ਦੇ ਸਿਖਰ-ਅਨੁਭਵਾਂ ਨੂੰ ਸਮਝਣ ਨਾਲ ਹੀ ਹੋ ਸਕਦੀ ਹੈ। ਸਪੱਸ਼ਟ ਹੈ ਕਿ ਪਹਿਲੇ ਅਨੁਭਵਾਂ ਦੇ ਸਿਧਾਂਤਕਰਨ ਤੋਂ ਬਿਨਾਂ ਨਵੇਂ ਸਿਖਰ-ਅਨੁਭਵਾਂ ਵੱਲ ਨਹੀਂ ਵਧਿਆ ਜਾ ਸਕਦਾ। ਇਨ੍ਹਾਂ ਅਨੁਭਵਾਂ ਦੀ ਜਾਣਕਾਰੀ ਦੋ ਸਰੋਤਾਂ ਤੋਂ ਹੀ ਹੋ ਸਕਦੀ ਹੈ। ਇਕ ਹੈ ਸਿਰਜਨਾਤਮਕ ਰੂਪ, ਜਿਵੇਂ ਸਾਹਿਤ, ਕਲਾਵਾਂ ਆਦਿ ਅਤੇ ਦੂਜਾ ਸਮਾਜ ਦਾ ਸੰਗਠਨ।

ਪੰਜਾਬੀ ਸਭਿਆਚਾਰ ਦਾ ਇਤਿਹਾਸ ਵਿਚ ਉਪਲਬੱਧ ਪਹਿਲਾ ਸਿਖਰ ਅਨੁਭਵ ਆਰੀਆ ਦੇ ਆਉਣ ਨਾਲ ਹੀ ਉਸਰਿਆ। ਜਿਵੇਂ ਉਨ੍ਹਾਂ ਦੇ ਸਥਾਪਿਤ ਹੋਣ ਪਿੱਛੋਂ ਰਚੇ ਸਾਹਿਤ ਰਿੱਗ ਵੇਦ, ਉਪਨਿਸ਼ਦਾਂ ਆਦਿ ਤੋਂ ਅਤੇ ਮਿਲੇ ਪੁਰਾਣੇ ਨਗਰਾਂ ਅਤੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ। ਆਰੀਆ ਤੋਂ ਪਹਿਲਾਂ ਦਾ ਸਭਿਆਚਾਰ ਵੀ ਹੋ ਸਕਦਾ ਹੈ ਕਿਸੇ ਸਿਖਰ ਅਨੁਭਵ ਨੂੰ ਪਹੁੰਚਿਆ ਹੋਵੇ, ਆਦਿਮ ਕਬੀਲਿਆਂ ਦੇ ਹਾਵਾਂ-ਭਾਵਾਂ ਅਤੇ ਦ੍ਰਿਸ਼ਟੀ ਨੂੰ ਸੰਗਠਿਤ ਕਰਕੇ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹੋਣ। ਵਿਸ਼ੇਸ਼ ਕਰਕੇ ਪਿੰਡ ਜਾਂ ਨਗਰ ਵਸਾਉਣ ਵਿਚ। ਜਦੋਂ ਤਕ ਪੂਰਵ-ਆਰੀਆਈ ਸਕਰਿਪਟ ਨਹੀਂ ਪੜ੍ਹੀ ਜਾਂਦੀ ਅਤੇ ਉਨ੍ਹਾਂ ਪੂਰਵ-ਆਰੀਆਈ ਪੰਜਾਬ ਵਿਚ ਰਹਿਣ ਵਾਲੇ ਲੋਕਾਂ ਦੇ ਸਿਖਰ ਅਨੁਭਵ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਗੱਲ ਮੰਨਣਯੋਗ ਹੈ ਕਿ ਪੂਰਵ-ਆਰੀਆਈ ਪੰਜਾਬ ਦੇ ਵਸਨੀਕ ਬਿਨਾਂ ਸਭਿਆਚਾਰ ਤੋਂ ਨਹੀਂ ਰਹਿੰਦੇ ਸਨ। ਸ਼ਿਵ ਅਤੇ ਕ੍ਰਿਸ਼ਨ ਬਾਰੇ ਤਾਂ ਇਹ ਕਿਆਸਰਾਈਆਂ ਕੀਤੀਆਂ ਗਈਆਂ ਹਨ ਕਿ ਉਹ ਪੂਰਵ-ਆਰੀਆਈ ਵਿਰਸੇ ਤੋਂ ਵਿਕਸਿਤ ਹੋ ਕੇ ਹੀ ਆਰੀਆਈ ਚਿੰਨ੍ਹ ਬਣੇ।

ਆਰੀਆਈ ਅਤੇ ਪੂਰਵ-ਆਰੀਆਈ ਲੋਕਾਂ ਦੀ ਟੱਕਰ ਅਤੇ ਮੇਲ ਤੋਂ ਹੀ ਉੱਤਰ-ਆਰੀਆਈ ਗ੍ਰੰਥ ਰਚੇ ਗਏ। ਇਹ ਟੱਕਰ ਭਿਆਨਕ ਸੀ। ਇਸ ਵਿਚ ਆਰੀਆ ਦੀ ਜਿੱਤ ਹੋਈ। ਪੂਰਵ-ਆਰੀਆਈ ਲੋਕ ਆਪਣੀ ਸੁਤੰਤਰਤਾ ਕਾਇਮ ਰੱਖਣ ਲਈ ਦੱਖਣ ਵੱਲ ਚਲੇ ਗਏ। ਕੁਝ ਲੋਕਾਂ ਦਾ ਕਹਿਣਾ ਹੈ ਕਿ ਆਰੀਆ ਤੋਂ ਬਾਗੀ ਅਤੇ ਆਜ਼ਾਦੀ ਪਸੰਦ ਕਬੀਲੇ ਜੰਗਲਾਂ ਵਿੱਚ ਜਾ ਵਸੇ। ਭਾਰਤ ਦੇ ਅਜੋਕੇ ਆਦਿਮ ਕਬੀਲਿਆਂ ਦਾ ਪਿੱਛਾ ਵੀ ਇਸ ਭਿਆਨਕ ਟੱਕਰ ਨਾਲ ਜੋੜਿਆ ਜਾ ਸਕਦਾ ਹੈ। ਸੁਤੰਤਰਤਾ ਲਈ ਇਹ ਵਿਦਰੋਹ ਅੱਜ ਤਕ ਜਾਰੀ ਹੈ। ਇਸ ਵਿਦਰੋਹ ਪਿੱਛੇ ਆਰੀਆ ਦੇ ਪੰਜਾਬ ਵਿੱਚ ਆਉਣ ਉੱਤੇ ਲੱਗੇ ਜ਼ਖਮ ਹੀ ਹਨ। ਆਰੀਆਈ ਅਤੇ ਪੂਰਵ-ਆਰੀਆਈ ਲੋਕਾਂ ਦੀ ਟੱਕਰ ਅਤੇ ਮੇਲ ਤੋਂ ਜੋ ਸਿਖਰ-ਅਨੁਭਵ ਪ੍ਰਾਪਤ ਹੋਇਆ ਉਸ ਦੀ ਵੱਡੀ ਵਿਸ਼ੇਸ਼ਤਾ ਕੁੱਲ ਸ੍ਰਿਸ਼ਟੀ ਨੂੰ ਇਕ ਪ੍ਰਬੰਧ ਵਿੱਚ ਦੇਖਣਾ ਹੈ। ਇਸ ਪ੍ਰਬੰਧ ਦਾ ਪ੍ਰਮੁੱਖ ਚਿੰਨ੍ਹ ਅਤੇ ਸੰਚਾਲਕ "ਬ੍ਰਹਮ" ਹੈ। ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ, ਦ੍ਰਿਸ਼ਟ ਵੀ ਅਦ੍ਰਿਸ਼ਟ ਵੀ। ਦਵੈਤਮੁਖੀ ਵੀ, ਅਦੈਵਤਮੁਖੀ ਵੀ। ਵਿਸ਼ਿਸ਼ਟ ਅਦਵੈਤੀ ਵੀ। ਪਰ ਇਸ ਸਾਰੇ ਪਰਵਚਨ ਵਿੱਚ ਪ੍ਰਧਾਨਤਾ ਅਦਵੈਤੀ ਬ੍ਰਹਮ ਦੀ ਬਣੀ ਜਿਸ ਦਾ ਪ੍ਰਮੁੱਖ ਚਿੰਤਕ ਅਤੇ ਪ੍ਰਤੀਕ ਸ਼ੰਕਰਾਚਾਰੀਆ ਬਣਿਆ। ਸ਼ੰਕਰਾਚਾਰੀਆ ਇਕ ਸਿਖਰ ਅਨੁਭਵ ਦਾ ਨਚੋੜ ਵੀ ਹੈ ਅਤੇ ਪਤਨ ਵੀ। ਪਤਨ ਇਸ ਤਰ੍ਹਾਂ ਕਿ ਸ਼ੰਕਰਾਚਾਰੀਆ ਦੇ ਚਿੰਤਨ ਦਾ ਬਲ ਇਕ-ਪਰਤੀ ਜਾਂ ਇਕ ਵਿਆਖਿਆਕਾਰੀ ਬ੍ਰਹਮ ਉੱਤੇ ਹੈ। ਇਹ ਬ੍ਰਹਮ ਭਾਰਤੀ ਜ਼ਿੰਦਗੀ ਦੀ ਵਿਚਿੱਤਰਤਾ ਨੂੰ ਘਟਾਉਂਦਾ ਹੈ। ਇਸੇ ਇਕਪਰਤਾ ਨੇ ਹਿੰਦੂਵਾਦ ਅਤੇ ਬੋਧੀਆਂ ਦੀ ਟੱਕਰ ਕਰਵਾਈ ਅਤੇ ਮਗਰੋਂ ਇਸਲਾਮ ਅਤੇ ਈਸਾਆਈਤ ਨਾਲ ਵੀ ਤਣਾਉ ਬਣਿਆ। ਇਹ ਤਣਾਉ ਅੱਜ ਤਕ ਜਾਰੀ ਹੈ।

ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਵ ਮੁਗਲਾਂ ਦੇ ਆਉਣ ਪਿੱਛੋਂ ਕ੍ਰਿਆਵੰਤ ਹੋਏ ਇਸਲਾਮ ਨਾਲ ਹੋਂਦ ਵਿਚ ਆਇਆ। ਇਹ ਕ੍ਰਿਆਵੰਤ ਇਸਲਾਮ ਕੇਵਲ ਧਾਰਮਿਕ ਸ਼ਕਤੀ ਨਹੀਂ ਸੀ। ਇਸ ਨਾਲ ਰਾਜਨੀਤੀ ਅਤੇ ਉਸ ਵੇਲੇ ਦੀ ਸਟੇਟ ਜਾਂ ਰਾਜ ਵੀ ਜੁੜੇ ਹੋਏ ਸਨ। ਇਸ ਲਈ ਭਾਰਤੀ ਧਰਮਾਂ ਅਤੇ ਰਾਜ-ਕੇਂਦਰਾਂ ਨਾਲ ਇਕ ਹੋਰ ਭਿਆਨਕ ਟੱਕਰ ਦੀ ਸਥਿਤੀ ਬਣੀ। ਰਾਜਨੀਤੀ ਅਤੇ ਧਰਮ ਦੇ ਅੰਤਰ ਸਬੰਧਾਂ ਨਾਲ ਉਪਜੇ ਸੰਕਟ ਵਿੱਚੋਂ ਸਿੱਖ ਕ੍ਰਾਂਤੀ ਦਾ ਜਨਮ ਹੋਇਆ। ਸਿੱਖ ਕ੍ਰਾਂਤੀ ਬ੍ਰਹਮਵਾਦੀ ਅਤੇ ਅਲਾਵਾਦੀ ਦੋਹਾਂ ਮਹਾਂ-ਪ੍ਰਬੰਧਾਂ ਦਾ ਵਿਰੋਧ ਸੀ। ਦੋਹਾਂ ਦੀ ਰਾਜ ਅਤੇ ਸ੍ਰਿਸ਼ਟੀ ਵੱਲ ਇੱਕਾਤਮਕ ਪਹੁੰਚ ਨੂੰ ਅਸਵੀਕਾਰ ਕਰਦੀ ਸੀ।



# ਵਿਗਿਆਨੀਆਂ ਲਈ ਭਾਰਤ ਵਿੱਚ ਰੁਜ਼ਗਾਰ ਕਿਉਂ

-ਡਾ. ਰਿਪੁਦਮਨ ਸਿੰਘ



ਅਮਰੀਕਾ ਨਾਲ ਮੁਕਾਬਲੇ ਦਾ ਸੁਪਨਾ ਵੇਖਦੇ ਸਮੇਂ ਅਸੀਂ ਭਾਰਤੀ ਭੁੱਲ ਜਾਂਦੇ ਹਾਂ ਕਿ ਸਾਡੇ ਪਛੜੇਪਣ ਦਾ ਇੱਕ ਵੱਡਾ ਕਾਰਨ ਵਿਗਿਆਨ ਦੇ ਖੇਤਰ ਵਿੱਚ ਵਿਕਸਤ ਦੇਸ਼ਾਂ ਤੋਂ ਫਾਡੀ ਹੋਣਾ ਹੈ। ਅਮਰੀਕਾ, ਬਰਤਾਨੀਆ, ਫਰਾਂਸ, ਜਰਮਨੀ ਤੇ ਰੂਸ ਵਰਗੇ ਦੇਸ਼ਾਂ ਵਿੱਚ ਉੱਚ ਕੋਟੀ ਦੀਆਂ ਵਿਗਿਆਨਕ ਖੋਜਾਂ ਹੁੰਦੀਆਂ ਹਨ। ਭਾਵੀ ਖੋਜ ਅਤੇ ਮਹੱਤਵਪੂਰਨ ਵਿਗਿਆਨਕ ਪੜਾਅ ਦੀ ਰੂਪ-ਰੇਖਾ ਉੱਥੇ ਕਾਫ਼ੀ ਸਪਸ਼ਟ ਹੈ। ਇਸੇ ਕਾਰਨ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦੇ ਪ੍ਰਤਿਭਾਸ਼ਾਲੀ ਵਿਗਿਆਨੀ ਉੱਥੇ ਜਾ ਕੇ ਪੜ੍ਹਾਈ ਕਰਨ ਅਤੇ ਕਰੀਅਰ ਬਣਾਉਣ ਦਾ ਸੁਪਨਾ ਵੇਖਦੇ ਹਨ। ਇਸ ਦੀ ਪੁਸ਼ਟੀ ਅਮਰੀਕਾ ਦੇ ਨੈਸ਼ਨਲ ਬਿਊਰੋ ਆਫ਼ ਇਕਨਾਮਿਕ ਰਿਸਰਚ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਤੋਂ ਵੀ ਹੁੰਦੀ ਹੈ। ਸਰਵੇਖਣ ਦਾ ਨਤੀਜਾ ਹੈ ਕਿ ਸਥਾਨਕ (ਗ਼ੈਰ-ਪਰਵਾਸੀ) ਵਿਗਿਆਨੀਆਂ ਦੇ ਮਾਮਲੇ ਵਿੱਚ ਸਵਿਟਜ਼ਰਲੈਂਡ ਸਭ ਤੋਂ ਅੱਵਲ ਮੁਲਕ ਹੈ। ਇਸੇ ਤਰ੍ਹਾਂ ਅਮਰੀਕਾ ਅੱਜ ਵੀ ਪੜ੍ਹਾਈ ਕਰਨ ਲਈ ਵਿਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦਾ ਸਭ ਤੋਂ ਪਸੰਦੀਦਾ ਦੇਸ਼ ਹੈ। ਨਤੀਜਿਆਂ ਤੋਂ ਸਾਫ਼ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਪੜ੍ਹਾਈ ਅਤੇ ਖੋਜ ਲਈ ਕਿੰਨਾ ਚੰਗਾ ਮਾਹੌਲ ਹੋਵੇਗਾ। ਇਸ ਸਰਵੇਖਣ ਮੁਤਾਬਕ ਭਾਰਤ ਅਜਿਹਾ ਮੁਲਕ ਹੈ ਜਿੱਥੋਂ 40 ਫ਼ੀਸਦੀ ਖੋਜੀ ਦੇਸੀ ਜ਼ਮੀਨ ਉੱਤੇ ਕੁਝ ਨਵਾਂ ਲੱਭਣ ਦੀ ਬਜਾਏ ਆਪਣੀ ਖੋਜ ਲਈ ਅਮਰੀਕਾ, ਬਰਤਾਨੀਆ, ਆਸਟਰੇਲੀਆ ਆਦਿ ਮੁਲਕਾਂ ਵੱਲ ਮੂੰਹ ਕਰ ਲੈਂਦੇ ਹਨ। ਇੱਕ ਵਾਰ ਇੱਥੋਂ ਖੋਜ ਲਈ ਬਾਹਰ ਗਏ ਤਾਂ ਪਰਤਣ ਦੀ ਜ਼ਹਿਮਤ ਘੱਟ ਹੀ ਚੁੱਕਦੇ ਹਨ। ਵਿਡੰਬਨਾ ਹੈ ਕਿ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਿਹਾ ਅਰਥਚਾਰ ਆਪਣੇ ਹੀ ਖੋਜਕਾਰਾਂ ਨੂੰ ਵਿਦੇਸ਼ੀਂ ਜਾ ਵੱਸਣ ਤੋਂ ਰੋਕਣ ਵਿੱਚ ਅਸਮਰੱਥ ਹੈ।

ਸਵਾਲ ਇਹ ਹੈ ਕਿ ਦੇਸੀ ਖੋਜਕਾਰਾਂ ਦੀ ਸੁੱਧ ਭਲਾ ਕੌਣ ਲਵੇਗਾ ? ਕੀ ਇਸ ਦਾ ਇਹ ਮਤਲਬ ਕੱਢਿਆ ਜਾਵੇ ਕਿ ਪਹਿਲਾਂ ਕਾਬਲ ਖੋਜਕਾਰ ਨੂੰ ਬਰਤਾਨੀਆ ਜਾਂ ਅਮਰੀਕਾ ਹੋ ਆਉਣ ਦਿੱਤਾ ਜਾਵੇ, ਫਿਰ ਉਨ੍ਹਾਂ ਨੂੰ ਭਾਰੀ ਭਰਕਮ ਪੈਕੇਜ ਦਾ ਸੱਦਾ ਦੇ ਕੇ ਇੱਥੇ ਗੈਸਟ ਲੈਕਚਰ ਦੇਣ ਲਈ ਬੁਲਾਇਆ ਜਾਵੇਗਾ। ਉਂਜ ਸਾਇੰਸ ਕਾਂਗਰਸ ਦੇ 100ਵੇਂ ਸਾਲਾਨਾ ਜਲਸੇ ਵਿੱਚ ਸਰਕਾਰ ਨੇ ਤੈਅ ਕੀਤਾ ਹੈ ਕਿ ਉਹ ਵਿਦੇਸ਼ਾਂ ਵਿੱਚ ਖੋਜ ਕਰ ਰਹੇ ਆਲਾ ਭਾਰਤੀ ਵਿਗਿਆਨੀਆਂ ਨੂੰ ਭਾਰਤ ਵਿੱਚ ਆ ਕੇ ਕੰਮ ਕਰਨ ਲਈ ਉਤਸ਼ਾਹਤ ਕਰੇਗੀ। ਗੱਲ ਤਾਂ ਉਹੋ ਹੋਈ ਕਿ ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।

ਖੋਜ ਦੇ ਪੱਧਰ ਉੱਤੇ ਸਾਡੇ ਦੇਸ਼ ਵਿੱਚ ਹਾਲੇ ਵੀ ਹਨੇਰਾ ਛਾਇਆ ਹੋਇਆ ਹੈ। ਇਸ ਦੀ ਵੰਨਗੀ ਇਸ ਸੱਚਾਈ ਤੋਂ ਮਿਲ ਸਕਦੀ ਹੈ ਕਿ 2011 ਵਿੱਚ ਦੇਸ਼ ਦੇ ਕਾਲਜਾਂ ਤੋਂ ਇੱਕ ਕਰੋੜ 46 ਲੱਖ 17 ਹਜ਼ਾਰ ਤੋਂ ਵੱਧ ਵਿਦਿਆਰਥੀ ਗਰੈਜੂਏਟ ਹੋ ਕੇ ਨਿਕਲੇ। ਇਨ੍ਹਾਂ ਵਿੱਚੋਂ ਸਿਰਫ਼ 12 ਫ਼ੀਸਦੀ ਨੇ ਪੋਸਟ ਗਰੈਜੂਏਟ ਡਿਗਰੀ ਲਈ ਆਪਣੀ ਪੜ੍ਹਾਈ ਜਾਰੀ ਰੱਖੀ ਜਦੋਂਕਿ ਇੱਕ ਫੀਸਦੀ ਤੋਂ ਘੱਟ ਨੇ ਖੋਜ ਦੀ ਦਿਸ਼ਾ ਵਿੱਚ ਕਦਮ ਚੁੱਕੇ। ਅਜਿਹਾ ਨਹੀਂ ਹੈ ਕਿ ਸਾਡੇ ਨੌਜਵਾਨਾਂ ਵਿੱਚ ਖੋਜ ਨੂੰ ਲੈ ਕੇ ਦਿਲਚਸਪੀ ਬਿਲਕੁਲ ਖਤਮ ਹੋ ਗਈ ਹੋਵੇ। ਉਹ ਬਾਕਾਇਦਾ ਖੋਜ ਕਰਦੇ ਹਨ ਪਰ ਦੇਸ਼ ਵਿੱਚ ਨਹੀਂ ਵਿਦੇਸ਼ ਜਾ ਕੇ। ਭਾਰਤ ਵਿੱਚ 2011 ਵਿੱਚ ਉਚੇਰੀ ਸਿੱਖਿਆ ਲਈ ਸਿਰਫ਼ ਅਮਰੀਕਾ ਪੁੱਜੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 1,03,895 ਸੀ। ਇਹ ਗਿਣਤੀ ਅਮਰੀਕਾ ਦੀ ਹਾਇਰ ਐਜੂਕੇਸ਼ਨ ਦੀ ਕੁੱਲ ਜਨਸੰਖਿਆ ਦੀ 14 ਫ਼ੀਸਦੀ ਹੈ। ਬੇਸ਼ੱਕ ਅਮਰੀਕੀ ਇਸ ਅੰਕੜੇ ਉਤੇ ਖ਼ੁਸ਼ ਹੋ ਸਕਦੇ ਹਨ ਕਿਉਂਕਿ ਇਸ ਤੋਂ ਉਨ੍ਹਾਂ ਦੀ ਆਰਥਿਕਤਾ ਨੂੰ ਜ਼ਬਰਦਸਤ ਫ਼ਾਇਦਾ ਮਿਲ ਰਿਹਾ ਹੈ। ਸਾਡੀਆਂ ਪ੍ਰਯੋਗਸ਼ਾਲਾਵਾਂ ਵਿੱਚ ਫੰਡਾਂ ਦੀ ਕਮੀ ਕਾਰਨ ਨਾਂਮਾਤਰ ਸਹੂਲਤਾਂ ਮਿਲਦੀਆਂ ਹਨ। ਕਾਲਜਾਂ ਅਤੇ ਲੈਬਾਰਟਰੀਆਂ ਵਿੱਚ ਅਜਿਹੇ ਅਧਿਆਪਕਾਂ ਦੀ ਵੀ ਭਾਰੀ ਕਮੀ ਹੈ ਜੋ ਉਨ੍ਹਾਂ ਨੂੰ ਲਕੀਰ ਤੋਂ ਹਟ ਕੇ ਕੁਝ ਨਵਾਂ ਕਰਨ ਨੂੰ ਪ੍ਰੇਰਿਤ ਕਰ ਸਕਣ। ਭਾਰਤ ਦੇ ਖੋਜ ਸੰਸਥਾਨਾਂ ਅਤੇ ਵਿਸ਼ਵਵਿਦਿਆਲਿਆਂ ਨੂੰ ਲਾਇਕ ਅਧਿਆਪਕਾਂ, ਵਿਗਿਆਨੀ ਸੰਗਠਨਾਂ ਵਿੱਚ ਚੰਗੇ ਵਿਗਿਆਨੀਆਂ ਅਤੇ ਵਿਦਿਆਰਥੀਆਂ ਦੀ ਕਮੀ ਬਣੀ ਹੋਈ ਹੈ। ਇੱਕ ਵਾਰ ਸਰਕਾਰ ਲੋਕ ਸਭਾ ਵਿੱਚ ਸਵੀਕਾਰ ਕਰ ਚੁੱਕੀ ਹੈ ਕਿ ਬੈਂਗਲੂਰੂ ਸਥਿਤ ਭਾਰਤੀ ਵਿਗਿਆਨ ਸੰਸਥਾਨ (ਆਈ.ਆਈ.ਐੱਸ.) ਵਿੱਚ ਮੌਜੂਦਾ ਅਹੁਦਿਆਂ ਦੇ ਮੁਕਾਬਲੇ ਅੱਧੇ ਨਾਲੋਂ ਘੱਟ ਵਿਗਿਆਨੀ ਅਤੇ ਸਿੱਖਿਅਕ ਹਨ। ਰਾਸ਼ਟਰੀ ਪ੍ਰੌਦਯੋਗਿਕ (ਐੱਨ.ਆਈ.ਟੀ.) ਅਤੇ ਭਾਰਤੀ ਪ੍ਰੌਦਯੋਗਿਕ ਸੰਸਥਾਨ (ਆਈ.ਆਈ.ਟੀ.) ਵਿੱਚ ਵੀ ਕੁਝ ਅਜਿਹੀ ਹਾਲਤ ਹੀ ਹੈ। ਇਸਰੋ ਅਤੇ ਡੀ.ਆਰ.ਡੀ.ਓ. ਵਰਗੇ ਮਹੱਤਵਪੂਰਨ ਖੋਜ ਸੰਗਠਨਾਂ ਵਿੱਚ ਵੀ ਵਿਗਿਆਨੀਆਂ ਦੀ ਕਮੀ ਬਣੀ ਰਹਿੰਦੀ ਹੈ। ਇਨ੍ਹਾਂ ਖਾਮੀਆਂ ਦੇ ਨਤੀਜੇ ਸਪਸ਼ਟ ਹਨ। ਰਿਸਰਚ ਪ੍ਰੋਡਕਟਿਵਿਟੀ ਦੇ ਮਾਮਲੇ ਵਿੱਚ ਭਾਰਤ ਵਿੱਚ ਇੱਕ ਹਜ਼ਾਰ ਦੀ ਆਬਾਦੀ ਪਿੱਛੇ 7.9 ਵਿਗਿਆਨੀ ਹਨ। ਜਦੋਂਕਿ ਕੈਨੇਡਾ ਵਿੱਚ ਇਹ ਫ਼ੀਸਦੀ 182.66, ਦੱਖਣੀ ਕੋਰੀਆ ਵਿੱਚ 53.13 ਅਤੇ ਅਮਰੀਕਾ ਵਿੱਚ 21.15 ਹੈ। ਨਵੀਆਂ ਖੋਜਾਂ ਦਾ ਇਹ ਕਾਲ ਪੇਟੈਂਟਾਂ ਦੇ ਮਾਮਲੇ ਵਿੱਚ ਸਾਡੀ ਹਾਲਤ ਹੋਰ ਵੀ ਕਮਜ਼ੋਰ ਬਣਾ ਰਿਹਾ ਹੈ। ਭਾਰਤ ਵਿੱਚ 2010 ਵਿੱਚ ਪੇਟੈਂਟ ਲਈ ਦਾਖਲ ਕੀਤੀਆਂ ਗਈਆਂ 36,812 ਅਰਜ਼ੀਆਂ ਵਿੱਚੋਂ ਸਿਰਫ਼ 7044 ਅਰਜ਼ੀਆਂ ਦੇਸੀ ਸੰਸਥਾਨਾਂ ਵੱਲੋਂ ਆਈਆਂ, ਬਾਕੀ ਸਾਰੀਆਂ ਵਿਦੇਸ਼ਾਂ ਦੀਆਂ ਸਨ। ਦੇਸੀ 7044 ਅਰਜ਼ੀਆਂ ਵਿੱਚੋਂ ਸਿਰਫ਼ 1725 ਨੂੰ ਮਨਜ਼ੂਰੀ ਮਿਲਣਾ ਸਾਬਤ ਕਰਦਾ ਹੈ ਕਿ ਇਨੋਵੇਸ਼ਨ ਦੇ ਮਾਮਲੇ ਵਿੱਚ ਉਨ੍ਹਾਂ ਦਾ ਪੱਧਰ ਕਿਹੋ ਜਿਹਾ ਸੀ। ਇਹੋ ਵਜ੍ਹਾ ਹੈ ਕਿ ਸਾਡੀਆਂ ਪ੍ਰਯੋਗਸ਼ਾਲਾਵਾਂ ਵਿੱਚ ਜੋ ਕੁਝ ਹੋ ਰਿਹਾ ਹੈ ਉਹ ਇੰਡਸਟਰੀ ਤਕ ਨਹੀਂ ਪਹੁੰਚ ਰਿਹਾ। ਉਸ ਵਿੱਚ ਅਜਿਹਾ ਕੋਈ ਨਵਾਂਪਣ ਨਹੀਂ ਹੈ ਜੋ ਇੰਡਸਟਰੀ ਉਸ ਨੂੰ ਅਪਣਾਉਣ ਨੂੰ ਪ੍ਰੇਰਿਤ ਕਰੇ। ਫਿਲਹਾਲ ਸਾਇੰਸ ਕਾਂਗਰਸ ਦੇ ਹਵਾਲੇ ਰਾਹੀਂ ਹੁਣ ਨਵੀਂ ਸਾਇੰਸ ਟੈਕਨਾਲੋਜੀ ਐਂਡ ਇਨੋਵੇਸ਼ਨ (ਐੱਸ.ਟੀ.ਆਈ.) ਨੀਤੀ ਨੂੰ ਲਾਗੂ ਕਰਕੇ ਵਿਗਿਆਨ ਵਿੱਚ ਨਿਰਾਸ਼ਾਜਨਕ ਮਾਹੌਲ ਨੂੰ ਬਦਲਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਅਗਲੇ ਇੱਕ ਦਹਾਕੇ ਵਿੱਚ ਖ਼ਾਸ ਤੌਰ 'ਤੇ 2020 ਤਕ ਉਸ ਨੀਤੀ ਦੇ ਨਤੀਜੇ ਮਿਲਣੇ ਸ਼ੁਰੂ ਹੋ ਜਾਣਗੇ। ਵਿਗਿਆਨ ਦੀ ਬਦੌਲਤ ਸਾਡਾ ਮਕਸਦ ਸਿਰਫ਼ ਚੰਦਰਯਾਨ ਭੇਜਣਾ ਜਾਂ ਮੰਗਲ ਯਾਤਰਾ ਦਾ ਸੁਪਨਾ ਸਾਕਾਰ ਕਰਨਾ ਨਹੀਂ ਹੋਵੇਗਾ ਸਗੋਂ ਇੰਡਸਟਰੀ ਨੂੰ ਛੋਟੀਆਂ-ਛੋਟੀਆਂ ਖੋਜਾਂ ਦਾ ਫ਼ਾਇਦਾ ਦਿਵਾਉਣਾ, ਇੰਟਰਨੈੱਟ ਕਿਵੇਂ ਪਿੰਡਾਂ ਤਕ ਪੁੱਜੇ ਅਤੇ ਬੇਹੱਦ ਘੱਟ ਕੀਮਤ ਵਿੱਚ ਉਸ ਦੀਆਂ ਸੇਵਾਵਾਂ ਲੋਕਾਂ ਨੂੰ ਮਿਲਣ, ਇਹ ਸਭ ਸਾਡੇ ਏਜੰਡੇ ਉੱਤੇ ਰਹੇਗਾ। ਸਭ ਤੋਂ ਅਹਿਮ ਗੱਲ ਇਹ ਹੈ ਕਿ ਜਮਾਤਾਂ ਵਿੱਚ ਵਿਗਿਆਨ ਦੇ ਫਾਰਮੂਲੇ ਰਟਾ ਕੇ ਇਮਤਿਹਾਨਾਂ ਵਿੱਚ ਪਾਸ ਕਰਵਾਉਣ ਦੀ ਪ੍ਰਵਿਰਤੀ ਤੋਂ ਜਿੰਨਾ ਛੇਤੀ ਹੋ ਸਕੇ ਦੇਸ਼ ਨੂੰ ਛੁਟਕਾਰਾ ਦਿਵਾਇਆ ਜਾਵੇ। ਵਿਗਿਆਨੀਆਂ ਦਾ ਬਰੇਨ ਡਰੇਨ, ਬਰੇਨ ਗੇਨ ਵਿੱਚ ਬਦਲਿਆ ਜਾਵੇ ਅਤੇ ਨਵੀਆਂ ਕਾਢਾਂ ਨੂੰ ਹਰ ਪੱਧਰ 'ਤੇ ਉਤਸ਼ਾਹ ਮਿਲੇ। ਵੇਖਣਾ ਹੈ ਕਿ ਨਵੀਂ ਵਿਗਿਆਨ ਨੀਤੀ ਇਨ੍ਹਾਂ ਮੁੱਦਿਆਂ ਉੱਤੇ ਗੌਰ ਕਰਦੀ ਹੈ ਜਾਂ ਨਹੀਂ।

# ਸਾਡੇ ਸਮਝਦਾਰ ਦਿਮਾਗ਼ ਦੇ ਬੇਸਮਝ ਰੁਝੇਵੇਂ

ਸੁਰਜੀਤ ਸਿੰਘ ਢਿੱਲੋਂ (ਡਾ.)

ਅਸੀਂ ਬੇਬੁਨਿਆਦ ਖ਼ਬਤਾਂ ਦੇ ਗ਼ੁਲਾਮ ਬਣੇ ਜਿਉਂ ਰਹੇ ਹਾਂ ਅਤੇ ਇਨ੍ਹਾਂ ਨਾਲੋਂ ਵੱਖਰੇ ਵਿਚਾਰਾਂ ਦੀ ਨਿਖੇਧੀ ਕਰਦਿਆਂ ਮਰਨ-ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹ ਵਿਚਾਰ 1925 'ਚ ਬਰਟਰੰਡ ਰੱਸਲ ਨੇ ਪ੍ਰਗਟਾਏ ਸਨ ਜਿਹੜੇ ਲਗਪਗ ਇੱਕ ਸਦੀ ਗੁਜ਼ਰ ਜਾਣ ਉਪਰੰਤ ਸਾਡੇ ਉਪਰ ਅੱਜ ਵੀ ਲਾਗੂ ਹਨ। ਹਾਲਾਂਕਿ ਕਹਿਣ ਨੂੰ ਭਾਵੇਂ, ਪਿਛਲੇ 92 ਵਰ੍ਹਿਆਂ ਦੌਰਾਨ ਸੱਭਿਆਚਾਰ ਬਹੁਤ ਸਮ੍ਰਿਧ ਹੋਇਆ। ਅਜਿਹਾ ਕਿਉਂ ਹੈ ?

ਦੁਨੀਆਂ ਵਿੱਚ ਜੀਵਨ ਅਲੌਕਿਕ ਚਮਤਕਾਰ ਬਣ ਕੇ ਨਹੀਂ ਸੀ ਪਧਾਰਿਆ। ਇਹ ਅੱਜ ਤੋਂ ਸਾਢੇ ਤਿੰਨ ਅਰਬ ਵਰ੍ਹੇ ਪਹਿਲਾਂ ਕੁਦਰਤੀ ਨਿਯਮਾਂ ਅਨੁਕੂਲ ਅਤੇ ਪ੍ਰਿਥਵੀ ਉਪਰ ਵਿਆਪਕ ਪ੍ਰਸਥਿਤੀਆਂ ਦਾ ਹੁੰਗਾਰਾ ਭਰਦਾ ਹੋਇਆ, ਪੁੰਗਰਿਆ ਸੀ। ਪੁੰਗਰਨ ਸਮੇਂ ਇਸ ਦੀ ਸਰਲ ਅਵਸਥਾ ਸੀ ਜਿਹੜੀ ਸਮੇਂ ਨਾਲ ਵਿਕਸਿਤ ਹੁੰਦੀ ਰਹੀ ਅਤੇ ਉਲਝਣਾਂ 'ਚ ਘਿਰਦੀ ਰਹੀ। ਜਿਹੜੇ ਜੀਵ ਅਤੇ ਅਸੀਂ ਆਪ ਸੰਸਾਰ ਵਿੱਚ ਹਾਂ, ਅਸੀਂ ਸਭ ਪਹਿਲਾਂ ਵਿਚਰ ਚੁੱਕੇ ਜੀਵਾਂ ਤੋਂ ਵਿਕਸਿਤ ਹੋਏ ਹਾਂ, ਬਿਲਕੁਲ ਉਂਜ ਹੀ ਜਿਵੇਂ ਉਹ ਵੀ ਹੋਰ ਪਹਿਲਾਂ ਵਿਚਰੇ ਜੀਵਾਂ ਤੋਂ ਵਿਕਸਿਤ ਹੋਏ ਸਨ। ਇਸੇ ਪ੍ਰਕਾਰ ਹੁੰਦਾ ਰਿਹਾ ਸੀ ਅਤੇ ਜੀਵਾਂ ਦੀ ਸਾਧਾਰਨ ਬਣਤਰ ਜਟਿਲ ਬਣਦੀ ਰਹੀ ਸੀ। ਇਸੇ ਕਾਰਨ ਜੀਵਾਂ ਦੀ ਇੱਕ ਦੂਜੇ ਨਾਲ ਸਾਂਝ ਹੈ ਅਤੇ ਸਾਡੀ ਵੀ ਹੋਰਨਾਂ ਪ੍ਰਾਣੀਆਂ ਨਾਲ ਜੀਨਾਂ ਦੀ ਪੱਧਰ 'ਤੇ ਸਾਂਝ ਹੈ। ਮਨੁੱਖ ਹੋ ਕੇ ਵੀ ਅਸੀਂ ਨਿਰੋਲ ਮਨੁੱਖ ਨਹੀਂ ਹਾਂ।

ਵਿਚਾਰਵਾਨਾਂ ਨੂੰ ਜੀਵਨ ਦਾ ਵਿਕਸਿਤ ਹੋਣਾ ਸੁੱਝ ਭਾਵੇਂ ਗਿਆ ਸੀ, ਪਰ ਅਜਿਹਾ ਹੋਏ ਹੋਣ ਨੂੰ ਪ੍ਰਮਾਣਾਂ ਨਾਲ ਸਿੱਧ ਡਾਰਵਿਨ ਨੇ ਕੀਤਾ। ਉਸ ਨੇ ਇਹ ਵੀ ਦਰਸਾਇਆ ਕਿ ਅਜਿਹਾ ਕਿਉਂ ਅਤੇ ਕਿਵੇਂ ਵਾਪਰਦਾ ਰਿਹਾ ਹੈ। ਇਹ ਗੱਲ 1859 ਦੀ ਹੈ। ਇਸ ਦੇ 100 ਵਰ੍ਹਿਆਂ ਉਪਰੰਤ, ਜਦੋਂ ਜੀਨ (ਡੀ.ਐੱਨ.ਏ.) ਦੇ ਕ੍ਰਿਆਵੀ ਪੱਖ ਨੂੰ ਵਾਟਸਨ ਅਤੇ ਕ੍ਰਿੱਕ ਨੇ ਰੌਸ਼ਨ ਕੀਤਾ ਤਾਂ ਜੀਵਨ ਅਤੇ ਆਪਣੇ-ਆਪ ਪ੍ਰਤੀ ਸਾਡੀ ਸੂਝ ਬਦਲੀ ਅਤੇ ਧੁਰੋਂ ਬਣੀਆਂ ਆ ਰਹੀਆਂ ਧਾਰਨਾਵਾਂ ਹੇਠ-ਉਤਾਂਹ ਹੋਈਆਂ। ਇਸ ਦੇ ਬਾਵਜੂਦ ਸਾਨੂੰ ਆਪਣੇ-ਆਪ ਬਾਰੇ ਹਾਲੇ ਵੀ ਬਹੁਤ ਕੁਝ ਸਪਸ਼ਟ ਨਹੀਂ। ਹਾਲੇ ਅਜੇ ਵੀ ਸਾਨੂੰ ਆਪਣੇ-ਆਪ ਬਾਰੇ ਬਹੁਤ ਕੁਝ ਜਾਨਣ ਦੀ ਲੋੜ ਹੈ। ਸੁਹਿਰਦ ਹੋ ਕੇ ਵੀ ਅਸੀਂ ਹੂਸ਼ ਜੰਗਲੀ ਹਰਕਤਾਂ ਕਿਉਂ ਕਰ ਰਹੇ ਹਾਂ ? ਅਸੀਂ ਨਹੀਂ ਸਮਝ ਰਹੇ ? ਹੋਰ ਵੀ ਬਹੁਤ ਕੁਝ ਅਸੀਂ ਨਹੀਂ ਸਮਝ ਰਹੇ: ਅਸੀਂ ਕਿਉਂ ਆਪਣੀ ਨਸਲ ਦੀ ਪੱਧਰ 'ਤੇ ਆਤਮ-ਹੱਤਿਆ ਕਰਨ ਲਈ ਬੇਤਾਬ ਹੋ ਰਹੇ ਹਾਂ, ਅਸੀਂ ਕਿਉਂ ਅਜਿਹੇ ਹਥਿਆਰ ਬਣਾਈ ਜਾ ਰਹੇ ਹਾਂ ਜਿਹੜੇ ਸਮੁੱਚੀ ਮਾਨਵਤਾ ਲਈ ਮੌਤ ਦਾ ਪੈਗ਼ਾਮ ਹਨ ? ਅਸੀਂ ਕਿਉਂ ਆਪਣੀ ਵਸੋਂ ਨੂੰ ਉਸ ਹੱਦ ਤਕ ਪਸਰਨ ਦੇ ਰਹੇ ਹਾਂ, ਜਿੱਥੇ ਜਿਊਣਾ ਤੇ ਨਰਕ ਭੋਗਣਾ ਇਕਸਮਾਨ ਹੋਣਗੇ ? ਅਸੀਂ ਕਿਉਂ ਆਪਣਾ ਆਲਾ-ਦੁਆਲਾ ਅਤੇ ਹਵਾ-ਪਾਣੀ ਇਸ ਹੱਦ ਤਕ ਦੂਸ਼ਿਤ ਕਰ ਛੱਡੇ ਹਨ ਜਿਹੜੇ ਸਾਡੀ ਪਰਵਰਿਸ਼ ਕਰਨ ਦੀ ਬਜਾਏ ਸਾਡੇ ਲਈ ਘਾਤਕ ਸਿੱਧ ਹੋ ਰਹੇ ਹਨ ? ਇਹੋ ਨਹੀਂ, ਨਿਰੋਲ ਸਾਡੀਆਂ ਸਰਗਰਮੀਆਂ ਕਾਰਨ ਮੌਸਮ ਅਤੇ ਰੁੱਤਾਂ ਵੀ ਬਦਲਦੇ ਜਾ ਰਹੇ ਹਨ। ਅਜਿਹਾ ਕੁਝ ਅਸੀਂ ਕਿਉਂ ਕਰੀ ਜਾ ਰਹੇ ਹਾਂ, ਅਸੀਂ ਨਹੀਂ ਸਮਝ ਰਹੇ ਅਤੇ ਅਸੀਂ ਇਹ ਵੀ ਨਹੀਂ ਸਮਝ ਰਹੇ ਕਿ ਜਿਸ ਰਾਹ ਪਏ ਅਸੀਂ ਸਰਪਟ ਦੌੜੇ ਜਾ ਰਹੇ ਹਾਂ, ਉਸ ਦੀ ਸਦੀਵੀ ਬਣੇ ਰਹਿਣਾ ਮੰਜ਼ਿਲ ਨਹੀਂ, ਉਸ ਦੀ 'ਪਰਲੈ' ਮੰਜ਼ਿਲ ਹੈ।ਅਸੀਂ ਆਪਣੇ ਕੁਦਰਤੀ ਸੁਭਾਅ ਤੋਂ ਮਜਬੂਰ ਹੋ ਕੇ ਭਾਵੇਂ ਅਜਿਹੇ ਰਾਹ ਚੁਣ ਰੱਖੇ ਹਨ, ਹਾਲਾਂਕਿ ਸਾਡਾ ਸੋਚ-ਵਿਚਾਰ ਕਰਨ ਯੋਗ, ਸੂਝਵਾਨ ਦਿਮਾਗ਼ ਹੈ ਜਿਹੜਾ ਅਰਬਾਂ ਵਰ੍ਹਿਆਂ ਦੇ ਵਿਕਾਸ ਉਪਰੰਤ ਸਾਡੇ ਹਿੱਸੇ ਆਇਆ ਸੀ। ਆਪਣੇ ਇਸ ਅੰਗ ਦਾ ਸਹੀ ਉਪਯੋਗ ਅਸੀਂ ਨਹੀਂ ਕਰ ਰਹੇ। ਸਾਡੇ 'ਚੋਂ ਬਹੁਤਿਆਂ ਦੀ ਤਾਂ ਸੋਚਣ ਦੀ ਵੀ ਆਦਤ ਨਹੀਂ। ਇਸੇ ਕਾਰਨ, ਅਸੀਂ ਲਾਈਲਗ ਬਣੇ, ਬਿਨਾਂ ਸੋਚੇ-ਸਮਝੇ, ਉਹ ਕੁਝ ਕਰਨ ਦੇ ਆਦੀ ਹਾਂ ਜੋ ਆਲੇ-ਦੁਆਲੇ ਹੋਰ ਕਰ ਰਹੇ ਹਨ। ਅਸੀਂ ਉਸੇ ਨਾਲ ਨਿਭਦੇ ਰਹਿਣ ਦੇ ਯਤਨ ਕਰਦੇ ਹਾਂ ਜੋ ਅਸੀਂ ਆਪਮੁਹਾਰੇ ਬਚਪਨ ਦੌਰਾਨ ਗ੍ਰਹਿਣ ਕਰ ਲਿਆ ਹੁੰਦਾ ਹੈ। ਸਾਨੂੰ ਨਾ ਪਰਖ ਆਧਾਰਿਤ ਗਿਆਨ ਪ੍ਰਭਾਵਿਤ ਕਰ ਰਿਹਾ ਹੈ ਅਤੇ ਨਾ ਹੀ ਤਰਕ ਜਾਂ ਦਲੀਲਾਂ। ਮਨ ਅੰਦਰ ਬਚਪਨ ਤੋਂ ਸਮਾਅ ਚੁੱਕੀਆਂ ਧਾਰਨਾਵਾਂ ਦੀ ਅਗਵਾਈ ਅਧੀਨ ਅਸੀਂ ਜਿਉਂ ਨਹੀਂ ਰਹੇ, ਸਿਰਫ਼ ਦਿਨ ਕੱਟ ਰਹੇ ਹਾਂ।

ਆਦਿਵਾਸੀ ਅਤੇ ਕਬਾਇਲੀ ਜੀਵਨ ਨੂੰ ਭਾਵੇਂ ਅਸੀਂ ਬਹੁਤ ਪਿੱਛੇ ਛੱਡ ਆਏ ਹਾਂ, ਫਿਰ ਵੀ ਸਾਡੀ ਸੋਚ ਅਤੇ ਸਮਝ ਉਸੇ ਪੱਧਰ 'ਤੇ ਵਿਆਪਕ ਹਨ। ਅਸੀਂ ਬਾਣਾ ਬਦਲ ਲਿਆ ਹੈ, ਖਾਣ-ਪੀਣ ਬਦਲ ਲਿਆ ਹੈ, ਰਹਿਣ-ਸਹਿਣ ਬਦਲ ਲਿਆ ਹੈ, ਪਰ ਸਾਡੀ ਸੋਚ ਨਹੀਂ ਬਦਲੀ। ਪਰਾਏ ਧਾਰਮਿਕ ਵਿਚਾਰ, ਪਰਾਈਆਂ ਜ਼ਾਤਾਂ, ਪਰਾਈਆਂ ਕੌਮਾਂ, ਪਰਾਏ ਸੱਭਿਆਚਾਰਕ ਅਨੁਭਵ। ਇਹ ਸਾਡੇ ਲਈ ਪਰਾਏ ਹੀ ਨਹੀਂ, ਇਨ੍ਹਾਂ ਨੂੰ ਅਸੀਂ ਵਿਰੋਧੀ ਅਤੇ ਵੈਰੀ ਸਮਝ ਕੇ ਇਨ੍ਹਾਂ ਨਾਲ ਨਜਿੱਠਣ ਦੇ ਯਤਨ ਕਰਦੇ ਰਹਿੰਦੇ ਹਾਂ। ਆਪਣੇ-ਆਪ 'ਚ ਵਿਸ਼ਵਾਸ ਦੀ ਘਾਟ ਹੋਣ ਕਾਰਨ ਆਪਣੇ-ਆਪ ਉਪਰ ਨਿਰਭਰ ਹੋ ਕੇ ਸਨਮਾਨ ਨਾਲ ਜਿਊਣ ਦੀ ਬਜਾਏ ਅਸੀਂ ਜੁੰਡਲੀਆਂ 'ਚ ਜੁੜ ਕੇ ਅਤੇ ਅਣਉਚਿਤ ਢੰਗ ਅਪਣਾ ਕੇ ਸੁਆਰਥ ਪੂਰੇ ਕਰਨ ਵਿੱਚ ਨਿਪੁੰਨ ਹੁੰਦੇ ਜਾ ਰਹੇ ਹਾਂ। ਹਾਲਾਂਕਿ ਸਾਂਝੀਵਾਲਤਾ ਧਰਮ ਦਾ ਉਦੇਸ਼ ਹੈ। ਫਿਰ ਵੀ ਧਰਮ ਹੀ ਦੇ ਨਾਮ 'ਤੇ ਵਿਵਾਦ ਖੜ੍ਹੇ ਕੀਤੇ ਜਾ ਰਹੇ ਹਨ, ਪੱਖਪਾਤ ਪਾਲੇ ਜਾ ਰਹੇ ਹਨ ਅਤੇ ਅਤਿਵਾਦ ਨੂੰ ਆਧਾਰ ਅਰਪਣ ਹੋ ਰਹੇ ਹਨ।

ਸਾਡੀ ਸਮੱਸਿਆ ਇਹ ਵੀ ਹੈ ਕਿ ਕੁਝ ਕੁ ਕੋਲ ਲੋੜ ਤੋਂ ਵੱਧ ਹੈ, ਇੰਨਾ ਵੱਧ ਕਿ ਉਹ ਨਹੀਂ ਜਾਣਦੇ ਕਿ ਇਸ ਦਾ ਕਿਵੇਂ ਉਪਯੋਗ ਕੀਤਾ ਜਾਵੇ। ਅਜਿਹਾ ਵਾਧੂਪਣ ਸ਼ਹਿਰ ਸ਼ਹਿਰ ਬੁਸ ਰਿਹਾ ਹੈ। ਦੂਜੇ ਬੰਨੇ, ਬਹੁਤੇ ਅਜਿਹੇ ਹਨ ਜਿਨ੍ਹਾਂ ਦੀਆਂ ਮੂਲ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਇਹ ਦੋਵੇਂ ਧਿਰਾਂ ਆਪੋ-ਆਪਣੀ ਥਾਵੇਂ ਮਾਨਸਿਕ ਪੱਧਰ 'ਤੇ ਇਸ ਲਈ ਹੁਸੜਿਆ ਅਨੁਭਵ ਕਰ ਰਹੀਆਂ ਹਨ ਕਿਉਂਕਿ ਇਕਨਾਂ ਨੂੰ ਸਹੂਲਤਾਂ ਉਪਲੱਬਧ ਹੋਣ ਦੇ ਬਾਵਜੂਦ ਆਪਣੀਆਂ ਸੱਧਰਾਂ ਪੂਰੀਆਂ ਕਰਨ ਦੀ ਜਾਚ ਨਹੀਂ ਅਤੇ ਦੂਜਿਆਂ ਦੀਆਂ ਸੱਧਰਾਂ ਪੂਰੀਆਂ ਹੋਣ ਦੀ ਸੰਭਾਵਨਾ ਨਹੀਂ।

ਸਮਾਜਿਕ ਪ੍ਰਸਥਿਤੀਆਂ ਆਪਣੀ ਥਾਵੇਂ, ਵਿਅਕਤੀਗਤ ਪੱਧਰ 'ਤੇ ਵੀ ਅਸੀਂ ਆਪਣੀਆਂ ਸੁਭਾਵਿਕ ਕਮਜ਼ੋਰੀਆਂ ਕਾਰਨ ਨਿੱਘਰਦੇ ਜਾ ਰਹੇ ਹਾਂ। ਅਸੀਂ ਪਰਲੇ ਦਰਜੇ ਦੇ ਚਾਪਲੂਸ ਬਣਦੇ ਜਾ ਰਹੇ ਹਾਂ। ਇਸ ਹੱਦ ਤਕ ਖ਼ੁਸ਼ਾਮਦੀ ਕਿ ਵਿਅਕਤੀ ਕੁਰਸੀ 'ਤੇ ਬਿਰਾਜਮਾਨ ਹੋਇਆ ਨਹੀਂ ਕਿ ਅਸੀਂ ਝੱਟ ਉਸ ਦੇ ਗੋਡੇ ਛੋਹੇ ਨਹੀਂ। ਸਾਡੇ ਅਜਿਹੇ ਸੁਭਾਅ ਨੂੰ ਪ੍ਰਦਰਸ਼ਿਤ ਕਰਦੀ ਦੋ ਵਿਅਕਤੀਆਂ ਵਿਚਕਾਰ ਇੱਕ ਵਾਰਤਾਲਾਪ ਮੈਨੂੰ ਯਾਦ ਆ ਰਹੀ ਹੈ। ਸੇਵਾਮੁਕਤ ਹੋ ਚੁੱਕੇ ਇੱਕ ਵਾਈਸ ਚਾਂਸਲਰ ਨੂੰ ਉਸ ਦੇ ਕਦੀ ਸਲਾਹਕਾਰ ਰਹੇ, ਯੂਨੀਵਰਸਿਟੀ ਦੇ ਇੱਕ ਅਧਿਕਾਰੀ ਨੇ ਜਦੋਂ ਉਸ ਦੀ ਸਿਹਤ ਬਾਰੇ ਪੁੱਛਿਆ ਤਾਂ ਅੱਗੋਂ ਉੱਤਰ ਮਿਲਿਆ: "ਪਹਿਲਾਂ ਤੁਸੀਂ ਮੇਰੇ ਗੋਡੇ ਛੋਂਹਦੇ ਰਹੇ ਸੀ, ਇਹ ਨਰਮ ਰਹਿੰਦੇ ਸਨ। ਅੱਜਕੱਲ੍ਹ ਇਹ ਤੁਹਾਡੇ ਸਪਰਸ਼ ਨੂੰ ਤਾਂਘਦੇ ਹੋਏ, ਆਠਰੇ ਪਏ ਹਨ ਅਤੇ ਮੈਨੂੰ ਪ੍ਰੇਸ਼ਾਨ ਕਰ ਰਹੇ ਹਨ।"

ਅੱਜ ਸਾਡਾ ਸਮਾਜ ਗੋਡੇ ਛੁਹਾ ਰਹੇ ਅਤੇ ਛੋਹ ਰਹੇ ਵਰਗਾਂ 'ਚ ਭਲੀ ਪ੍ਰਕਾਰ ਵੰਡਿਆ ਹੋਇਆ ਹੈ। ਕੁਝ ਹੋਰ ਕਰਨ ਦੀ ਜਾਚ ਵਿਸਰਦੀ ਜਾ ਰਹੀ ਹੈ। ਕੁਰਸੀ 'ਤੇ ਬਿਰਾਜਮਾਨ ਬਹੁਤਿਆਂ 'ਚੋਂ ਕਈ ਉਸ ਸਤਿਕਾਰ ਅਤੇ ਸਨਮਾਨ ਦੇ ਪਾਤਰ ਹੁੰਦੇ ਵੀ ਨਹੀਂ, ਜਿਨ੍ਹਾਂ ਨੂੰ ਅਸੀਂ ਆਪਣੇ ਵਤੀਰੇ ਦੁਆਰਾ ਜਚਾ ਦਿੰਦੇ ਹਾਂ ਕਿ ਉਹ ਇਸ ਦੇ ਯੋਗ ਪੁਰਸ਼ ਹਨ। ਫਿਰ, ਹਰ ਇੱਕ ਵਿਅਕਤੀ ਇੱਕੋ ਸਮੇਂ ਦੋ ਬੇੜੀਆਂ 'ਚ ਸਵਾਰ ਹੈ; ਸੂਝ-ਸਮਝ ਦੀ ਬੇੜੀ 'ਚ ਅਤੇ ਲਾਲਸਾਵਾਂ ਦੀ ਬੇੜੀ 'ਚ। ਇਹ ਦੋਵੇਂ ਬੇੜੀਆਂ ਇੱਕ ਦੂਜੀ ਨਾਲ ਠਹਿਕਦੀਆਂ ਰਹਿੰਦੀਆਂ ਹਨ ਅਤੇ ਦੁਚਿੱਤੀਆਂ 'ਚ ਘਿਰੇ ਅਸੀਂ ਨਾ ਇਧਰ ਦੇ ਰਹਿ ਰਹੇ ਹਾਂ, ਨਾ ਓਧਰ ਦੇ। ਮੁੱਢੋਂ ਹੀ ਅਸੀਂ ਇਨ੍ਹਾਂ ਦੋ ਪਰਸਪਰ ਵਿਰੋਧੀ ਪ੍ਰਸਥਿਤੀਆਂ ਨੂੰ ਇਕਸੁਰ ਕਰਨ ਦੇ ਯਤਨ ਕਰਦੇ ਆ ਰਹੇ ਹਾਂ। ਇਸ ਮੰਤਵ ਨਾਲ ਧਰਮ ਟਿੱਲ ਲਾ ਚੁੱਕੇ, ਫਿਲਾਸਫਰ ਸੋਚ ਥੱਕੇ ਅਤੇ ਕਲਾਕਾਰ ਉਪਰਾਲੇ ਕਰ ਬੈਠੇ, ਪਰ ਕੀਤੇ ਗਏ ਯਤਨ, ਯਤਨਾਂ ਦੀ ਹੱਦ ਨਾ ਫਲਾਂਗ ਸਕੇ। ਸੂਝ ਅਤੇ ਲਾਲਸਾਵਾਂ ਵਿਚਕਾਰ ਤਕਰਾਰ, ਪਹਿਲਾਂ ਵਾਂਗ, ਅੱਜ ਵੀ ਜਾਰੀ ਹੈ। ਜਿੱਥੇ ਸੂਝ ਸਾਨੂੰ ਭਲੇ ਜੀਵਨ ਦਾ ਰਾਹ ਦਿਖਾ ਰਹੀ ਹੈ, ਉੱਥੇ ਲਾਲਸਾਵਾਂ ਸਾਨੂੰ ਸੁਆਰਥੀ ਘੇਰੇ 'ਚੋਂ ਬਾਹਰ ਨਹੀਂ ਆਉਣ ਦੇ ਰਹੀਆਂ। ਲਾਲਸਾਵਾਂ ਸਾਨੂੰ ਵਿਰਸੇ 'ਚ ਮਿਲਦੀਆਂ ਹਨ। ਇਸ ਲਈ ਇਹ ਸਾਡੇ ਉਪਰ ਸਹਿਜ ਹਾਵੀ ਹੋ ਜਾਂਦੀਆਂ ਹਨ ਜਦੋਂਕਿ ਸੂਝ ਵਿਰਸੇ 'ਚ ਨਹੀਂ ਮਿਲਦੀ, ਇਸ ਦੀ ਸਾਨੂੰ ਪਾਲਣਾ ਕਰਨੀ ਪੈਂਦੀ ਹੈ। ਕੁਆਰੀ ਸੂਝ ਨਾਲ ਮੋਹ ਪਾਲਣ ਲਈ ਇਸ ਨੂੰ ਗਿਆਨ ਦੁਆਰਾ ਟੂੰਬ-ਟੂੰਬ ਹਲੂਣਦੇ ਰਹਿਣਾ ਪੈਂਦਾ ਹੈ ਅਤੇ ਅਜਿਹਾ ਕਰਨ ਯੋਗ ਸਾਡੇ 'ਚੋਂ ਬਹੁਤੇ ਨਹੀਂ ਹਨ। ਪ੍ਰਗਤੀ ਕਾਰਨ ਬਹੁਤੇ ਪਹਿਲਾਂ ਨਾਲੋਂ ਵਧੀਆ ਤਾਂ ਭਾਵੇਂ ਨਹੀਂ, ਪਰ ਸੁਖਾਲਾ ਜੀਵਨ ਬਿਤਾ ਰਹੇ ਹਨ। ਇਸ ਦੇ ਬਾਵਜੂਦ



ਕੁਝ ਅਜਿਹੇ ਵੀ ਹਨ ਜਿਹੜੇ ਆਪਣੇ ਜੀਵਨ ਨਾਲ ਸੰਤੁਸ਼ਟ ਹਨ। ਵਿਆਪਕ ਸਥਿਤੀ ਇਹ ਹੈ ਕਿ ਜੋ ਵੀ ਜਿਸ ਕੋਲ ਹੈ, ਉਸ ਨਾਲ ਉਹ ਸੰਤੁਸ਼ਟ ਨਹੀਂ; ਉਸ ਦੀਆਂ ਅਪੂਰਨ ਸੱਧਰਾਂ ਉਸ ਨੂੰ ਵਿਗੋਚ ਦਾ ਅਨੁਭਵ ਕਰਵਾਉਂਦੀਆਂ ਨਹੀਂ ਥੱਕਦੀਆਂ। ਗ਼ਾਲਿਬ ਨੇ ਇਸ ਸਥਿਤੀ ਨੂੰ ਇਉਂ ਬਿਆਨਿਆ:

**ਹਜ਼ਾਰੋਂ ਖ਼੍ਵਾਹਿਸ਼ੇਂ ਐਸੀ ਕਿ ਹਰ ਖ਼੍ਵਾਹਿਸ਼ ਪੇ ਦਮ ਨਿਕਲੇ,**
**ਬਹੁਤ ਨਿਕਲੇ ਮੇਰੇ ਅਰਮਾਨ, ਲੇਕਿਨ ਫਿਰ ਕੀ ਕਮ ਨਿਕਲੇ।**

ਸੱਚ ਤਾਂ ਇਹ ਹੈ ਕਿ ਨਾ ਗਿਆਨ ਬਿਨਾਂ ਢੋਈ ਹੈ ਅਤੇ ਨਾ ਸਿਆਣਪ ਬਿਨਾਂ ਸੂਝ ਸੰਚਾਰੀ। ਸਾਨੂੰ ਆਪਣੇ-ਆਪ ਨੂੰ ਕਬਾਇਲੀ ਸੋਚ ਤੋਂ ਉਪਰ ਉਭਾਰਨ ਦੀ ਲੋੜ ਹੈ ਅਤੇ ਸੁਆਰਥੀ ਹਿੱਤਾਂ ਨੂੰ ਲਾਂਭੇ ਕਰਕੇ ਆਪਣੇ-ਆਪ ਨੂੰ ਸਮਝਣ ਦੀ ਲੋੜ ਹੈ। ਭਾਵਨਾਵਾਂ ਨਾ ਤਰਕ ਦਾ ਬਦਲ ਹੋ ਸਕਦੀਆਂ ਹਨ ਅਤੇ ਨਾ ਸੂਝ-ਸਮਝ ਦਾ। ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਜੇਕਰ ਅਸੀਂ ਮਾਨਵ ਹਾਂ ਤਾਂ ਫਿਰ ਕਿਉਂ ਅਸੀਂ ਵਣਾਂ 'ਚ ਵਿਚਰ ਰਹੇ ਮਾਨਸ ਵਾਂਗ ਵਿਚਰ ਰਹੇ ਹਾਂ ?



# ਸਮਾਰਟ ਫੋਨ ਦੇ ਜਾਲ ਵਿੱਚ ਫਸਦਾ ਜਾ ਰਿਹਾ ਮਨੁੱਖ

**ਭੁਪਿੰਦਰ ਸਿੰਘ ਬੱਤਰਾ (ਡਾ.)**

ਸਮੇਂ ਦੇ ਤੇਜ਼ ਗੇੜ ਨਾਲ ਅੱਜ ਮੀਡੀਆ ਤਕਨਾਲੋਜੀ ਦੇ ਖੇਤਰ ਵਿੱਚ ਵੀ ਵੱਡੀ ਤੋਂ ਵੱਡੀ ਕਾਢ ਆਪਣੀ ਸ਼ਾਨ-ਓ-ਸ਼ੌਕਤ ਗੁਆ ਰਹੀ ਹੈ। ਟੈਲੀਗ੍ਰਾਫ਼, ਟੈਲੀਫ਼ੋਨ, ਪ੍ਰਿੰਟ ਮੀਡੀਆ, ਰੇਡੀਓ, ਟੀ.ਵੀ. ਅਤੇ ਫ਼ਿਲਮਾਂ ਤੋਂ ਬਾਅਦ ਜਿਸ ਨਵੀਂ ਤਕਨਾਲੋਜੀ ਨੇ ਦਸਤਕ ਦਿੱਤੀ ਹੈ, ਉਸ ਨੂੰ ਅਸੀਂ ਨਿਊ ਮੀਡੀਆ ਕਹਿਣ ਲੱਗੇ ਹਾਂ। ਅੱਜ ਮੀਡੀਆ ਨੇ ਸੰਚਾਰ ਦੇ ਖੇਤਰ ਵਿੱਚ ਉਹ ਕੁਝ ਕਰ ਕੇ ਵਿਖਾ ਦਿੱਤਾ ਹੈ, ਜਿਸ ਬਾਰੇ ਮਨੁੱਖ ਨੇ ਕਦੇ ਸੁਪਨਾ ਵੀ ਨਹੀਂ ਸੀ ਲਿਆ। ਜੇ ਨਵੇਂ ਮੀਡੀਆ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਅਜਿਹਾ ਮੀਡੀਆ ਜੋ ਕਿਸੇ ਵੀ ਸਮੇਂ, ਕਿਸੇ ਵੀ ਜਗ੍ਹਾ, ਕਿਸੇ ਡਿਜ਼ੀਟਲ ਉਪਕਰਣ ਰਾਹੀਂ ਤੁਹਾਡੇ ਮਨਚਾਹੇ ਸਵਾਲਾਂ, ਮਨਚਾਹੀ ਆਡੀਓ-ਵੀਡੀਓ ਅਤੇ ਮਨਚਾਹੇ ਵਿਸ਼ਾ-ਵਸਤੂ ਦੀ ਪੂਰਤੀ ਕਰਦਾ ਹੋਵੇ। ਸਾਇੰਸ ਨੇ ਅਜਿਹਾ ਉਪਕਰਣ ਸਮਾਜ ਨੂੰ ਸਮਾਰਟ ਫੋਨ ਦੇ ਰੂਪ ਵਿੱਚ ਦਿੱਤਾ ਹੈ।

ਸਮਾਰਟ ਫੋਨ ਨੂੰ ਜੇਕਰ ਜਾਦੂ ਦੀ ਡੱਬੀ ਜਾਂ ਕਹਾਵਤ ਅਨੁਸਾਰ ਇਹ ਕਹਿ ਲਿਆ ਜਾਵੇ ਕਿ ਸਮਾਰਟ ਫੋਨ ਇੱਕ ਅਜਿਹਾ ਜਿੰਨ ਹੈ, ਜਿਸ ਨੂੰ ਆਵਾਜ਼ ਮਾਰੋ ਤਾਂ ਸੈਕਿੰਟਾਂ ਵਿੱਚ ਉਹ ਦੁਨੀਆਂ ਭਰ ਦੀ ਹਰ ਸ਼ੈਅ ਸਕਰੀਨ 'ਤੇ ਤੁਹਾਡੇ ਸਾਹਮਣੇ ਪੇਸ਼ ਕਰ ਦੇਵੇਗਾ। ਸ਼ੁਰੂ-ਸ਼ੁਰੂ ਵਿੱਚ ਇੰਟਰਨੈੱਟ ਦੀ ਵਰਤੋਂ ਕੰਪਿਊਟਰ-ਲੈਪਟਾਪ ਰਾਹੀਂ ਹੁੰਦੀ ਸੀ ਪਰ ਨਵੀਂ ਤਕਨਾਲੋਜੀ ਦੇ ਆਉਣ ਨਾਲ ਇਸ ਦੀ ਵਰਤੋਂ ਆਈ ਪੈਡ ਮੋਬਾਈਲ ਆਦਿ ਰਾਹੀਂ ਜ਼ਿਆਦਾ ਹੋਣ ਲੱਗ ਪਈ। ਮੋਬਾਈਲ ਹਰ ਸਮੇਂ ਜੇਬ ਵਿੱਚ ਹੋਣ ਕਰ ਕੇ ਇੰਟਰਨੈੱਟ ਦੀ ਵਰਤੋਂ ਕਰਨਾ ਆਸਾਨ ਹੋ ਗਿਆ ਹੈ। ਅੱਜ ਮੋਬਾਈਲ ਵਿੱਚ ਹਰ ਕਿਸਮ ਦੀਆਂ ਐਪਲੀਕੇਸ਼ਨਜ਼ ਆ ਰਹੀਆਂ ਹਨ। ਇਸ ਲਈ ਹਰ ਤਕਨਾਲੋਜੀ ਨਾਲ ਪੂਰੀ ਤਰ੍ਹਾਂ ਲੈੱਸ ਮੋਬਾਈਲ ਨੂੰ ਸਮਾਰਟ ਫੋਨ ਕਿਹਾ ਜਾਣ ਲੱਗ ਪਿਆ ਹੈ। ਸਮਾਰਟ ਫੋਨ ਵਿੱਚ ਲਿਖਤੀ ਮੈਸਿਜ, ਆਡੀਓ/ ਵੀਡੀਓ ਮੈਸਿਜ, ਸਟਿਲ ਫੋਟੋ ਅਤੇ ਵੀਡੀਓ ਰਿਕਾਰਡਿੰਗ ਦੇ ਨਾਲ-ਨਾਲ ਟੀ. ਵੀ. ਚੈਨਲ ਅਤੇ ਫ਼ਿਲਮਾਂ ਨੂੰ ਵੇਖਣ ਵਾਸਤੇ ਭਰਪੂਰ ਫੀਚਰ ਦਿੱਤੇ ਗਏ ਹਨ।

ਸਮਾਰਟ ਫੋਨ ਵਰਤੋਂਕਾਰ ਕਿਸੇ ਪੱਤਰਕਾਰ ਤੋਂ ਘੱਟ ਨਹੀਂ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕੋਈ ਘਟਨਾ ਵਾਪਰ ਜਾਵੇ ਤਾਂ ਸਭ ਤੋਂ ਪਹਿਲਾਂ ਉਸ ਦੀ ਖ਼ਬਰ/ਤਸਵੀਰ ਲੋਕਾਂ ਕੋਲ ਇੰਟਰਨੈੱਟ ਰਾਹੀਂ ਸਿੱਧੀ ਹੀ ਵੱਟਸ ਐਪ, ਫੇਸਬੁੱਕ, ਟਵਿੱਟਰ, ਈ-ਮੇਲ ਆਦਿ ਰਾਹੀਂ ਪਹੁੰਚ ਜਾਂਦੀ ਹੈ। ਇਸ ਨਵੇਂ ਮੀਡੀਆ ਨੇ ਸਾਡੇ ਟੀ.ਵੀ ਚੈਨਲਾਂ, ਰੇਡੀਓ, ਅਖ਼ਬਾਰਾਂ ਨੂੰ ਕਿਤੇ ਪਿੱਛੇ ਛੱਡ ਦਿੱਤਾ ਹੈ। ਸ਼ਾਇਦ ਇਸੇ ਕਾਰਨ ਹੀ ਟੀ. ਵੀ. ਚੈਨਲਾਂ ਅਤੇ ਵੱਡੇ ਅਖ਼ਬਾਰਾਂ ਨੇ ਨਾਗਰਿਕ ਪੱਤਰਕਾਰੀ ਦੀ ਸ਼ੁਰੂਆਤ ਕਰ ਦਿੱਤੀ ਹੈ।

ਅੱਜ ਮੋਬਾਈਲ ਉੱਪਰ ਨਿਰਭਰਤਾ ਏਨੀ ਵਧ ਗਈ ਹੈ ਕਿ ਜੇ ਕਿਸੇ ਦਿਨ ਫੋਨ ਘਰ ਰਹਿ ਜਾਵੇ ਤਾਂ ਸਮਾਂ ਲੰਘਉਣਾ ਮੁਸ਼ਕਲ ਹੋ ਜਾਂਦਾ ਹੈ। ਤੁਸੀਂ ਆਪਣੇ ਆਲ਼ੇ-ਦੁਆਲ਼ੇ ਸੜਕ ਉੱਪਰ ਅਕਸਰ ਦੇਖਦੇ ਹੋ ਕਿ ਕੋਈ ਨਾ ਕੋਈ ਮੁੰਡਾ-ਕੁੜੀ ਟੇਢੀ ਗਰਦਨ ਕਰ ਕੇ ਸਕੂਟਰ/ਮੋਟਰ ਸਾਈਕਲ ਚਲਾ ਰਿਹਾ ਹੁੰਦਾ ਹੈ ਧਿਆਨ ਨਾਲ ਦੇਖਣ 'ਤੇ ਹੀ ਪਤਾ ਲਗਦਾ ਹੈ ਕਿ ਉਹ ਤਾਂ ਮੋਬਾਈਲ ਫੋਨ 'ਤੇ ਗੱਲਾਂ ਕਰ ਰਿਹਾ ਹੈ। ਸਾਰਾ ਦਿਨ ਚੈਟਿੰਗ, ਗਾਣੇ, ਵੀਡੀਓ, ਮੈਸੇਜ, ਚੁਟਕਲੇ, ਕਾਰਟੂਨ, ਵੀਡੀਓ ਪ੍ਰਾਪਤ ਕਰਨ ਅਤੇ ਭੇਜਣ ਵਿੱਚ ਹੀ ਸਾਡਾ ਨੌਜਵਾਨ ਤਾਂ ਕੀ ਅੱਧਖੜ ਉਮਰ ਵਾਲੇ ਵੀ ਘੱਟ ਨਹੀਂ। ਏ.ਸੀ. ਨੀਲਸਨ ਦੀ ਸਮਾਜਿਕ ਮੀਡੀਆ ਰਿਪੋਰਟ 2012 ਅਨੁਸਾਰ ਦੇਸ਼ ਵਿੱਚ 82 ਫ਼ੀਸਦੀ ਕਾਲਜ ਦੇ ਵਿਦਿਆਰਥੀ ਸਮਾਜਿਕ ਮੀਡੀਆ ਦੇ ਵਰਤੋਂਕਾਰ ਹਨ। ਭਾਰਤ ਵਾਸੀ ਔਸਤਨ ਲਗਪਗ 30 ਮਿੰਟ ਹਰ ਰੋਜ਼ ਸਮਾਜਿਕ ਮੀਡੀਆ ਦੀ ਵਰਤੋਂ ਕਰਦੇ ਹਨ। ਸਮਾਰਟ ਫੋਨ ਕਾਰਨ ਮੀਡੀਆ ਦੀ ਵਰਤੋਂ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਅੱਜ ਮਹਿੰਗੇ ਤੋਂ ਮਹਿੰਗਾ ਫੋਨ ਰੱਖਣਾ ਸਟੇਟਸ ਦੀ ਨਿਸ਼ਾਨੀ ਬਣਦਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਮਹਿੰਗੇ ਫੋਨ ਰੱਖਣ ਦੇ ਸ਼ੌਕ ਨੇ ਮਾਪਿਆਂ ਲਈ ਕਈ ਪਰੇਸ਼ਾਨੀਆਂ ਪੈਦਾ ਕਰ ਦਿੱਤੀਆਂ ਹਨ। ਮਾਪੇ ਅੱਜ ਬੱਚਿਆਂ ਅੱਗੇ ਬੇਵੱਸ ਦਿਖਾਈ ਦੇ ਰਹੇ ਹਨ। ਸਮਾਰਟ ਫੋਨ ਨੇ ਅਧਿਆਪਕ ਦੀ ਮਹੱਤਤਾ ਘਟਾ ਦਿੱਤੀ ਹੈ। ਵਿਦਿਆਰਥੀ ਹਰੇਕ ਸਵਾਲ ਦੇ ਜਵਾਬ ਵਿੱਚ ਜਿੱਥੇ ਕੁਝ ਸਾਲ ਪਹਿਲਾਂ ਅਧਿਆਪਕ ਉੱਪਰ ਨਿਰਭਰ ਰਹਿੰਦੇ ਸਨ, ਹੁਣ ਉਨ੍ਹਾਂ ਦਾ ਅਧਿਆਪਕ ਸਮਾਰਟ ਫੋਨ ਬਣ ਗਿਆ ਹੈ। ਸਮਾਰਟ ਫੋਨ ਕੁਝ ਸੈਕਿੰਟਾਂ ਵਿੱਚ ਹੀ ਉਨ੍ਹਾਂ ਦੇ ਹਰ ਸੁਆਲਾਂ ਦੇ ਜਵਾਬ ਦੇ ਦਿੰਦਾ ਹੈ। ਹਰੇਕ ਵਿਸ਼ੇ ਦੇ ਵਿਦਿਆਰਥੀਆਂ ਨੂੰ ਇੰਟਰਨੈੱਟ ਰਾਹੀਂ ਪੜ੍ਹਨ ਲਈ ਨੋਟਿਸ ਮਿਲ ਜਾਂਦੇ ਹਨ। ਹੁਣ ਵਿਦਿਆਰਥੀ ਦਾ ਧਿਆਨ ਕਲਾਸ ਰੂਮ ਵਿੱਚ ਅਧਿਆਪਕ ਵੱਲ ਘੱਟ ਅਤੇ ਸਮਾਰਟ ਫੋਨ ਵੱਲ ਵਧੇਰੇ ਹੁੰਦਾ ਹੈ। ਇਹੀ ਹਾਲ ਕਿਤਾਬਾਂ ਦਾ ਹੋ ਰਿਹਾ ਹੈ। ਕਿਤਾਬ ਜਦੋਂ ਮਾਰਕੀਟ ਵਿੱਚ ਪਹੁੰਚਦੀ ਹੈ ਤਾਂ ਉਸ ਵਿਚਲੀ ਜਾਣਕਾਰੀ ਕਾਫ਼ੀ ਪੁਰਾਣੀ ਹੋ ਚੁੱਕੀ ਹੁੰਦੀ ਹੈ। ਅੱਜ ਅਧਿਆਪਕ ਵੀ ਆਪਣੇ ਵਿਸ਼ੇ ਨਾਲ ਸਬੰਧਤ ਨਵੀਂ ਜਾਣਕਾਰੀ ਲਈ ਇੰਟਰਨੈੱਟ ਉੱਪਰ ਨਿਰਭਰ ਹੈ। ਹਰੇਕ ਕਿਸਮ ਦੀ ਜਾਣਕਾਰੀ ਦਾ ਸਰੋਤ ਚਾਹੇ ਉਹ ਅਧਿਆਪਕ ਹੈ ਜਾਂ ਵਿਦਿਆਰਥੀ ਸਮਾਰਟ ਫੋਨ 'ਤੇ ਹੀ ਨਿਰਭਰ ਹੁੰਦਾ ਜਾ ਰਿਹਾ ਹੈ। ਅੱਜ ਦੀ ਇੰਟਰਨੈੱਟ ਦੁਨੀਆਂ ਨੇ ਅਧਿਆਪਕ ਨੂੰ ਉਸ ਦੀ ਭੂਮਿਕਾ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਸਮਾਰਟ ਫੋਨ 'ਤੇ ਵਿਸ਼ਵ ਦਾ ਹਰ ਐਨਸਾਈਕਲੋਪੀਡੀਆ ਉਪਲਬਧ ਹੈ। ਵਿਦਿਆਰਥੀ ਨੇ ਕੋਈ ਮਾਡਲ ਸਮਝਣਾ ਹੋਵੇ, ਘਰੇਲੂ ਸੁਆਣੀ ਨੇ ਕੋਈ ਡਿਸ਼ ਬਣਾਉਣੀ ਹੋਵੇ, ਕਿਸੇ ਮਰੀਜ਼ ਨੇ ਦਵਾਈਆਂ ਦੇ ਨਾਂਹ-ਪੱਖੀ ਪ੍ਰਭਾਵ ਵੇਖਣੇ ਹੋਣ, ਕਿਸੇ ਨੇ ਕੋਈ ਚੀਜ਼ ਖ਼ਰੀਦਣੀ ਹੋਵੇ, ਰੇਲ ਟਿਕਟ, ਜਹਾਜ਼ ਦੀ ਟਿਕਟ ਜਾਂ ਕਿਸੇ ਵੱਡੇ ਸ਼ਹਿਰ ਵਿੱਚ ਕਿਸੇ ਦੇ ਘਰ ਦਾ ਰਸਤਾ ਲੱਭਣਾ ਹੋਵੇ ਇਹ ਸਮਾਰਟ ਫੋਨ ਹਰ ਜ਼ਰੂਰਤ ਸੈਕਿੰਟਾਂ 'ਚ ਪੂਰੀ ਕਰਦਾ ਹੈ। ਇਸ ਨਵੀਂ ਤਕਨਾਲੋਜੀ ਨੇ ਸੋਸ਼ਲ ਮੀਡੀਆ ਰਾਹੀਂ ਦੁਨੀਆ ਭਰ ਦੇ ਪੰਜਾਬੀਆਂ ਨੂੰ ਇੱਕ ਪਰਿਵਾਰ ਵਾਂਗ ਨੇੜੇ ਲਿਆ ਦਿੱਤਾ ਹੈ। ਅੱਜ ਬਹੁਤ ਸਾਰੀਆਂ ਪੰਜਾਬੀ ਵੈੱਬ-ਸਾਈਟਸ ਹਨ, ਜਿਨ੍ਹਾਂ 'ਤੇ ਪੰਜਾਬੀ ਸਿੱਖਣ ਤੋਂ ਲੈ ਕੇ ਪੰਜਾਬੀ ਸਭਿਆਚਾਰ, ਧਰਮ, ਇਤਿਹਾਸ, ਫਿਲਾਸਫੀ ਆਦਿ ਹਰ ਕਿਸਮ ਦੇ ਵਿਸ਼ੇ ਨਾਲ ਸਬੰਧਤ ਸਾਫਟਵੇਅਰ/ ਐਪਲੀਕੇਸ਼ਨਜ਼ ਮੋਬਾਇਲ 'ਤੇ ਉਪਲਬਧ ਹਨ। ਪੂਰੇ ਵਿਸ਼ਵ ਵਿੱਚ ਵਸੇ 12 ਕਰੋੜ ਦੇ ਕਰੀਬ ਪੰਜਾਬੀਆਂ ਨੂੰ ਇਸ ਨਵੇਂ ਮੀਡੀਆ ਨੇ ਇੱਕ ਜੁਟ ਕਰ ਦਿੱਤਾ ਹੈ। ਕਿਸ ਮੁਲਕ ਵਿੱਚ ਪੰਜਾਬੀ ਕੀ ਮੱਲਾਂ ਮਾਰ ਰਹੇ ਹਨ,



ਉਨ੍ਹਾਂ ਦੇ ਮੌਜੂਦਾ ਹਾਲਤ ਨੂੰ ਜਾਣਨਾ ਹੁਣ ਸੈਕਿੰਟਾਂ ਦੀ ਖੇਡ ਬਣ ਗਈ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੀ ਵੈੱਬਸਾਈਟ 'ਪੰਜਾਬੀ ਪੀਡੀਆ' ਰਾਹੀਂ ਪੰਜਾਬੀ ਭਾਸ਼ਾ ਵਿੱਚ ਹਰ ਕਿਸਮ ਦੀ ਸਮਗਰੀ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਭਾਸ਼ਾ ਵਿੱਚ ਹਰੇਕ ਕਿਸਮ ਦੀ ਸਮੱਗਰੀ ਨੂੰ ਵਿਸ਼ਵਕੋਸ਼ ਦੀ ਤਰ੍ਹਾਂ ਪੰਜਾਬੀਆਂ ਨੂੰ ਮੁਹੱਈਆ ਕਰਵਾਉਣਾ ਬਹੁਤ ਹੀ ਵੱਡਾ ਅਤੇ ਸ਼ਲਾਘਾਯੋਗ ਕਦਮ ਹੈ। ਨਵੇਂ ਮੀਡੀਆ ਨੇ ਜਿੱਥੇ ਸਮਾਜ ਨੂੰ ਬਹੁਤ ਕੁਝ ਦਿੱਤਾ ਹੈ, ਉੱਥੇ ਇਸ ਨੇ ਸਮਾਜ ਲਈ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਪੈਦਾ ਕਰਨ ਦੇ ਨਾਲ ਮਨੁੱਖ ਦੀ ਸਿਰਦਰਦੀ ਵੀ ਵਧਾ ਦਿੱਤੀ ਹੈ। ਮਿਸਾਲ ਦੇ ਤੌਰ 'ਤੇ ਜੇਕਰ ਕੋਈ ਮਰੀਜ਼ ਆਪਣੀ ਮਰਜ਼ ਬਾਰੇ ਦਵਾਈਆਂ ਦੇ ਸਾਈਡ ਇਫੈਕਟਸ ਨੈੱਟ ਉੱਪਰ ਵੇਖਦਾ ਹੈ ਤਾਂ ਉਹ ਇੱਕ ਨਵੇਂ ਵਹਿਮ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਉਹ ਦਵਾਈ ਖਾਵੇ ਜਾਂ ਨਾ ਠੀਕ ਹੋਣ ਦੀ ਬਜਾਇ ਉਹ ਨਵੀਂ ਬੀਮਾਰੀ ਸਹੇੜ ਲੈਂਦਾ ਹੈ। ਅਮਰੀਕੀ ਲੇਖਕ ਨਿਕੋਲਸ ਨੇ ਕਿਹਾ ਹੈ ਕਿ ਜਿੱਥੇ ਇੰਟਰਨੈੱਟ ਸਾਡੀ ਤੇਜ਼ੀ ਨਾਲ ਪੜ੍ਹਨ ਅਤੇ ਪਰਖਣ ਦੀ ਸਮਰੱਥਾ ਵਧਾਉਂਦਾ ਹੈ, ਉੱਥੇ ਧਿਆਨਬੱਧ ਅਤੇ ਇੱਕ ਚਿੱਤ ਹੋਣ ਦੀ ਸਾਡੀ ਬੌਧਿਕ ਸਮਰੱਥਾ ਨੂੰ ਘੱਟ ਵੀ ਕਰਦਾ ਹੈ। ਮੋਬਾਈਲ ਦੀ ਵਰਤੋਂ ਨੇ ਸਾਡੀਆਂ ਚੰਗੀਆਂ ਆਦਤਾਂ ਨੂੰ ਵੀ ਵਿਗਾੜ ਕੇ ਰੱਖ ਦਿੱਤਾ ਹੈ। ਮਿਸਾਲ ਦੇ ਤੌਰ 'ਤੇ ਜਦੋਂ ਮੋਬਾਈਲ ਫੋਨ ਨਹੀਂ ਸਨ ਤਾਂ ਸਾਡੀ ਯਾਦ ਸ਼ਕਤੀ ਏਨੀ ਕੁ ਤੇਜ਼ ਸੀ ਕਿ ਅਸੀਂ ਆਪਣੇ ਦੋਸਤਾਂ/ਰਿਸ਼ਤੇਦਾਰਾਂ ਦੇ ਫੋਨ ਨੰਬਰ ਮੂੰਹ ਜ਼ਬਾਨੀ ਯਾਦ ਰੱਖਦੇ ਸੀ ਪਰ ਹੁਣ ਮੋਬਾਈਲ ਇੰਟਰਨੈੱਟ 'ਤੇ ਵਧੇਰੇ ਨਿਰਭਰ ਹੋਣ ਕਰਕੇ ਸਾਨੂੰ ਆਪਣਾ ਵੀ ਮੋਬਾਈਲ ਨੰਬਰ ਵੀ ਭੁੱਲ ਗਿਆ ਹੈ। ਹਰੇਕ ਕਿਸਮ ਦੀ ਜਾਣਕਾਰੀ ਲਈ ਅਸੀਂ ਮੋਬਾਇਲ ਉੱਪਰ ਨਿਰਭਰ ਹੋ ਗਏ ਹਾਂ। ਅਸੀਂ ਕੁਝ ਵੀ ਯਾਦ ਰੱਖਣ ਦੀ ਲੋੜ ਨਹੀਂ ਸਮਝਦੇ। ਇੰਟਰਨੈੱਟ 'ਤੇ ਨਿਰਭਰ ਹੋਣ ਕਾਰਨ ਯਾਦ ਸ਼ਕਤੀ ਦੇ ਕਮਜ਼ੋਰ ਹੋਣ ਦੀ ਪੁਸ਼ਟੀ ਅਮਰੀਕੀ ਲੇਖਕ ਨਿਕੋਲਸ ਨੇ ਵੀ ਕੀਤੀ ਹੈ।

ਸਮਾਰਟ ਫ਼ੋਨ/ਆਈ ਪੈਡ ਬਗੈਰਾ ਦੀ ਵਰਤੋਂ ਨੇ ਸਾਡੀ ਪਰੰਪਰਾਗਤ ਕਿਤਾਬਾਂ/ ਮੈਗਜ਼ੀਨ ਪੜ੍ਹਨ ਦੀ ਆਦਤ ਨੂੰ ਵੀ ਢਾਹ ਲਾਈ ਹੈ। 2008 ਵਿੱਚ ਇੱਕ ਅਮਰੀਕਨ ਮੈਗਜ਼ੀਨ 'ਦ ਐਟਲਾਂਟਿਕ' ਵਿੱਚ ਪ੍ਰਕਾਸ਼ਤ ਇੱਕ ਲੇਖ ਵਿੱਚ ਉਕਤ ਗੱਲ ਦੀ ਪੁਸ਼ਟੀ ਕੀਤੀ ਗਈ ਹੈ। ਇੰਟਰਨੈੱਟ 'ਤੇ ਸੰਖੇਪ ਵਿੱਚ ਹੀ ਪੜ੍ਹਿਆ ਜਾ ਸਕਦਾ ਹੈ। ਲਗਾਤਾਰ ਵਿਸ਼ੇ ਉੱਪਰ ਧਿਆਨ ਕੇਂਦਰਤ ਕਰਨਾ ਮੁਸ਼ਕਲ ਹੈ। ਇਸ ਤੋਂ ਇਲਾਵਾ ਦਫ਼ਤਰਾਂ/ਫੈਕਟਰੀਆਂ ਦੇ ਕੰਮ-ਕਾਜ ਨੂੰ ਵੀ ਇਸ ਨਵੀਂ ਤਕਨਾਲੋਜੀ ਨੇ ਪ੍ਰਭਾਵਿਤ ਕੀਤਾ ਹੈ। ਅੱਜ ਤਕਰੀਬਨ ਸਾਰੇ ਦਫ਼ਤਰਾਂ/ ਫੈਕਟਰੀਆਂ ਵਿੱਚ ਸਮਾਜਿਕ ਸੋਸ਼ਲ ਨੈੱਟਵਰਕਿੰਗ ਵੈੱਬਸਾਈਟਸ ਉੱਪਰ ਰੋਕ ਲਾ ਦਿੱਤੀ ਗਈ ਹੈ। ਇੰਟਰਨੈੱਟ ਦੀ ਵਰਤੋਂ ਦੀ ਆਦਤ ਨੇ ਉਤਪਾਦਨ ਸਮਰੱਥਾ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕੰਪਿਊਟਰ/ ਮੋਬਾਇਲ ਫੋਨ ਦੀ ਵਰਤੋਂ ਨੇ ਸਾਡੀ ਰਵਾਇਤੀ ਸੁੰਦਰ ਲਿਖਣ ਦੀ ਆਦਤ ਨੂੰ ਵੀ ਖ਼ਤਮ ਕਰ ਦਿੱਤਾ ਹੈ। ਬੱਚੇ ਲਿਖਣ ਦੀ ਆਦਤ ਤੋਂ ਦੂਰ ਹੁੰਦੇ ਜਾ ਰਹੇ ਹਨ ਕਿਉਂਕਿ ਬਚਪਨ ਤੋਂ ਹੀ ਬੱਚਿਆਂ ਨੂੰ ਕੰਪਿਊਟਰ ਸਿਖਾਉਣ ਦੀ ਰਵਾਇਤ ਸ਼ੁਰੂ ਹੋ ਗਈ ਹੈ। ਬੱਚੇ ਲਿਖਣ ਦੀ ਜਾਚ ਭੁਲਦੇ ਜਾ ਰਹੇ ਹਨ। ਸਾਰਾ ਕੁਝ ਕੀ-ਪੈਡ, ਟੱਚ ਸਕਰੀਨ ਅਤੇ ਮਾਊਸ ਰਾਹੀਂ ਕਰਨ ਦੀ ਆਦਤ ਪੈਂਦੀ ਜਾ ਰਹੀ ਹੈ। ਸਾਡੀ ਸਿਰਜਣਾਤਮਕ ਸੋਚ ਖ਼ਤਮ ਹੁੰਦੀ ਜਾ ਰਹੀ ਹੈ।

ਅੱਜ ਲਗਪਗ ਹਰੇਕ ਘਰ ਦੇ ਵਿੱਚ ਅੱਧੀ-ਅੱਧੀ ਰਾਤ ਤਕ ਆਪੋ-ਆਪਣੇ ਕਮਰਿਆਂ ਵਿੱਚ ਬੱਚੇ ਸਮਾਰਟ ਫੋਨ ਨਾਲ ਚਿੰਬੜੇ ਨਜ਼ਰ ਆਉਂਦੇ ਹਨ। ਮਾਵਾਂ ਚਾਹ, ਰੋਟੀ ਆਦਿ ਲਈ ਅਵਾਜ਼ਾਂ ਮਾਰਦੀਆਂ ਅਤੇ ਕਲਪਦੀਆਂ ਵੇਖੀਆਂ ਜਾ ਸਕਦੀਆਂ ਹਨ। ਬੱਚੇ ਇੰਟਰਨੈੱਟ/ ਫੇਸਬੁੱਕ/ਵਟਸ ਐਪ ਦੇ ਏਨੇ ਆਦੀ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਮਾਂ ਬਾਪ ਦੀ ਕੋਈ ਗੱਲ ਛੇਤੀ ਕਿਤੇ ਸੁਣਾਈ ਨਹੀਂ ਦਿੰਦੀ। ਬੱਚਿਆਂ ਦੀਆਂ ਅਜਿਹੀਆਂ ਆਦਤਾਂ ਨੇ ਕਈ ਕਿਸਮ ਦੀਆਂ ਸਿਹਤ ਸਮੱਸਿਆਵਾਂ ਵੀ ਪੈਦਾ ਕਰ ਦਿੱਤੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਵਿਦਿਆਰਥੀਆਂ ਉੱਤੇ ਕੀਤੇ ਗਏ ਸਰਵੇਖਣ ਤੋਂ ਵੀ ਉਕਤ ਗੱਲ ਦੀ ਪੁਸ਼ਟੀ ਹੁੰਦੀ ਹੈ ਅਤੇ 80 ਫ਼ੀਸਦੀ ਵਿਦਿਆਰਥੀਆਂ ਨੇ ਮੰਨਿਆ ਹੈ ਕਿ ਉਹ ਹਰ ਰੋਜ਼ ਰਾਤ ਇੱਕ ਵਜੇ ਤਕ ਮੋਬਾਈਲ ਉੱਪਰ ਚੈਟਿੰਗ, ਤਸਵੀਰਾਂ ਤੇ ਵੀਡੀਓ ਦਾ ਆਦਾਨ-ਪ੍ਰਦਾਨ ਕਰਦੇ ਹਨ। 70 ਫ਼ੀਸਦੀ ਵਿਦਿਆਰਥੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ ਸਵੇਰੇ ਉੱਠਣ ਵਿੱਚ ਦਿੱਕਤ ਆਉਂਦੀ ਹੈ ਤੇ ਉਹ ਅਕਸਰ ਕਲਾਸ ਰੂਮ ਵਿੱਚ ਦੇਰੀ ਨਾਲ ਪਹੁੰਚਦੇ ਹਨ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਇਸ ਦੀ ਸੁਚੱਜੀ ਵਰਤੋਂ ਜਿੱਥੇ ਸਮਾਜ ਲਈ ਵਰਦਾਨ ਸਾਬਤ ਹੋਈ ਹੈ, ਉੱਥੇ ਇਸ ਦੀ ਦੁਰਵਰਤੋਂ ਸਮਾਜ ਲਈ ਨਿੱਤ-ਨਵੀਆਂ ਪਰੇਸ਼ਾਨੀਆ ਵੀ ਪੈਦਾ ਕਰ ਰਹੀ ਹੈ।



# ਭਾਈਚਾਰਕ ਸਾਂਝਾਂ ਨੂੰ ਬਣਾਈ ਰੱਖਣ ਲਈ ਆਪਣੀ ਮਾਂ ਬੋਲੀ ਪੰਜਾਬੀ ਨੂੰ ਜਿਉਂਦਾ ਰੱਖਣਾ ਬੇਹੱਦ ਜਰੂਰੀ

ਬਘੇਲ ਸਿੰਘ ਧਾਲੀਵਾਲ
99142-58142

ਪਿਛਲੇ ਲੰਮੇ ਸਮੇ ਤੋ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਲਈ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਪੰਜਾਬੀ ਭਾਸ਼ਾ ਦਾ ਦੁਖਾਂਤ ਇਹ ਰਿਹਾ ਹੈ ਕਿ ਪੰਜਾਬ ਵਿੱਚ ਪੰਜਾਬੀ ਬੋਲਣ ਵਾਲੇ ਹਿੰਦੂ ਭਾਈਚਾਰੇ ਨੇ 1961 ਦੀ ਮਰਦਮ ਸੁਮਾਰੀ ਵਿੱਚ ਅਪਣੀ ਮਾਤ ਭਾਸ਼ਾ ਪੰਜਾਬੀ ਨਹੀ ਬਲਕਿ ਹਿੰਦੀ ਲਿਖਾਈ ਸੀ। ਕਿਉਕਿ 1957 ਵਿੱਚ ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਉਠਾਈ ਸੀ। ਪੰਜਾਬੀ ਭਾਸ਼ਾ ਦੇ ਅਧਾਰ ਤੇ ਬਣਨ ਵਾਲੇ ਸੂਬੇ ਵਿੱਚੋ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਕੇ ਪੰਜਾਬ ਨੂੰ ਅਪਾਹਜ ਬਨਾਉਣ ਲਈ ਕੇਂਦਰੀ ਤਾਕਤਾਂ ਨੇ ਪੰਜਾਬ ਦੇ ਹਿੰਦੂਆਂ ਨੂੰ ਮੋਹਰੇ ਵਜੋ ਵਰਤਿਆ ਸੀ। ਉਸ ਮੌਕੇ ਪੰਜਾਬ ਦੇ ਬਹੁ ਗਿਣਤੀ ਹਿੰਦੂ ਭਾਈਚਾਰੇ ਨੇ ਅਪਣੀ ਮਾਤਭਾਸ਼ਾ ਪੰਜਾਬੀ ਨੂੰ ਤਿਲਾਂਜਲੀ ਦੇ ਕੇ ਹਿੰਦੀ ਨੂੰ ਤਰਜੀਹ ਦੇਣ ਦੀ ਵੱਡੀ ਗੁਸ਼ਤਾਖੀ ਕੀਤੀ ਸੀ।ਇਹੋ ਕਾਰਨ ਹੈ ਕਿ ਪੰਜਾਬ ਦਾ ਪੰਜਾਬੀ ਬੋਲਦਾ ਬਹੁਤ ਵੱਡਾ ਹਿੱਸਾ ਪੰਜਾਬ ਤੋਂ ਬਾਹਰ ਕਰ ਦਿੱਤਾ। ਹਰਿਆਣਾ ਵਿੱਚ ਸ਼ਾਮਲ ਕੀਤੇ ਗਏ ਅੰਬਾਲਾ , ਜਮੁਨਾ ਨਗਰ ਤੋ ਲੈ ਕੇ ਰਾਜਸਥਾਨ ਹਨੂਮਾਨਗੜ, ਗੰਗਾ ਨਗਰ ਤੱਕ ਦੇ ਇਲਾਕੇ ਪੰਜਾਬ ਤੋਂ ਹਮੇਸਾਂ ਲਈ ਦੂਰ ਕਰ ਦਿੱਤੇ। ਪੰਜਾਬ ਦੀ ਖੂਬਸੂਰਤੀ ਨੂੰ ਹੋਰ ਵੀ ਚਾਰਚੰਨ ਲਾਉਣ ਵਾਲੇ ਪਹਾੜੀ ਇਲਾਕੇ ਵੀ ਜਾਣਬੁੱਝ ਕੇ ਪੰਜਾਬ ਚੋ ਬਾਹਰ ਕਰਕੇ ਨਵੇਂ ਸੂਬੇ ਹਿਮਾਚਲ ਪਰਦੇਸ਼ ਵਿੱਚ ਸ਼ਾਮਲ ਕਰ ਦਿੱਤੇ ਗਏ ਤਾਂ ਕਿ ਪੰਜਾਬ ਨੂੰ ਇੱਕ ਤੀਰ ਨਾਲ ਦੋ ਦੋ ਨਿਸਾਨੇ ਲਾ ਕੇ ਫੁੰਡਿਆ ਜਾ ਸਕੇ। ਜਿੱਥੇ ਭਾਖੜਾ ਵਾਲਾ ਪੰਜਾਬੀ ਬੋਲਦਾ ਇਲਾਕਾ ਪੰਜਾਬ ਚੋ ਬਾਹਰ ਰੱਖ ਕੇ ਸੂਬੇ ਦੀਆਂ ਹੱਦਾਂ ਨੂੰ ਬੇਹੱਦ ਹੀ ਸੀਮਤ ਦਾਇਰੇ ਵਿੱਚ ਕਰਕੇ ਕਮਜੋਰ ਕਰਨ ਦੀ ਗਹਿਰੀ ਚਾਲ ਖੇਡੀ ਗਈ, ਓਥੇ ਪੰਜਾਬ ਦੇ ਪਾਣੀਆਂ ਤੋ ਮੁਫਤ ਵਿੱਚ ਤਿਆਰ ਹੁੰਦੇ ਉਤਮ ਬਿਜਲਈ ਸਰੋਤਾਂ ਨੂੰ ਖੋਹਣ ਦੀ ਸਾਜਿਸ਼ ਵੀ ਕੇਂਦਰੀ ਹਾਕਮਾਂ ਨੇ ਘੜੀ ਹੋਈ ਸੀ। ਬਹੁਤ ਦੁਖ ਵਾਲੀਆਂ ਗੱਲਾਂ ਤਾਂ ਇਹ ਹਨ ਕਿ ਪੰਜਾਬੀ ਸੂਬਾ ਲੈ ਕੇ ਰਾਜ ਭਾਗ ਸਾਂਭਣ ਦੇ ਚਾਅ ਵਿੱਚ ਅਕਾਲੀਆਂ ਨੇ ਇਸ ਪੱਖ ਤੇ ਇਮਾਨਦਾਰੀ ਨਾਲ ਗੌਰ ਕਰਨ ਦੀ ਵਜਾਏ, ਇਸ ਬੇਹੱਦ ਗੰਭੀਰ ਮਸਲੇ ਨੂੰ ਸਿਆਸਤ ਕਰਕੇ ਰੋਟੀਆਂ ਸੇਕਣ ਦਾ ਜ਼ਰੀਆ ਬਣਾ ਲਿਆ।ਇਸ ਤੋ ਵੀ ਖਤਰਨਾਕ ਤੇ ਸ਼ਰਮਨਾਕ ਗੱਲ ਇਹ ਹੈ ਕਿ ਮਹਾਂ ਪੰਜਾਬ ਤੋਂ ਲੰਗੜੀ ਸੂਬੀ ਤੱਕ ਸਿਮਟਣ ਵਾਲਿਆਂ ਨੇ ਇਸ ਪੰਜਾਬੀ ਸੂਬੀ ਨੂੰ ਵੀ ਸਾਂਭਣ ਵੱਲ ਧਿਆਨ ਨਹੀ ਦਿੱਤਾ, ਜਦੋ ਕਿ ਕੇਂਦਰੀ ਤਾਕਤਾਂ ਪੰਜਾਬ ਦੇ ਨਾਮ ਤੱਕ ਤੋ ਵੀ ਡਰਦੀਆਂ ਹੋਣ ਕਾਰਨ ਕਦੇ ਵੀ ਪੰਜਾਬ ਵਾਲੇ ਪਾਸੇ ਧਿਆਨ ਦੇਣ ਤੋ ਅਵੇਸਲੀਆਂ ਨਹੀ ਹੋਈਆਂ। ਉਹਨਾਂ ਨੇ ਪੰਜਾਬ ਨੂੰ ਬਰਬਾਦ ਕਰਨ ਦਾ ਕੋਈ ਵੀ ਮੌਕਾ ਖੁੰਜਣ ਨਹੀ ਦਿੱਤਾ, ਬਲਕਿ ਨਵੀਆਂ ਨਵੀਆਂ ਸਾਜਿਆ ਪੰਜਾਬ ਨੂੰ ਬਰਬਾਦ ਕਰਨ ਲਈ ਵਰਤੀਆਂ ਜਾਂਦੀਆਂ ਰਹੀਆਂ ਹਨ ਅਤੇ ਜਾ ਰਹੀਆਂ ਹਨ।ਪੰਜਾਬ ਵਿੱਚ ਰਾਜ ਕਰਨ ਵਾਲੀ ਕਿਸੇ ਵੀ ਧਿਰ ਨੇ ਕਦੇ ਵੀ ਭਾਂਵੇਂ ਉਹ ਅਕਾਲੀ ਹੋਣ ਜਾਂ ਕਾਂਗਰਸੀ, ਪੰਜਾਬੀ ਭਾਸ਼ਾ ਦੇ ਭਲੇ ਲਈ ਕੋਈ ਚਾਰਾਜੋਈ ਨਹੀ ਕੀਤੀ। ਭਾਵੇ ਸਰੋਮਣੀ ਅਕਾਲੀ ਦਲ ਦੀ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਰਾਜਭਾਸ਼ਾ ਬਨਾਉਣ ਲਈ ਕਨੂੰਨ ਬਣਾਇਆ, ਪਰ ਉਹ ਕਨੂੰਨ ਵੀ ਫਾਇਲਾਂ ਤੋ ਬਾਹਰ ਨਾ ਨਿਕਲ ਸਕੇ। ਪੰਜਾਬ ਦੇ ਸਰਕਾਰੀ ਦਫਤਰਾਂ ਵਿੱਚ ਅੰਗਰੇਜੀ ਦਾ ਬੋਲਬਾਲਾ ਹੀ ਰਿਹਾ। ਸੂਬੇ ਦੀਆਂ ਅਦਾਲਤਾਂ ਵਿੱਚ ਸਭ ਤੋ ਵੱਧ ਅੰਗਰੇਜੀ ਭਾਸ਼ਾ ਵਿੱਚ ਕੰਮ ਹੁੰਦਾ ਹੈ ਜਿੱਥੇ ਪੰਜਾਬੀ ਭਾਸ਼ਾ ਦੀ ਇੱਕ ਚਪੜਾਸੀ ਜਿੰਨੀ ਵੀ ਕਦਰ ਨਹੀ। ਸਿਵਲ ਅਤੇ ਫੌਜਦਾਰੀ ਕੇਸਾਂ ਦੇ ਸਮੁੱਚੇ ਫੈਸਲੇ ਅੰਗਰੇਜੀ ਵਿੱਚ ਹੀ ਲਿਖੇ ਜਾਂਦੇ ਹਨ। ਪੱਛਮੀ ਸੱਭਿਆਚਾਰ ਦੀ ਹਨੇਰੀ ਨੇ ਵੀ ਪੰਜਾਬੀ ਭਾਸ਼ਾ ਦੇ ਨੁਕਸਾਨ ਵਿੱਚ ਵੱਡੀ ਭੂਮਿਕਾ ਅਦਾ ਕੀਤੀ ਹੈ। ਪੰਜਾਬ ਦੀ ਧਰਤੀ ਤੇ ਖੁੱਲੇ ਨਿੱਜੀ ਸਕੂਲਾਂ ਨੇ ਪੰਜਾਬੀ ਦਾ ਬੇੜਾ ਗਰਕ ਕਰ ਕੇ ਰੱਖ ਦਿੱਤਾ। ਪੰਜਾਬ ਦੀ ਸ਼ਰ ਜਮੀਨ ਤੇ ਬਣੇ ਇਹਨਾਂ ਪਬਲਿਕ ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਮਨਾਹੀ ਹੀ ਨਹੀ ਕੀਤੀ ਗਈ ਬਲਕਿ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨੇ ਤੱਕ ਕੀਤੇ ਜਾਂਦੇ ਹਨ, ਤਾਂ ਕਿ ਪੰਜਾਬੀ ਬੱਚੇ ਪੰਜਾਬੀ ਤੋ ਦੂਰੀ ਬਣਾ ਲੈਣ। ਵੱਡੇ ਦੁੱਖ ਦੀ ਗੱਲ ਇਹ ਵੀ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਤੋ ਮਾਨਤਾ ਪਰਾਪਤ ਬਹੁਤ ਸਾਰੇ ਅਜਿਹੇ ਨਿੱਜੀ ਸਕੂਲਾਂ ਦਾ ਵੀ ਮੀਡੀਅਮ ਪੰਜਾਬੀ ਨਹੀ ਬਲਕਿ ਅੰਗਰੇਜੀ ਜਾਂ ਹਿੰਦੀ ਹੁੰਦਾ ਹੈ, ਫਿਰ ਸੀ ਬੀ ਐਸ ਸੀ ਤੋ ਪੰਜਾਬੀ ਦੀ ਆਸ ਰੱਖਣੀ ਤਾ ਮੂਰਖਤਾ ਵਾਲੀ ਗੱਲ ਹੀ ਸਮਝ ਲੈਣੀ ਚਾਹੀਦੀ ਹੈ। ਹੋਰ ਕੋਈ ਵੀ ਭਾਸ਼ਾ ਪੜਾਈ ਜਾਵੇ, ਕਿੰਨੀਆਂ ਹੀ ਭਾਸ਼ਾਵਾਂ ਦਾ ਗਿਆਨ ਦਿੱਤਾ ਜਾਵੇ ਪਰ ਅਪਣੀ ਮਾਂ ਬੋਲੀ ਦੀ ਬਲੀ ਦੇਕੇ ਦੇ ਕੇ ਮਿਲਣ ਵਾਲਾ ਗਿਆਨ ਕਿਸੇ ਵੀ ਕੀਮਤ ਤੇ ਮਨਜੂਰ ਨਹੀ ਹੋਣਾ ਚਾਹੀਦਾ। ਅੱਜ ਹਾਲਾਤ ਇਹ ਬਣ ਗਏ ਹਨ ਕਿ ਪੰਜਾਬੀ ਬੱਚੇ ਘਰਾਂ ਵਿੱਚ ਵੀ ਬੜੀ ਸਾਂਨ ਨਾਲ ਹਿੰਦੀ ਬੋਲਦੇ ਹਨ ਜਾਂ ਅੰਗਰੇਜੀ, ਪਰ ਪੰਜਾਬੀ ਬੋਲਣ ਤੋ ਸੰਕੋਚ ਕੀਤਾ ਜਾਂਦਾ ਹੈ।ਇਹ ਕੌੜਾ ਸੱਚ ਹੈ ਕਿ ਪੰਜਾਬ ਦੇ ਸਹਿਰੀ ਹਿੰਦੂ ਭਾਈਚਾਰੇ ਨੇ ਤਾਂ ਅਪਣੇ ਘਰਾਂ ਚੋ ਪੱਕੇ ਤੌਰ ਤੇ ਪੰਜਾਬੀ ਨੂੰ ਬਾਹਰ ਕਰ ਦਿੱਤਾ ਹੈ, ਓਥੇ ਪੰਜਾਬੀ ਬੋਲਣੀ ਦੁਸ਼ਮਣ ਦੀ ਭਾਸ਼ਾ ਬੋਲਣ ਵਾਲੀ ਗੱਲ ਬਣ ਚੁੱਕੀ ਹੈ। ਸਾਡੇ ਪੇਂਡੂ ਬੱਚਿਆਂ ਵਿੱਚ ਇਹਨੂੰ ਅਨਪੜਾਂ ਦੀ ਭਾਸ਼ਾ ਕਹਿ ਕੇ ਪਰਚਾਰਿਆ ਜਾ ਰਿਹਾ ਹੈ ਤੇ ਪੰਜਾਬੀ ਬੋਲਣ ਵਾਲਿਆਂ ਨੂੰ ਅਨਪੜ, ਜਾਹਲ ਦਾ ਦਰਜਾ ਦਿੱਤਾ ਜਾ ਰਿਹਾ ਹੈ, ਜਿਸ ਕਰਕੇ ਅੰਗਰੇਜੀ ਜਾਂ ਹਿੰਦੀ ਬੋਲਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪੰਜਾਬੀ ਭਾਸ਼ਾ ਨਾਲ ਇਹ ਹੋ ਰਹੀ ਬੇ-



ਇਨਸਾਫੀ ਪਿੱਛੇ ਜਿਹੜਾ ਮੁੱਖ ਕਾਰਨ ਹੈ ਉਹ ਹੈ ਸਿੱਖ ਧਰਮ। ਸਿੱਖੀ ਦੀ ਬੁਨਿਆਦ ਗੁਰਮੁਖੀ ਭਾਵ ਪੰਜਾਬੀ ਹੈ। ਸਾਡਾ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾਂ ਪੰਜਾਬੀ ਵਿੱਚ ਹੋਣ ਕਰਕੇ ਇਹ ਭਾਸ਼ਾ ਸਿੱਖੀ ਦੇ ਖਾਤੇ ਪਾ ਦਿੱਤੀ ਗਈ ਹੈ ਤੇ ਇਸ ਖਿੱਤੇ ਵਿੱਚ ਰਹਿਣ ਵਾਲੇ ਗੈਰ ਸਿੱਖ ਭਾਵ ਹਿੰਦੂ ਭਾਈਚਾਰੇ ਨੇ ਬਹੁਤਾਤ ਵਿੱਚ ਪੰਜਾਬੀ ਤੋ ਕਿਨਾਰਾ ਕਰ ਲਿਆ ਹੈ। ਬੇਸ਼ੱਕ ਪੰਜਾਬ ਵਿੱਚੋ ਪੰਜਾਬੀ ਦਾ ਦਮ ਤੋੜਨਾ ਮਹਿਜ ਅੰਗਰੇਜੀ ਪਿੱਛੇ ਪੈਣ ਦੀ ਭੇਡਚਾਲ ਹੀ ਦਿਖਾਈ ਦਿੰਦੀ ਹੈ ਪਰ ਅਸਲ ਕਾਰਨ ਤਾਂ ਇਹ ਹੈ ਕਿ ਪੰਜਾਬੀ ਨੂੰ ਜਾਣ ਬੁੱਝ ਕੇ ਮਾਰਿਆ ਜਾ ਰਿਹਾ ਹੈ। ਪੰਜਾਬੀ ਨੂੰ ਮਾਰਨ ਦਾ ਮਤਲਬ ਹੈ ਸਿੱਖੀ ਨੂੰ ਖਤਮ ਕਰਨਾ। ਜਿੰਨੀ ਦੇਰ ਪੰਜਾਬੀ ਅਪਣੀ ਭਾਸ਼ਾ ਤੇ ਅਪਣੀ ਬੋਲੀ ਤੇ ਮਾਣ ਕਰਦੇ ਰਹੇ ਹਨ ਓਨੀ ਦੇਰ ਪੰਜਾਬੀਅਤ ਅਤੇ ਸਿੱਖੀ ਦੋਵੇਂ ਹੀ ਚੜਦੀ ਕਲਾ ਵਿੱਚ ਰਹੇ ਹਨ, ਪਰੰਤੂ ਜਦੋ ਤੋ ਪੰਜਾਬੀ ਦੀ ਦੁਰਦਸ਼ਾ ਸ਼ੁਰੂ ਹੋਈ ਹੈ ?ਸ ਸਮੇ ਤੋ ਪੰਜਾਬ, ਪੰਜਾਬੀਅਤ ਅਤੇ ਸਿੱਖੀ ਤਿੰਨੇ ਹੀ ਨਿਘਾਰ ਵੱਲ ਜਾ ਰਹੇ ਹਨ।ਕਦਰਾਂ ਕੀਮਤਾਂ ਖੁਰ ਰਹੀਆਂ ਹਨ। ਇਨਸਾਨੀਅਤ ਵੰਡੀ ਜਾ ਰਹੀ ਹੈ। ਭਾਈਚਾਰਾ ਤੋੜਿਆ ਜਾ ਰਿਹਾ ਹੈ। ਜੇਕਰ ਇੱਕ ਪੰਜਾਬੀ ਦੀ ਗੱਲ ਕਰਦਾ ਹੈ ਤਾਂ ਦੂਸਰਾ ਝੱਟ ਹਿੰਦੀ ਦੇ ਹੱਕ ਵਿੱਚ ਉੱਠ ਖੜਦਾ ਹੈ ਤੇ ਤੀਸਰਾ ਉਰਦੂ ਦੇ ਹੱਕ ਵਿੱਚ, ਜਦੋ ਕਿ ਹੋਣਾ ਇਹ ਚਾਹੀਦਾ ਸੀ ਕਿ ਭਾਸ਼ਾਵਾਂ ਬੇਸ਼ੱਕ ਸਾਰੀਆਂ ਹੀ ਸਿੱਖੀਆਂ ਜਾਂਦੀਆਂ ਪਰ ਮਾਤਭਾਸ਼ਾ ਤੋ ਕਿਸੇ ਦਾ ਵੀ ਮੋਹ ਭੰਗ ਨਹੀ ਸੀ ਹੋਣਾ ਚਾਹੀਦਾ ,ਇਸ ਪੰਜਾਬੀ ਵਿਰੋਧੀ ਪਰਵਿਰਤੀ ਨੇ ਪੰਜਾਬੀ ਭਾਈਚਾਰੇ ਨੂੰ ਤੋੜਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ ਹੈ। ਸੋ ਇਸ ਸਭ ਦੇ ਮੱਦੇਨਜਰ ਸਾਨੂੰ ਇਹ ਸੋਚ ਕੇ ਸਮਝ ਕੇ ਚੱਲਣਾ ਹੋਵੇਗਾ ਕਿ ਪੰਜਾਬੀ ਭਾਸ਼ਾ ਖਤਮ ਹੋਣ ਦਾ ਮਤਲਬ ਹੋਵੇਗਾ ਸਿੱਖੀ ਸਿਧਾਤਾਂ ਦਾ ਘਾਣ ਹੋਣਾ, ਪੰਜਾਬੀਅਤ ਦਾ ਕਤਲ ਹੋਣਾ, ਪੰਜਾਬੀ ਭਾਈਚਾਰੇ ਦੀਆਂ ਅਪਸੀ ਮੋਹ ਦੀਆਂ ਤੰਦਾਂ ਦਾ ਤਿੜਕ ਜਾਣਾ। ਸੋ ਇਹਨਾਂ ਸਾਰੇ ਮਨੁੱਖੀ ਰਿਸ਼ਤਿਆਂ ਨੂੰ ਬਣਾਈ ਰੱਖਣ ਲਈ ਅਪਣੀ ਮਾਂ ਬੋਲੀ ਨੂੰ ਜਿਉਂਦਾ ਰੱਖਣਾ ਬੇਹੱਦ ਜਰੂਰੀ ਹੈ, ਜਿਹੜੀ ਸਮੁੱਚਿਆਂ ਫਿਰਕਿਆਂ ਨੂੰ ਭਾਈਚਾਰੇ ਵਰਗੇ ਮਿੱਠੇ ਸਬਦਾਂ ਨਾਲ ਆਪਸ ਵਿੱਚ ਜੋੜੀ ਰੱਖਣ ਲਈ ਇੱਕ ਸਮਝਦਾਰ ਮਾਂ ਵਾਲਾ ਫਰਜ਼ ਅਦਾ ਕਰਦੀ ਹੈ।

# ਇੰਟਰਨੈੱਟ 'ਤੇ ਉਪਲੱਬਧ ਪੰਜਾਬੀ ਸਾਹਿਤ: ਸਮਰੱਥਾ ਅਤੇ ਸੀਮਾਵਾਂ

ਨਰਿੰਦਰ ਸਿੰਘ
94178-35658

ਇੰਟਰਨੈੱਟ 'ਤੇ ਪੰਜਾਬੀ ਫੌਂਟ ਵਿਕਸਤ ਕਰਨ ਸਬੰਧੀ ਯਤਨ ਤਾਂ ਮੈਕਨੀਟੋਸ਼ ਕੰਪਿਊਟਰ ਦੇ ਆਉਣ ਨਾਲ ਹੀ ਕੁਲਬੀਰ ਸਿੰਘ ਥਿੰਦ ਵੱਲੋਂ ਸ਼ੁਰੂ ਕਰ ਦਿੱਤੇ ਗਏ ਸਨ ਪਰ ਪੰਜਾਬੀ ਵੈੱਬਸਾਈਟਾਂ ਦੀ ਸ਼ੁਰੂਆਤ ਅੱਜ ਤੋਂ ਲਗਪਗ ਪੰਦਰਾਂ-ਵੀਹ ਸਾਲ ਪਹਿਲਾਂ ਹੀ ਹੋਈ ਹੈ। ਇਸ ਥੋੜ੍ਹੇ ਸਮੇਂ ਵਿੱਚ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਇੰਟਰਨੈੱਟ 'ਤੇ ਹੋਏ ਯਤਨ ਸ਼ਲਾਘਾਯੋਗ ਹਨ। ਇਸ ਸਮੇਂ ਵਿੱਚ ਹੋਏ ਯਤਨ ਭਾਵੇਂ ਸਲਾਹੁਣਯੋਗ ਹਨ ਪਰ ਪੰਜਾਬੀ ਵੈੱਬਸਾਈਟਾਂ 'ਤੇ ਵਿਜ਼ਟ ਕੀਤਿਆਂ ਕੁਝ ਕਮੀਆਂ ਨਜ਼ਰ ਆਉਂਦੀਆਂ ਹਨ।

ਇੰਟਰਨੈੱਟ 'ਤੇ ਪੰਜਾਬੀ ਵੈੱਬਸਾਈਟਾਂ ਵਿੱਚ ਮੌਜੂਦ ਸਮੱਗਰੀ ਨਾਲ ਸੰਬੰਧਿਤ ਹਵਾਲਿਆਂ ਦੀ ਸਮੱਸਿਆ ਉੱਭਰ ਕੇ ਸਾਹਮਣੇ ਆਉਂਦੀ ਹੈ। ਜੇਕਰ ਇੱਕ ਵੈੱਬਸਾਈਟ ਦੇ ਸੰਦਰਭ ਵਿੱਚ ਗੱਲ ਕਰੀਏ ਤਾਂ ਇਸ ਵੈੱਬਸਾਈਟ 'ਤੇ ਕਲਾਸਿਕ ਸਾਹਿਤ ਲਿੰਕ ਹੇਠ ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਿਸ ਸ਼ਾਹ, ਕਾਦਰਯਾਰ, ਸ਼ਾਹ ਮੁਹੰਮਦ ਅਤੇ ਫਜ਼ਲ ਸ਼ਾਹ ਦੀਆਂ ਰਚਨਾਵਾਂ ਉਪਲੱਬਧ ਹਨ। ਇਹ ਰਚਨਾਵਾਂ ਲੇਖਕਾਂ ਦੇ ਨਾਂ, ਜਿਵੇਂ ਕਲਾਮ ਬਾਬਾ ਫ਼ਰੀਦ, ਕਲਾਮ ਸ਼ਾਹ ਹੁਸੈਨ, ਕਲਾਮ ਬੁੱਲ੍ਹੇ ਸ਼ਾਹ, ਹੇਠ ਮੌਜੂਦ ਹਨ ਪਰ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦੇ ਹਵਾਲੇ ਮੌਜੂਦ ਨਹੀਂ ਕਿ ਰਚਨਾਵਾਂ ਕਿਹੜੇ ਸੰਪਾਦਕ ਦੁਆਰਾ ਪ੍ਰਕਾਸ਼ਤ ਕੀਤੀ ਗਈ ਪੁਸਤਕ ਵਿੱਚੋਂ ਲਈਆਂ ਗਈਆਂ ਹਨ। ਵੈੱਬਸਾਈਟ ਵੱਲੋਂ ਇਨ੍ਹਾਂ ਰਚਨਾਵਾਂ ਦੇ ਹਵਾਲੇ ਦਿੱਤੇ ਜਾਣੇ ਚਾਹੀਦੇ ਸਨ ਕਿਉਂਕਿ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਪਾਠਕਾਂ ਤਕ ਸੰਪਾਦਤ ਰੂਪ ਵਿੱਚ ਹੀ ਪਹੁੰਚਦੀਆਂ ਹਨ। ਵਾਰਿਸ ਦੀ ਹੀਰ ਦੇ ਕਈ ਪਾਠ ਉਪਲੱਬਧ ਹਨ ਪਰ ਵੈੱਬਸਾਈਟ 'ਤੇ ਉਪਲੱਬਧ ਹੀਰ ਦੇ ਚੋਣਵੇਂ ਬੰਦ ਕਿਹੜੇ ਪਾਠ ਵਿੱਚੋਂ ਲਏ ਗਏ ਹਨ, ਇਸ ਬਾਰੇ ਵੈੱਬਸਾਈਟ ਤੋਂ ਕੁਝ ਪਤਾ ਨਹੀਂ ਚੱਲਦਾ। ਇਹ ਚੋਣਵੇਂ ਬੰਦ ਪਸੰਦ ਆਉਣ 'ਤੇ ਕੋਈ ਵਿਅਕਤੀ ਪੂਰੀ 'ਹੀਰ' ਪੜ੍ਹਨੀ ਚਾਹੇ ਤਾਂ ਉਸ ਨੂੰ ਕੁਝ ਪਤਾ ਨਹੀਂ ਲੱਗੇਗਾ ਕਿ ਉਹ ਕਿਹੜੀ ਪੁਸਤਕ ਖਰੀਦੇ। ਵੈੱਬਸਾਈਟਾਂ 'ਤੇ ਮੌਜੂਦ ਸਮੱਗਰੀ ਤੇ ਹਵਾਲਿਆਂ ਸੰਬੰਧੀ ਇਹ ਪੱਖ ਵੀ ਉਭਰਦਾ ਹੈ ਕਿ ਕਈ ਵੈੱਬਸਾਈਟਾਂ ਦੁਆਰਾ ਲੇਖਕਾਂ ਦੀਆਂ ਕਿਤਾਬਾਂ ਦੇ ਹਰ ਨਵੇਂ ਅੰਕ ਵਿੱਚ ਇੱਕ-ਇੱਕ ਲੇਖ ਉਪਲੱਬਧ ਕਰਵਾਇਆ ਜਾ ਰਿਹਾ ਹੈ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਵੈੱਬਸਾਈਟਾਂ ਵਿੱਚ ਪੁਸਤਕਾਂ ਲੜੀਵਾਰ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਲੜੀਵਾਰ ਰਚਨਾਵਾਂ ਵਿੱਚ ਸੰਬੰਧਿਤ ਲੇਖਕ ਦਾ ਨਾਂ ਤਾਂ ਦਿੱਤਾ ਜਾਂਦਾ ਹੈ ਪਰ ਇਹ ਨਹੀਂ ਦੱਸਿਆ ਜਾਂਦਾ ਕਿ ਰਚਨਾ ਇਸ ਲੇਖਕ ਦੀ ਕਿਹੜੀ ਕਿਤਾਬ ਵਿੱਚੋਂ ਪੇਸ਼ ਕੀਤੀ ਜਾ ਰਹੀ ਹੈ।

ਪੰਜਾਬੀ ਵੈੱਬਸਾਈਟਾਂ ਦੇਖਣ ਤੋਂ ਪਤਾ ਚਲਦਾ ਹੈ ਕਿ ਕਈ ਵੈੱਬਸਾਈਟਾਂ ਜਾਣੇ-ਅਣਜਾਣੇ ਵਿੱਚ ਕਈ ਵਾਰ ਗ਼ਲਤ ਜਾਣਕਾਰੀ ਪਾਠਕਾਂ ਨੂੰ ਦੇ ਜਾਂਦੀਆਂ ਹਨ। ਵੈੱਬਸਾਈਟਾਂ 'ਤੇ ਕਿਸੇ ਇੱਕ ਲੇਖਕ ਦੀ ਰਚਨਾ ਕਿਸੇ ਹੋਰ ਲੇਖਕ ਦੇ ਨਾਂ ਹੇਠ ਉਪਲੱਬਧ ਕਰਵਾਉਣ ਦੀ ਉਦਾਹਰਨ ਮਿਲਦੀ ਹੈ। ਇੱਕ ਵੈਬਸਾਈਟ 'ਤੇ ਪ੍ਰੋ. ਪੂਰਨ ਸਿੰਘ, ਸ਼ਾਹ ਹੁਸੈਨ, ਸ਼ਾਹ ਮੁਹੰਮਦ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਸੰਤ ਰਾਮ ਉਦਾਸੀ, ਸੁਰਜੀਤ ਪਾਤਰ ਅਤੇ ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਮੌਜੂਦ ਹਨ। ਇਨ੍ਹਾਂ 'ਤੇ ਕਲਿੱਕ ਕਰਕੇ ਅਸੀਂ ਇਨ੍ਹਾਂ ਲੇਖਕਾਂ ਦੀਆਂ ਵੈੱਬਸਾਈਟਾਂ 'ਤੇ ਉਪਲੱਬਧ ਰਚਨਾਵਾਂ ਉੱਤੇ ਪਹੁੰਚ ਜਾਂਦੇ ਹਾਂ। ਪ੍ਰੋ. ਪੂਰਨ ਸਿੰਘ ਦੀ ਤਸਵੀਰ 'ਤੇ ਕਲਿੱਕ ਕਰਨ ਦੀ ਸੂਰਤ ਵਿੱਚ ਇਸ ਲਿੰਕ ਹੇਠ ਸਿਰਫ਼ ਉਨ੍ਹਾਂ ਦੀਆਂ ਰਚਨਾਵਾਂ ਹੀ ਹੋਣੀਆਂ ਚਾਹੀਦੀਆਂ ਸਨ ਪਰ ਪ੍ਰੋ. ਪੂਰਨ ਸਿੰਘ ਦੇ ਲਿੰਕ ਹੇਠ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਛੱਤੋ ਦੀ ਬੇਰੀ' ਅਤੇ 'ਮੈਂ ਨੀ ਰਹਿਣਾ ਤੇਰੇ ਗਿਰਾਂ' ਮੌਜੂਦ ਹਨ ਜਦੋਂਕਿ ਵੈੱਬਸਾਈਟ 'ਤੇ ਪ੍ਰੋ. ਮੋਹਨ ਦੀਆਂ ਰਚਨਾਵਾਂ ਦਾ ਅਲੱਗ ਲਿੰਕ ਵੀ ਮੌਜੂਦ ਹੈ। ਵੈੱਬਸਾਈਟਾਂ ਨੂੰ ਇਸ ਪਾਸੇ ਗੰਭੀਰ ਹੋਣਾ ਪਵੇਗਾ ਤਾਂ ਜੋ ਪਾਠਕ ਰਚਨਾਵਾਂ ਦੇ ਸਹੀ ਲੇਖਕ ਤੋਂ ਜਾਣੂੰ ਹੋ ਸਕਣ।

ਵੈੱਬਸਾਈਟਾਂ 'ਤੇ ਮੌਜੂਦ ਰਚਨਾ ਮੁਕੰਮਲ ਜਾਂ ਨਾਮੁਕੰਮਲ ਹੋਣ ਬਾਰੇ ਪਾਠਕਾਂ ਨੂੰ ਕੁਝ ਦੱਸਿਆ ਨਹੀਂ ਜਾਂਦਾ। ਬਸ ਲੇਖਕ ਦੇ ਨਾਂ ਹੇਠ ਉਸ ਦੀ ਰਚਨਾ ਉਪਲੱਬਧ ਕਰਵਾ ਕੇ ਕੰਮ ਖ਼ਤਮ ਸਮਝ ਲਿਆ ਜਾਂਦਾ ਹੈ। ਪਾਠਕ ਉਸੇ ਰਚਨਾ ਨੂੰ ਸੰਪੂਰਨ ਸਮਝਣ ਦੀ ਭੁੱਲ ਕਰ ਸਕਦਾ ਹੈ। ਇਸ ਪ੍ਰਸੰਗ ਵਿੱਚ ਇੱਕ ਸਾਈਟ 'ਤੇ ਉਪਲੱਬਧ ਕਿੱਸਾ ਪੂਰਨ ਭਗਤ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ, ਜਿਹੜਾ ਸੰਪੂਰਨ ਭਾਗ ਤੋਂ ਕੁਝ ਘੱਟ ਹੈ। ਸਾਈਟ 'ਤੇ ਕਿੱਸੇ ਦਾ ਆਰੰਭ ਇਨ੍ਹਾਂ ਤੁਕਾਂ ਨਾਲ ਹੁੰਦਾ ਹੈ:

**ਅਲਫ਼ ਆਖ ਸਖ਼ੀ ਸਿਆਲਕੋਟ ਅੰਦਰ,**
**ਪੂਰਨ ਪੁੱਤ ਸਲਵਾਨ ਦੇ ਜਾਇਆ ਈ।**

**ਜਦਕਿ ਸੰਪੂਰਨ ਕਿੱਸੇ ਦਾ ਆਰੰਭ ਇਨ੍ਹਾਂ ਤੁਕਾਂ ਨਾਲ ਹੁੰਦਾ ਹੈ:**

**ਅੱਵਲ ਆਖ ਸੁਨਾ ਖ਼ੁਦਾ ਤਾਈ,**
**ਜਿਹਨੂੰ ਪੀਰ ਫ਼ਕੀਰ ਧਿਆਉਂਦੇ ਨੇ।**

**ਵੈੱਬਸਾਈਟ 'ਤੇ ਕਿੱਸੇ ਤਾ ਅੰਤ ਇਨ੍ਹਾਂ ਤੁਕਾਂ ਨਾਲ ਹੁੰਦਾ ਹੈ:**

**ਕਾਦਰਯਾਰ ਕਿੱਸਾ ਪੂਰਨ ਭਗਤ ਵਾਲਾ,**
**ਤੁਸੀਂ ਸੁਣੋ ਯਾਰੋ ਹੁਣ ਹੋਇਆ ਪੂਰਾ।**

ਪਰ ਸੰਪੂਰਨ ਪਾਠ ਵਿੱਚ ਇਸ ਤੋਂ ਬਾਅਦ 16 ਤੁਕਾਂ ਹਨ ਜਿਸ ਵਿੱਚ ਕਾਦਰਯਾਰ ਆਪਣੇ ਪਿੰਡ ਬਾਰੇ ਤੇ ਇੱਕ ਖੂਹ ਇਨਾਮ ਵਜੋਂ ਮਿਲਣ ਦਾ ਜ਼ਿਕਰ ਵੀ ਕਰਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵੈੱਬਸਾਈਟ 'ਤੇ ਉਪਲੱਬਧ ਕਿੱਸੇ ਦੀਆਂ ਤੁਕਾਂ ਸੰਪੂਰਨ ਕਿੱਸੇ ਦੀਆਂ ਤੁਕਾਂ ਨਾਲੋਂ ਘੱਟ ਹਨ ਪਰ ਵੈੱਬਸਾਈਟ ਵੱਲੋਂ ਸੰਪੂਰਨ ਜਾਂ ਅਧੂਰੇ ਕਿੱਸੇ ਬਾਰੇ ਕੁਝ ਵੀ ਨਹੀਂ ਦੱਸਿਆ ਜਾਂਦਾ। ਅਜਿਹੀ ਹੀ ਗੱਲ ਮੱਧਕਾਲੀ ਸਾਹਿਤ ਸਬੰਧੀ ਵੈੱਬਸਾਈਟ 'ਤੇ ਵੀ ਦੇਖੀ ਜਾ ਸਕਦੀ ਹੈ।

ਵੈੱਬਸਾਈਟਾਂ 'ਤੇ ਮੌਜੂਦ ਪੰਜਾਬੀ ਲੇਖਕਾਂ ਦੀ ਗੱਲ ਕਰੀਏ ਤਾਂ ਇਨ੍ਹਾਂ 'ਤੇ ਮੱਧਕਾਲ ਦੇ ਲੇਖਕ ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਿਸ, ਪੀਲੂ, ਕਾਦਰਯਾਰ, ਸ਼ਾਹ ਮੁਹੰਮਦ ਆਦਿ ਦੀਆਂ ਰਚਨਾਵਾਂ ਮੌਜੂਦ ਹਨ। ਗੁਰਮਤਿ ਸਾਹਿਤ ਲਈ ਕਈ ਵੈੱਬਸਾਈਟਾਂ ਵਿਸ਼ੇਸ਼ ਤੌਰ 'ਤੇ ਤਿਆਰ ਹਨ ਜਿਨ੍ਹਾਂ ਵਿੱਚ ਗੁਰਬਾਣੀ ਨਾਲ ਸਬੰਧਿਤ ਸਮੱਗਰੀ ਮੌਜੂਦ ਹੈ। ਪੰਜਾਬੀ ਸਾਹਿਤ ਦੀ ਕਾਲ-ਵੰਡ ਕਰਨ ਵਾਲੇ ਲੇਖਕ ਬਾਵਾ ਬੁੱਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਬਨਾਰਸੀ ਦਾਸ ਜੈਨ, ਡਾ. ਗੋਪਾਲ ਸਿੰਘ ਦਰਦੀ, ਸੁਰਿੰਦਰ ਸਿੰਘ ਨਰੂਲਾ ਅਤੇ ਕਿਰਪਾਲ ਸਿੰਘ ਕਸੇਲ ਹੋਰਾਂ ਬਾਰੇ ਇਨ੍ਹਾਂ ਸਾਈਟਾਂ ਤੋਂ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਭਾਈ ਵੀਰ ਸਿੰਘ ਨੂੰ ਕਿਹਾ ਜਾਂਦਾ ਹੈ ਪਰ ਭਾਈ ਵੀਰ ਸਿੰਘ ਬਾਰੇ ਇੰਟਰਨੈੱਟ 'ਤੇ ਮੌਜੂਦ ਪੰਜਾਬੀ ਵੈੱਬਸਾਈਟਾਂ ਉੱਤੇ ਨਾ ਕੋਈ ਜਾਣਕਾਰੀ ਮੌਜੂਦ ਹੈ ਅਤੇ ਨਾ ਹੀ ਇਸ ਲੇਖਕ ਦੀ ਕੋਈ ਰਚਨਾ।

ਕਵਿਤਾ ਦੇ ਖੇਤਰ ਵਿੱਚ ਸਥਾਪਤ ਨਾਂਵਾਂ ਪ੍ਰੋ. ਪੂਰਨ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਬਟਾਲਵੀ ਆਦਿ ਦੀਆਂ ਰਚਨਾਵਾਂ ਮੌਜੂਦ ਹਨ। ਫਿਰ ਵੀ ਬਹੁਤ ਸਾਰੇ ਲੇਖਕ ਜਿਵੇਂ ਡਾ. ਦੀਵਾਨ ਸਿੰਘ ਕਾਲੇਪਾਣੀ, ਧਨੀ ਰਾਮ ਚਾਤ੍ਰਿਕ, ਬਾਵਾ ਬਲਵੰਤ ਅਤੇ ਪ੍ਰੀਤਮ ਸਿੰਘ ਸਫ਼ੀਰ ਦੀਆਂ ਰਚਨਾਵਾਂ ਮੌਜੂਦ ਨਹੀਂ। ਪੰਜਾਬੀ ਵੈੱਬਸਾਈਟਾਂ 'ਤੇ ਮੌਜੂਦ ਕਵੀਆਂ ਵਿੱਚੋਂ ਜੁਝਾਰਵਾਦੀ ਕਵੀ ਜਿਵੇਂ ਅਵਤਾਰ ਪਾਸ਼, ਡਾ. ਜਗਤਾਰ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਅਤੇ ਅਮਰਜੀਤ ਚੰਦਨ ਦੀਆਂ ਰਚਨਾਵਾਂ ਨੂੰ ਪੰਜਾਬੀ ਵੈੱਬਸਾਈਟਾਂ 'ਤੇ ਜ਼ਿਆਦਾ ਜਗ੍ਹਾ ਪ੍ਰਾਪਤ ਹੈ। ਪੰਜਾਬੀ ਵੈੱਬਸਾਈਟਾਂ 'ਤੇ ਮੌਜੂਦ ਕਹਾਣੀਕਾਰਾਂ ਵਿੱਚੋਂ ਲਗਪਗ ਸਾਰੇ ਨਵੇਂ ਲੇਖਕ ਹਨ। ਸਥਾਪਤ ਲੇਖਕਾਂ ਵਿੱਚੋਂ ਕੁਲਵੰਤ ਸਿੰਘ ਵਿਰਕ ਅਤੇ ਵਰਿਆਮ ਸੰਧੂ ਦਾ ਨਾਂ ਜ਼ਿਕਰਯੋਗ ਹੈ। ਪੰਜਾਬੀ ਕਹਾਣੀ ਦੇ ਮੋਢੀ ਲੇਖਕਾਂ ਚਰਨ ਸਿੰਘ ਸ਼ਹੀਦ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੁਜਾਨ ਸਿੰਘ, ਸੰਤ ਸਿੰਘ ਸੇਖੋਂ ਅਤੇ ਕਰਤਾਰ ਸਿੰਘ ਦੁੱਗਲ ਦੀਆਂ ਰਚਨਾਵਾਂ ਵੈੱਬਸਾਈਟਾਂ 'ਤੇ ਮੌਜੂਦ ਨਹੀਂ ਹਨ। ਕਹਾਣੀ ਦੇ ਖੇਤਰ ਵਿੱਚ ਇੱਕ ਲੇਖਕ ਲਾਲ ਸਿੰਘ ਦਸੂਹਾ ਦੀਆਂ ਰਚਨਾਵਾਂ ਕਈ ਵੈੱਬਸਾਈਟਾਂ 'ਤੇ ਮੌਜੂਦ ਹਨ ਅਤੇ ਇੰਟਰਨੈੱਟ 'ਤੇ ਪੰਜਾਬੀ ਵੈੱਬਸਾਈਟਾਂ ਵਿੱਚ ਇਸ ਕਹਾਣੀਕਾਰ ਦਾ ਚੰਗਾ ਨਾਂ ਹੈ।

ਵੈੱਬਸਾਈਟਾਂ 'ਤੇ ਮੌਜੂਦ ਨਾਵਲਕਾਰਾਂ ਵਿੱਚੋਂ ਪੰਜਾਬੀ ਦੇ ਸਥਾਪਤ ਨਾਵਲਕਾਰ ਨਾਨਕ ਸਿੰਘ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਰਾਮ ਸਰੂਪ ਅਣਖੀ ਵਿੱਚੋਂ ਕਿਸੇ ਦੀ ਵੀ ਰਚਨਾ ਮੌਜੂਦ ਨਹੀਂ ਹੈ। ਪੰਜਾਬੀ ਵੈੱਬਸਾਈਟਾਂ 'ਤੇ ਹੋਰ ਭਾਸ਼ਾਵਾਂ ਵਿੱਚੋਂ ਅਨੁਵਾਦ ਕਰਕੇ ਵੀ ਨਾਵਲ ਉਪਲੱਬਧ ਕਰਵਾਏ ਜਾ ਰਹੇ ਹਨ।

ਪੰਜਾਬੀ ਵੈੱਬਸਾਈਟਾਂ 'ਤੇ ਨਾਟਕ ਦੇ ਖੇਤਰ ਵਿੱਚ ਪੰਜਾਬੀ ਦੇ ਉਭਰ ਰਹੇ ਨਾਟਕਕਾਰਾਂ ਦੀਆਂ ਰਚਨਾਵਾਂ ਮਿਲ ਜਾਂਦੀਆਂ ਹਨ ਜਿਵੇਂ ਓਂਕਾਰਪ੍ਰੀਤ, ਐੱਚ.ਐੱਸ.ਰੰਧਾਵਾ ਆਦਿ। ਵਾਰਤਕ ਦੇ ਖੇਤਰ ਵਿੱਚ ਪੰਜਾਬੀ ਦੇ ਕਈ ਸਥਾਪਤ ਅਤੇ ਨਵੇਂ ਲੇਖਕਾਂ ਦੇ ਨਾਂ ਲਏ ਜਾ ਸਕਦੇ ਹਨ ਜਿਵੇਂ ਸਰਦਾਰਾ ਸਿੰਘ ਜੌਹਲ, ਸੁਖਦੇਵ ਸਿੱਧੂ, ਕੇਹਰ ਸ਼ਰੀਫ, ਬਲਦੇਵ ਸਿੰਘ ਧਾਲੀਵਾਲ, ਵਰਿਆਮ ਸੰਧੂ, ਬਲਵੰਤ ਗਾਰਗੀ, ਇਕਬਾਲ ਮਾਹਲ, ਸ.ਸੋਜ਼, ਜਨਮੇਜਾ ਸਿੰਘ ਜੌਹਲ, ਅਮਰਜੀਤ ਚੰਦਨ ਦੀਆਂ ਵਾਰਤਕ ਰਚਨਾਵਾਂ ਵੱਖ-ਵੱਖ ਸਾਈਟਾਂ 'ਤੇ ਪੜ੍ਹੀਆਂ ਜਾ ਸਕਦੀਆਂ ਹਨ। ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਦਾ ਪਹਿਲਾ ਅਧਿਆਇ 'ਮੇਰੇ ਪਿੰਡ ਦਾ ਮੂੰਹ ਮੱਥਾ' ਵੈੱਬਸਾਈਟ ਰਾਹੀਂ ਪੜ੍ਹਿਆ ਜਾ ਸਕਦਾ ਹੈ। ਪੰਜਾਬੀ ਵੈੱਬਸਾਈਟਾਂ 'ਤੇ ਮੌਜੂਦ ਵਾਰਤਕ ਦੀਆਂ ਰਚਨਾਵਾਂ ਲਗਪਗ ਸਾਰੀਆਂ ਹੀ ਆਧੁਨਿਕ ਲੇਖਕਾਂ ਦੀਆਂ ਹਨ ਜਦੋਂਕਿ ਪੰਜਾਬੀ ਵਾਰਤਕ ਦੇ ਮੋਢੀ ਲਿਖਾਰੀ ਸ਼ਰਧਾ ਰਾਮ ਫਿਲੌਰੀ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਬਲਰਾਜ ਸਾਹਨੀ ਹੋਰਾਂ ਦੀਆਂ ਰਚਨਾਵਾਂ ਨਹੀਂ ਮਿਲਦੀਆਂ। ਸਮਕਾਲੀ ਪੰਜਾਬੀ ਲੇਖਕਾਂ ਵਿੱਚੋਂ ਸੁਰਜੀਤ ਪਾਤਰ, ਅਜਮੇਰ ਰੋਡੇ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਸਵਰਨਜੀਤ ਸਵੀ, ਗੁਰਪ੍ਰੀਤ, ਪਰਮਿੰਦਰ ਸੋਢੀ ਅਤੇ ਅਮਰਜੀਤ ਸਾਥੀ ਦੀਆਂ ਰਚਨਾਵਾਂ ਇੰਟਰਨੈੱਟ 'ਤੇ ਪੜ੍ਹੀਆਂ ਜਾ ਸਕਦੀਆਂ ਹਨ।

ਪੰਜਾਬੀ ਵੈੱਬਸਾਈਟਾਂ ਵੱਲੋਂ ਉਪਲੱਬਧ ਕਰਵਾਈ ਜਾਂਦੀ ਸਮੱਗਰੀ ਦਾ ਪ੍ਰਮਾਣਕ ਹੋਣਾ ਵੀ ਧਿਆਨ ਦੇਣ ਯੋਗ ਮਸਲਾ ਹੈ। ਇੱਕ ਵੈੱਬਸਾਈਟ 'ਤੇ ਕਲਾਸਿਕ ਸਾਹਿਤ ਅੰਦਰ ਬਾਬਾ ਫ਼ਰੀਦ ਦੇ ਨਾਂ ਹੇਠ ਮੌਜੂਦ ਸਲੋਕਾਂ ਦੀ ਗਿਣਤੀ 210 ਹੈ। ਬਾਬਾ ਫ਼ਰੀਦ ਦੀ ਬਾਣੀ ਦਾ ਗੁਰਮੁਖੀ ਲਿਪੀ ਵਿੱਚ ਸਭ ਤੋਂ ਪ੍ਰਮਾਣਕ ਸ੍ਰੋਤ ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਦੇ ਸਲੋਕਾਂ ਦੀ ਗਿਣਤੀ 112 ਹੈ ਪਰ ਇਸ ਵੈੱਬਸਾਈਟ 'ਤੇ ਮੌਜੂਦ ਬਾਬਾ ਫ਼ਰੀਦ ਦੇ 210 ਸਲੋਕ ਕਿਹੜੇ ਸ੍ਰੋਤ ਤੋਂ ਲੈ ਕੇ ਉਪਲੱਬਧ ਕਰਵਾਏ ਗਏ ਹਨ, ਉਸ ਸ੍ਰੋਤ ਅਤੇ ਉਸ ਸ੍ਰੋਤ ਦੀ ਪ੍ਰਮਾਣਕਤਾ ਸਿੱਧ ਕਰਦੀ ਜਾਣਕਾਰੀ ਵੈੱਬਸਾਈਟ ਨੂੰ ਦੇਣੀ ਚਾਹੀਦੀ ਹੈ।




# ਜਿਥੇ ਬੰਦੇ ਦੀ ਬੁੱਕਤ ਅਤੇ ਸਮੇਂ ਦੀ ਕਦਰ ਹੈ

**ਆਸਟਰੇਲੀਆ ਵਿਚ ਚੀਨੀਆਂ ਦੀ ਆਬਾਦੀ ਦੂਜੇ ਨੰਬਰ 'ਤੇ ਹੈ। ਭਾਰਤੀਆਂ ਦੀ ਗਿਣਤੀ ਵੀ 2009 ਤਕ ਕਾਫੀ ਹੋ ਗਈ ਸੀ ਪਰ ਨਸਲੀ ਘਟਨਾਵਾਂ ਕਾਰਨ ਹੁਣ ਆਸਟਰੇਲੀਆ ਜਾਣ ਵਾਲਿਆਂ ਦੀ ਗਿਣਤੀ ਕਾਫੀ ਘਟ ਗਈ ਹੈ। ਲਿਬਨਾਨੀ, ਸੋਮਾਲੀਅਨ, ਮਲੇਸ਼ੀਅਨ, ਕੰਬੋਡੀਅਨ, ਪਾਕਿਸਤਾਨੀ, ਅਫ਼ਗਾਨਿਸਤਾਨੀ, ਇਰਾਕੀ, ਈਰਾਨੀ, ਫਿਲਪੀਨਜ਼, ਵੀਅਤਨਾਮੀ, ਇਟਾਲੀਅਨ, ਗਰੀਕੀਆਂ ਤੋਂ ਇਲਾਵਾ ਹੋਰ ਦੇਸ਼ਾਂ ਦੇ ਲੋਕੀਂ ਵੀ ਇਥੇ ਵਸਦੇ ਹਨ।**



**ਮਨਮੋਹਨ ਸਿੰਘ ਢਿੱਲੋਂ**

ਆਸਟਰੇਲੀਆ ਭਾਰਤ ਦੇ ਦੱਖਣ ਪੂਰਬ ਵਾਲੇ ਪਾਸੇ ਵਸਿਆ ਇਕ ਵਿਸ਼ਾਲ ਟਾਪੂ ਹੈ। ਇਸ ਦਾ ਦੂਰ- ਅੰਦੇਸ਼ੀ ਤੇ ਯੋਜਨਾਬੰਦੀ ਨਾਲ ਹੋਇਆ ਵਿਕਾਸ, ਸ਼ਹਿਰ ਦੇ ਨਾਲ-ਨਾਲ ਪੇਂਡੂ ਖੇਤਰਾਂ ਵਿਚ ਦਿੱਤੀਆਂ ਗਈਆਂ ਆਧੁਨਿਕ ਤਕਨਾਲੋਜੀ ਨਾਲ ਲੈਸ ਬੁਨਿਆਦੀ ਸਹੂਲਤਾਂ, ਬਿਜਲੀ, ਆਵਾਜਾਈ ਤੇ ਹੋਰ ਪ੍ਰਬੰਧ ਬਹੁਤ ਪ੍ਰਭਾਵਿਤ ਕਰਦੇ ਹਨ।

ਸੜਕਾਂ ਖ਼ੂਬਸੂਰਤ ਹਨ। ਪਾਣੀ ਦੇ ਨਿਕਾਸ ਲਈ ਵਧੀਆ ਸੀਵਰੇਜ ਪ੍ਰਬੰਧ, ਲੋਕਾਂ ਦੀਆਂ ਲੋੜਾਂ ਅਨੁਸਾਰ ਆਵਾਜਾਈ ਸਹੂਲਤਾਂ, ਪਾਣੀ, ਗੈਸ, ਬਿਜਲੀ ਦੀ ਨਿਰਵਿਘਨ ਸਪਲਾਈ ਹੈਰਾਨ ਕਰਨ ਵਾਲਾ ਵਧੀਆ ਢਾਂਚਾ ਹੈ। ਨਵੀਆਂ ਆਬਾਦੀਆਂ ਉਸਰ ਰਹੀਆਂ ਹਨ ਪਰ ਵਸੇਬੇ ਤੋਂ ਪਹਿਲਾਂ ਸਾਰੀਆਂ ਬੁਨਿਆਦੀ ਸਹੂਲਤਾਂ ਸਰਕਾਰ ਮੁਹੱਈਆ ਕਰ ਰਹੀ ਹੈ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਨਵੀਆਂ ਆਬਾਦੀਆਂ ਵਿਚ ਪੱਬ ਦੀ ਸਥਾਪਨਾ ਵੀ ਬੁਨਿਆਦੀ ਸਹੂਲਤਾਂ ਵਿਚ ਸ਼ਾਮਲ ਹੈ।

ਆਸਟਰੇਲੀਆ ਦੇ ਸਰਬਪੱਖੀ ਵਿਕਾਸ ਪਿੱਛੇ ਆਬਾਦੀ ਘੱਟ ਹੋਣ ਵਰਗੇ ਬਹੁਤ ਸਾਰੇ ਠੋਸ ਕਾਰਨ ਹੋਣਗੇ ਪਰ ਮੁੱਖ ਕਾਰਨ ਇਥੋਂ ਦੀ ਸਰਕਾਰ ਤੇ ਇਥੋਂ ਦੇ ਲੀਡਰਾਂ ਅੰਦਰ ਰਾਸ਼ਟਰੀ ਭਾਵਨਾ ਦਾ ਹੋਣਾ ਹੈ। ਉਨ੍ਹਾਂ ਦੀ ਸੋਚ ਲੋਕ-ਪੱਖੀ ਹੈ। ਇਥੋਂ ਦੇ ਲੋਕਾਂ ਅੰਦਰ ਰਾਸ਼ਟਰੀ ਭਾਵਨਾ ਦਾ ਹੋਣਾ ਵੀ ਹੈ, ਜਿਹੜੇ ਦੇਸ਼ ਨੂੰ ਅਤੇ ਇਸ ਦੇ ਹਰ ਸਰੋਤ ਨੂੰ ਸਾਂਝੀ ਜਾਇਦਾਦ ਪ੍ਰਵਾਨਦੇ ਹਨ ਅਤੇ ਸਰਕਾਰ ਵੱਲੋਂ ਘੜੇ ਅਸੂਲ ਪ੍ਰਬੰਧ ਵਿਚ ਬੱਝ ਕੇ ਅਸੂਲ-ਪ੍ਰਸਤ ਹੋਏ ਵਿਚਰਦੇ ਹਨ।ਇਹ ਭਾਰਤ ਨਾਲੋਂ ਢਾਈ ਗੁਣਾ ਤੋਂ ਵੀ ਵੱਧ ਖੇਤਰਫਲ ਵਾਲਾ ਦੇਸ਼ ਹੈ ਪਰ ਆਬਾਦੀ ਪੱਖੋਂ ਇਹ 50 ਗੁਣਾ ਪਿੱਛੇ ਹੈ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਸ ਦੇਸ਼ ਦੀ ਰਾਜਧਾਨੀ ਕੈਨਬਰਾ ਦੀ ਆਬਾਦੀ ਕੇਵਲ ਤਿੰਨ ਲੱਖ 25 ਹਜ਼ਾਰ ਤੋਂ ਕੁਝ ਕੁ ਵੱਧ ਹੈ ਜਦੋਂਕਿ ਹੋਰ ਸ਼ਹਿਰਾਂ ਦੀ ਆਬਾਦੀ ਕਈ ਗੁਣਾ ਵੱਧ ਹੈ। ਸਿਡਨੀ, ਮੈਲਬਰਨ, ਬ੍ਰਿਸਬੇਨ, ਐਡੀਲੇਡ, ਪਰਥ, ਡਾਰਵਿਨ ਇਸ ਦੇਸ਼ ਦੇ ਪ੍ਰਮੁੱਖ ਸ਼ਹਿਰ ਹਨ। ਆਸਟਰੇਲੀਆ 76,86850 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ ਜਦੋਂਕਿ ਇਸ ਵਿਚੋਂ 76, 71, 930 ਵਰਗ ਕਿਲੋਮੀਟਰ ਧਰਤੀ ਹੈ ਅਤੇ 68920 ਵਰਗ ਕਿਲੋਮੀਟਰ ਸਮੁੰਦਰੀ ਖੇਤਰ। ਸਮੁੰਦਰੀ ਤੂਫ਼ਾਨ, ਸੋਕਾ, ਜੰਗਲਾਂ ਨੂੰ ਅੱਗ ਲੱਗਣੀ ਆਦਿ ਕੁਦਰਤੀ ਆਫ਼ਤਾਂ ਵੀ ਇਸ ਨੂੰ ਝਲਣੀਆਂ ਪੈਂਦੀਆਂ ਹਨ।ਘਟ ਆਬਾਦੀ ਅਤੇ ਕੁਦਰਤੀ ਸਰੋਤਾਂ ਦੀ ਬਹੁਤਾਤ ਹੋਣ ਸਦਕਾ ਇਹ ਦੇਸ਼ ਬਹੁਤ ਖੁਸ਼ਹਾਲ ਹੈ। ਇਸ ਦੇ ਕੁਦਰਤੀ ਸਰੋਤਾਂ ਵਿਚ ਕੋਲਾ, ਲੋਹਾ, ਤਾਂਬਾ, ਸੋਨਾ, ਚਾਂਦੀ, ਯੂਰੇਨੀਅਮ, ਨਿੱਕਲ, ਸਿੱਕਾ, ਜ਼ਿੰਕ, ਹੀਰੇ, ਕੁਦਰਤੀ ਗੈਸ, ਪੈਟਰੋਲੀਅਮ ਸ਼ਾਮਲ ਹਨ। ਵਿਸ਼ਵ ਭਰ ਦੇ ਦੇਸ਼ਾਂ ਵੱਲੋਂ ਨਿਰਯਾਤ ਕੀਤੇ ਜਾਣ ਵਾਲੇ ਕੋਲੇ ਵਿਚ ਆਸਟਰੇਲੀਆ ਦਾ 29 ਫੀਸਦ ਹਿੱਸਾ ਹੈ। ਕੋਲੇ ਅਤੇ ਲੋਹੇ ਦੀ ਨਿਰਯਾਤ ਸਨਅਤ ਤੋਂ ਬਾਅਦ ਅੰਤਰਰਾਸ਼ਟਰੀ ਸਿੱਖਿਆ ਇਸ ਦੇਸ਼ ਦੀ ਤੀਜੀ ਨਿਰਯਾਤ ਸਨਅਤ ਬਣ ਗਈ ਹੈ।

ਆਸਟਰੇਲੀਆ ਵਿਚ ਚੀਨੀਆਂ ਦੀ ਆਬਾਦੀ ਦੂਜੇ ਨੰਬਰ 'ਤੇ ਹੈ। ਭਾਰਤੀਆਂ ਦੀ ਗਿਣਤੀ ਵੀ 2009 ਤਕ ਕਾਫੀ ਹੋ ਗਈ ਸੀ ਪਰ ਨਸਲੀ ਘਟਨਾਵਾਂ ਕਾਰਨ ਹੁਣ ਆਸਟਰੇਲੀਆ ਜਾਣ ਵਾਲਿਆਂ ਦੀ ਗਿਣਤੀ ਕਾਫੀ ਘਟ ਗਈ ਹੈ। ਲਿਬਨਾਨੀ, ਸੋਮਾਲੀਅਨ, ਮਲੇਸ਼ੀਅਨ, ਕੰਬੋਡੀਅਨ, ਪਾਕਿਸਤਾਨੀ, ਅਫ਼ਗਾਨਿਸਤਾਨੀ, ਇਰਾਕੀ, ਈਰਾਨੀ, ਫਿਲਪੀਨਜ਼, ਵੀਅਤਨਾਮੀ, ਇਟਾਲੀਅਨ, ਗਰੀਕੀਆਂ ਤੋਂ ਇਲਾਵਾ ਹੋਰ ਦੇਸ਼ਾਂ ਦੇ ਲੋਕੀਂ ਵੀ ਇਥੇ ਵਸਦੇ ਹਨ। ਸਮਾਜਿਕ ਸੁਰੱਖਿਆ ਇਥੋਂ ਦੀ ਸਰਕਾਰ ਦਾ ਮੁੱਖ ਉਦੇਸ਼ ਹੈ। ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਹੀ ਸਮਾਜਿਕ ਸੁਰੱਖਿਆ ਦਾ ਅਰਥ ਹੀ ਨਹੀਂ ਸਗੋਂ ਲੋਕਾਂ ਨੂੰ, ਭਾਵੇਂ ਉਹ ਸ਼ਹਿਰੀ ਖੇਤਰ ਵਿਚ ਵਸਦੇ ਹਨ ਜਾਂ ਪੇਂਡੂ ਖੇਤਰਾਂ ਵਿਚ, ਬੁਨਿਆਦੀ ਤੇ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣਾ, ਬੱਚਿਆਂ ਲਈ ਲਾਜ਼ਮੀ ਤੇ ਮੁਫ਼ਤ ਸਿੱਖਿਆ ਲਈ ਸਕੂਲਾਂ ਦਾ ਪ੍ਰਬੰਧ, ਪੀਣ ਲਈ ਸਾਫ਼-ਸੁਥਰਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਵਧੀਆ ਆਵਾਜਾਈ ਪ੍ਰਬੰਧ ਆਦਿ ਸਮਾਜਿਕ ਸੁਰੱਖਿਆ ਦਾ ਹੀ ਹਿੱਸਾ ਹਨ। ਇਸੇ ਲਈ ਇਥੇ ਬੰਦੇ ਦੀ ਵੁੱਕਤ ਹੈ, ਪੈਸੇ ਦਾ ਮੁੱਲ ਤੇ ਸਮੇਂ ਦੀ ਕਦਰ ਵੀ।

ਇਥੇ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਵੀ ਮੈਂ ਜ਼ਰੂਰੀ ਸਮਝਦਾ ਹਾਂ। ਦੁਨੀਆਂ ਵਿਚ ਆਈ ਆਰਥਿਕ ਮੰਦੀ ਦਾ ਆਸਟਰੇਲੀਆ 'ਤੇ ਮਾਮੂਲੀ ਹੀ ਅਸਰ ਪਿਆ ਸੀ, ਪਰ ਉਥੋਂ ਦੀ ਸਰਕਾਰ ਨੇ ਹਰ ਉਸ ਵਿਅਕਤੀ ਨੂੰ, ਜਿਹੜਾ ਇਨਕਮ ਟੈਕਸ ਭਰਦਾ ਸੀ, 950 ਡਾਲਰ ਦਿੱਤੇ ਹਨ। ਇੰਨਾ ਹੀ ਨਹੀਂ, ਜੇਕਰ ਕੋਈ ਕਾਰੋਬਾਰ ਲਈ ਵੱਡਾ ਟਰੱਕ ਖਰੀਦਣਾ ਚਾਹੁੰਦਾ ਸੀ ਤਾਂ ਸਰਕਾਰ ਉਸ ਟਰੱਕ ਲਈ (ਲਗਪਗ 70 ਹਜ਼ਾਰ ਡਾਲਰ) 'ਤੇ ਤੀਹ ਹਜ਼ਾਰ ਸਬਸਿਡੀ ਦਿੱਤੀ ਸੀ।

ਆਸਟਰੇਲੀਆ ਦੇ ਲੋਕੀਂ ਮਿਹਨਤੀ, ਇਮਾਨਦਾਰ ਤੇ ਦੂਰ-ਅੰਦੇਸ਼ੀ ਹਨ। ਕੋਮਲ ਤੇ ਸਖ਼ਤ ਸੁਭਾਅ ਵੀ। ਖਾਣ-ਪੀਣ ਦੇ ਸ਼ੌਕੀਨ ਤੇ ਐਸ਼-ਪ੍ਰਸਤ ਵੀ। ਪਦਾਰਥਵਾਦੀ ਸੋਚ ਇਨ੍ਹਾਂ ਦੇ ਸੁਭਾਅ ਦਾ ਹਿੱਸਾ ਨਹੀਂ। ਪੈਸਾ ਜੋੜਨ ਦੀ ਬਜਾਏ ਖੁੱਲ੍ਹਾ ਖਾਣ-ਪੀਣ ਵਿਚ ਰੁਚੀ ਰੱਖਦੇ ਹਨ। ਵਾਈਨ, ਬੀਅਰ ਤੇ ਬਰਗਰ, ਚਿਕਨ, ਬੀਫ ਇਨ੍ਹਾਂ ਦੇ ਖਾਣ-ਪੀਣ ਦਾ ਵਿਸ਼ੇਸ਼ ਹਿੱਸਾ ਹਨ। ਇਥੇ ਮੈਂ ਮੈਲਬਰਨ ਸ਼ਹਿਰ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿਉਂਕਿ ਦੋ ਮਹੀਨੇ ਦੌਰਾਨ ਇਸ ਸ਼ਹਿਰ ਬਾਰੇ ਨੇੜਿਓਂ ਹੋ ਕੇ ਜਾਨਣ ਦਾ ਯਤਨ ਕੀਤਾ ਸੀ। ਇਹ ਸ਼ਹਿਰ ਵਿਕਟੋਰੀਆ ਸੂਬੇ ਦੀ ਰਾਜਧਾਨੀ ਹੈ, ਜਿਸ ਦੀ ਆਬਾਦੀ 55 ਕੁ ਲੱਖ ਹੈ। ਇਹ ਸ਼ਹਿਰ 9000 ਵਰਗ ਕਿਲੋਮੀਟਰ ਵਿਚ ਫੈਲਿਆ ਅਤੇ ਦੋ ਹਿੱਸਿਆਂ, ਇਕ ਤੇ ਦੋ ਜ਼ੋਨ ਵਿਚ ਵੰਡਿਆ ਹੋਇਆ ਹੈ।

ਇਸ ਸ਼ਹਿਰ ਦੇ ਸਰਬਪੱਖੀ ਵਿਕਾਸ ਬਾਰੇ ਕੋਈ ਗੱਲ ਕਰਨ ਤੋਂ ਪਹਿਲਾਂ ਆਸਟਰੇਲੀਅਨ ਲੋਕਾਂ ਦੇ ਜੀਵਨ ਦੇ ਕੁਝ ਪਹਿਲੂਆਂ ਬਾਰੇ ਚਾਨਣਾ ਪਾਉਣਾ ਜ਼ਰੂਰੀ ਸਮਝਦਾ ਹਾਂ।

ਅਮਲੀ ਰੂਪ ਵਿਚ ਆਸਟਰੇਲੀਅਨ ਸਭਿਆਚਾਰ ਮਰਦ ਤੇ ਔਰਤ ਨੂੰ ਬਰਾਬਰ ਮਹੱਤਵ ਦਿੰਦਾ ਹੈ। ਔਰਤ ਨੂੰ ਉਸ ਦੇ ਹੱਕ ਦਿੰਦਾ ਹੈ ਅਤੇ ਬਰਾਬਰ ਦੇ ਮੌਕੇ ਵੀ। ਮਿਹਨਤ ਦੇ ਨਾਲ-ਨਾਲ ਜ਼ਿੰਦਗੀ ਨੂੰ ਮਾਨਣਾ ਇਨ੍ਹਾਂ ਲੋਕਾਂ ਦੇ ਜੀਵਨ ਦਾ ਇਕ ਮਹੱਤਵਪੂਰਨ ਪਹਿਲੂ ਹੈ। ਪੱਬ, ਕਲੱਬ ਤੇ ਕਸੀਨੋ ਇਨ੍ਹਾਂ ਦੇ ਸਭਿਆਚਾਰ ਦਾ ਹਿੱਸਾ ਹਨ। ਪੱਬ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿਚ ਵੀ ਬਣੇ ਹੋਏ ਹਨ, ਜਿਥੇ ਪਿੰਡਾਂ ਦੇ ਲੋਕੀਂ ਕੰਮ-ਕਾਰ ਤੋਂ ਵਿਹਲੇ ਹੋ ਕੇ ਆਪਣਾ ਮਨੋਰੰਜਨ ਕਰਦੇ ਹਨ ਅਤੇ ਸਾਰੇ ਦਿਨ ਦੀ ਥਕਾਵਟ ਲਾਹੁੰਦੇ ਹਨ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਇਹ ਲੋਕੀਂ ਜਿਥੇ ਵੀ ਵਸੇ ਹਨ, ਉਹ ਭਾਵੇਂ ਪੇਂਡੂ ਇਲਾਕਾ ਹੈ ਜਾਂ ਜੰਗਲ, ਪੱਬ ਇਹ ਨਾਲ ਹੀ ਲੈ ਕੇ ਵਸੇ ਹਨ।

ਪੱਬਾਂ ਵਿਚ ਵਾਈਨ, ਵਿਸਕੀ ਤੇ ਬੀਅਰ ਚਲਦੀ ਹੈ। ਇਹ ਪੱਬ ਹਫ਼ਤੇ ਦੇ ਸੱਤੇ ਦਿਨ ਹੀ ਦੇਰ ਰਾਤ ਤਕ ਖੁੱਲ੍ਹੇ ਰਹਿੰਦੇ ਹਨ। ਕਲੱਬ ਵੀ ਭਾਵੇਂ ਹਫ਼ਤੇ ਦੇ ਸੱਤੇ ਦਿਨ ਖੁੱਲ੍ਹੇ ਰਹਿੰਦੇ ਹਨ ਪਰ ਸ਼ੁੱਕਰਵਾਰ ਅਤੇ ਸ਼ਨਿਚਰਵਾਰ ਰਾਤੀਂ ਇਨ੍ਹਾਂ ਵਿਚ ਅੰਤਾਂ ਦੀ ਭੀੜ ਰਹਿੰਦੀ ਹੈ। ਜਾਮ ਦੇ ਨਾਲ-ਨਾਲ ਨਾਚ ਵੀ ਚਲਦਾ ਹੈ ਤੇ ਕਸੀਨੋ ਵਿਚ ਸ਼ਰਾਬ ਦੇ ਨਾਲ-ਨਾਲ ਜੂਆ ਵੀ। ਮੈਲਬਰਨ ਦੇ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿਚ ਵੀ ਮੈਨੂੰ ਜਾਣ ਦਾ ਮੌਕਾ ਮਿਲਿਆ। ਈਸਟ ਮੈਲਬਰਨ ਵਿਚ ਪੈਂਦੇ ਜੰਗਲੀ ਇਲਾਕੇ ਹੀਲਜ਼ ਵਿਲ ਵਿਚ ਪੈਂਦਾ ਨਾਰਬੀਥੌਂਗ ਦਾ ਉਹ ਇਲਾਕਾ ਵੀ ਮੈਂ ਵੇਖਿਆ, ਜਿਥੇ 7 ਫਰਵਰੀ 2009 ਨੂੰ ਅੱਗ ਲੱਗੀ ਸੀ। ਅੱਗ ਆਸਟਰੇਲੀਆ ਵਿਚ ਕਈ ਥਾਵਾਂ 'ਤੇ ਲੱਗੀ ਸੀ, ਜਿਸ ਵਿਚ ਦੋ ਸੌ ਤੋਂ ਵੱਧ ਵਿਅਕਤੀ ਇਸ ਅੱਗ ਦੀ ਲਪੇਟ ਵਿਚ ਸੜ ਕੇ ਮਾਰੇ ਗਏ ਸਨ। ਇਸ ਦਿਨ ਨੂੰ ਆਸਟਰੇਲੀਆ ਦੇ ਇਤਿਹਾਸ ਵਿਚ 'ਕਾਲਾ ਸ਼ਨਿਚਰਵਾਰ' ਦੇ ਨਾਂ ਨਾਲ ਅੰਕਿਤ ਕੀਤਾ ਗਿਆ ਹੈ। ਦਸਦੇ ਹਨ ਕਿ ਮੈਲਬਰਨ ਵਿਚ ਜਿੰਨਾ ਪ੍ਰਦੂਸ਼ਣ ਇਕ ਸਾਲ ਵਿਚ ਹੁੰਦਾ ਹੈ, ਉਹ ਇਕ ਦਿਨ ਵਿਚ ਹੋ ਗਿਆ ਸੀ। ਅੱਗ ਵਿਚ ਸੜੇ ਦਰਖ਼ਤ ਵੀ ਹੁਣ ਹਰੇ-ਭਰੇ ਹੋ ਗਏ ਹਨ। ਹੀਲਜ਼ ਵਿਲ ਦੇ ਇਸੇ ਜੰਗਲੀ ਇਲਾਕੇ ਵਿਚ ਸਥਿਤ ਬਲੈਕ ਸਪੱਨ ਇਨ (ਪੱਬ) ਨੂੰ ਮੈਂ ਨੇੜਿਓਂ ਤੱਕਿਆ। ਸਰਦੀ ਦੇ ਮੌਸਮ ਵਿਚ ਸ਼ਾਮੀਂ ਛੇ ਵਜੇ ਹੀ ਰਾਤ ਪੈਣੀ ਸ਼ੁਰੂ ਹੋ ਜਾਂਦੀ ਹੈ। ਆਪਣੇ ਰਿਸ਼ਤੇਦਾਰ ਦਲਬੀਰ ਸਿੰਘ ਗਰੇਵਾਲ ਨਾਲ ਜਦੋਂ ਮੈਂ ਇਸ ਕਲੱਬ ਵਿਚ ਪੁੱਜਿਆ ਤਾਂ ਰਾਤ ਦੇ ਸੱਤ ਵੱਜ ਚੁੱਕੇ ਸਨ। ਪੱਬ ਵਿਚ ਕਾਫ਼ੀ ਗਹਿਮਾ-ਗਹਿਮੀ ਸੀ। ਆਪਣੇ ਕੰਮਾਂ ਵਾਲੇ ਕੱਪੜਿਆਂ ਵਿਚ ਹੀ ਗੋਰੇ ਬੈਠੇ ਵਾਈਨ ਤੇ ਬੀਅਰ ਦੀਆਂ ਚੁਸਕੀਆਂ ਲੈ ਰਹੇ ਸਨ ਅਤੇ ਵੈਜੀਜ਼ ਖਾ ਰਹੇ ਸਨ। ਵੈਜੀਜ਼ ਆਲੂਆਂ ਦਾ ਇਕ ਵਿਸ਼ੇਸ਼ ਖਾਣਾ ਹੈ, ਜਿਹੜਾ ਵਾਈਨ ਤੇ ਬੀਅਰ ਨਾਲ ਖਾਧਾ ਜਾਂਦਾ ਹੈ। ਸਾਰੇ ਆਸਟਰੇਲੀਆ ਵਿਚ ਇਸ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਪੱਬ ਵਿਚ ਇਕ ਪਾਸੇ ਗੋਰੇ ਬਿਲੀਅਰਡ ਦੀ ਗੇਮ ਖੇਡ ਰਹੇ ਸਨ। ਇਹ ਲੋਕੀਂ ਵਾਈਨ ਅਤੇ ਬੀਅਰ ਦੀ ਜ਼ਿਆਦਾ ਵਰਤੋਂ ਕਰਦੇ ਹਨ ਜਦੋਂਕਿ ਵਿਸਕੀ ਬਹੁਤ ਘੱਟ ਪੀਂਦੇ ਹਨ। ਦਿਲਚਸਪੀ ਵਾਲੀ ਗੱਲ ਹੈ ਕਿ ਬੈਂਕ ਵੱਲੋਂ ਏ.ਟੀ.ਐਮ. ਦੀ ਸਹੂਲਤ ਵੀ ਪੱਬਾਂ ਵਿਚ ਦਿੱਤੀ ਹੋਈ ਹੈ। ਇਹ ਵੀ ਵਰਨਣਯੋਗ ਹੈ ਕਿ ਇਨ੍ਹਾਂ ਪੱਬਾਂ ਦੇ ਨਾਲ ਸਰਕਾਰ ਵੱਲੋਂ ਮਨੋਰੰਜਨ ਲਈ ਵੱਖਰੇ ਸ਼ੈੱਡ ਵੀ ਉਸਾਰੇ ਹੋਏ ਹਨ, ਜਿਥੇ ਬਹਿਣ ਲਈ ਬੈਂਚ ਬਣੇ ਹੋਏ ਹਨ ਅਤੇ ਬਾਰਬੀਕਿਊ ਵਿਚ 20 ਸੈਂਟ ਪਾ ਕੇ ਚਿਕਨ ਭੁੰਨ ਸਕਦੇ ਹੋ ਅਤੇ ਕੋਈ ਵੀ ਖਾਣ ਵਾਲੀ ਚੀਜ਼ ਗਰਮ ਕਰ ਸਕਦੇ ਹੋ। ਪੱਬ ਵਿਚ ਬਹਿਣ ਦੀ ਬਜਾਏ ਉਥੇ ਬਹਿ ਕੇ ਵਾਈਨ, ਬੀਅਰ ਪੀ ਸਕਦੇ ਹੋ। ਸਰਕਾਰ ਵੱਲੋਂ ਇਹ ਸਹੂਲਤ ਕੇਵਲ ਪੱਬਾਂ ਵਿਚ ਹੀ ਨਹੀਂ ਦਿੱਤੀ ਸਗੋਂ ਪਾਰਕਾਂ ਵਿਚ ਵੀ ਹੈ।

ਵਾਈਨ ਦਾ ਉਤਪਾਦਨ ਆਸਟਰੇਲੀਆ ਵਿਚ ਵੱਡੇ ਵੱਧਰ 'ਤੇ ਹੁੰਦਾ ਹੈ। ਇਥੇ ਇਸ ਦੀ ਖਪਤ ਵੀ ਬਹੁਤ ਹੈ ਕਿਉਂਕਿ ਇਹ ਲੋਕੀਂ ਵਾਈਨ ਨੂੰ ਸਿਹਤ ਲਈ ਲਾਭਦਾਇਕ ਮੰਨਦੇ ਹਨ ਤੇ ਵਿਸਕੀ ਨਾਲੋਂ ਇਹ ਸਸਤੀ ਵੀ ਪੈਂਦੀ ਹੈ। ਔਰਤਾਂ ਲਈ ਬਹੁਤ ਘੱਟ ਨਸ਼ੇ ਵਾਲੀ ਵਾਈਨ ਮਿਲਦੀ ਹੈ। ਮੈਲਬਰਨ ਸ਼ਹਿਰ ਦੇ ਬਾਹਰਲੇ ਇਲਾਕਿਆਂ ਵੱਲ ਜਾਈਏ ਤਾਂ ਥੋੜ੍ਹੀ ਦੂਰ 'ਤੇ ਵਾਈਨਰਜ਼ੀ ਨਜ਼ਰੀਂ ਪੈਂਦੀਆਂ ਹਨ। ਅੰਗੂਰਾਂ ਦੇ ਵੱਡੇ-ਵੱਡੇ ਬਾਗ ਨਜ਼ਰੀਂ ਪੈਂਦੇ ਹਨ। ਬਹੁਤ ਸਾਰੇ ਕਿਸਾਨ ਅੰਗੂਰਾਂ ਜਾਂ ਹੋਰ ਫਲਾਂ ਦਾ ਉਤਪਾਦਨ ਕਰਕੇ ਵਾਈਨਰੀਆਂ ਨੂੰ ਸਪਲਾਈ ਕਰਦੇ ਹਨ। ਬਹੁਤੇ ਆਪ ਹੀ ਫਲਾਂ ਦਾ ਉਤਪਾਦਨ ਕਰਕੇ ਵਾਈਨ ਤਿਆਰ ਕਰਦੇ ਹਨ। ਇਹ ਕਈ ਕਿਸਮਾਂ ਦੇ ਫਲਾਂ ਤੋਂ ਤਿਆਰ ਕੀਤੀ ਜਾਂਦੀ ਹੈ। ਮਰਦ ਅਤੇ ਔਰਤਾਂ, ਦੋਵੇਂ ਹੀ ਵਾਈਨ ਅਤੇ ਬੀਅਰ ਦੀ ਵਰਤੋਂ ਕਰਦੇ ਹਨ।

ਬੀਅਰ ਤਾਂ ਆਮ ਤੌਰ 'ਤੇ ਇਹ ਦਿਨੇ ਵੀ ਪੀਂਦੇ ਹਨ। ਪਰ ਸ਼ਰਾਬੀ ਹੋਇਆ ਕੋਈ ਗੋਰਾ ਕਿਤੇ ਨਹੀਂ ਮਿਲੇਗਾ। ਸ਼ਨਿਚਰਵਾਰ ਤੇ ਐਤਵਾਰ ਦੀ ਰਾਤ ਨੂੰ ਕਲੱਬਾਂ ਤੋਂ ਪਰਤਦਿਆਂ ਟਰੇਨਾਂ ਵਿਚ ਕੁਝ ਲੋਕੀਂ ਖਰੂਦ ਕਰਨ ਵਾਲੇ ਵੀ ਹੁੰਦੇ ਹਨ। ਫਿਰ ਵੀ ਸਥਿਤੀ ਇਹ ਹੈ ਕਿ ਹਫ਼ਤੇ ਦੇ ਪੰਜ ਦਿਨ ਇਹ ਲੋਕੀਂ ਡਟ ਕੇ ਕੰਮ ਕਰਦੇ ਹਨ ਅਤੇ ਦੋ ਦਿਨ ਖ਼ੂਬ ਆਨੰਦ ਮਾਣਦੇ ਹਨ। ਛੁੱਟੀਆਂ ਵਾਲੇ ਦਿਨ ਟੈਕਸੀ ਵਾਲਿਆਂ ਲਈ ਬੜੇ ਭਾਗਸ਼ਾਲੀ ਹੁੰਦੇ ਹਨ, ਕਿਉਂਕਿ ਗੋਰੇ ਕਲੱਬਾਂ ਵਿਚ ਆਨੰਦ ਮਾਣ ਕੇ ਘਰਾਂ ਨੂੰ ਟੈਕਸੀਆਂ ਲੈ ਕੇ ਪਰਤਦੇ ਹਨ। ਆਪਣੀਆਂ ਗੱਡੀਆਂ ਬਾਹਰ ਬਣੀਆਂ ਪਾਰਕਾਂ ਵਿਚ ਹੀ ਖੜੀਆਂ ਕਰ ਜਾਂਦੇ ਹਨ ਕਿਉਂਕਿ ਇਥੇ ਸ਼ਰਾਬ ਪੀ ਕੇ ਗੱਡੀ ਨਹੀਂ ਚਲਾ ਸਕਦੇ। ਮੀਟ ਆਸਟਰੇਲੀਅਨ ਲੋਕਾਂ ਦੀ ਖੁਰਾਕ ਦਾ ਮੁੱਖ ਹਿੱਸਾ ਹੈ। ਇਥੇ ਮੁਰਗੀਆਂ, ਬੱਤਖਾਂ, ਭੇਡਾਂ, ਸੂਰਾਂ, ਗਾਵਾਂ ਤੇ ਹੋਰ ਜਾਨਵਰਾਂ ਤੋਂ ਇਲਾਵਾ ਹਰ ਤਰ੍ਹਾਂ ਦੇ ਸਮੁੰਦਰੀ ਜੀਵ ਨੂੰ ਬਹੁਤ ਹੀ ਸੁਆਦ ਨਾਲ ਖਾਧਾ ਜਾਂਦਾ ਹੈ। ਵੱਡੀਆਂ-ਵੱਡੀਆਂ ਮਾਰਕੀਟਾਂ ਵਿਚ ਹਰ ਤਰ੍ਹਾਂ ਦਾ ਮੀਟ ਮਿਲਦਾ ਹੈ। ਚੀਨੀ, ਜਿਨ੍ਹਾਂ ਨੂੰ ਚਿੰਕੇ ਕਹਿੰਦੇ ਹਨ, ਗਾਵਾਂ ਦੀਆਂ ਜੀਭਾਂ, ਗੁਰਦੇ, ਦਿਲ ਵੀ ਖਾਂਦੇ ਹਨ।



## ਔਰਤ ਨੇ ਛਾਤੀ ਕੱਟਕੇ ਅਧਿਕਾਰੀ ਨੂੰ ਦਿੱਤਾ ਸੀ ਟੈਕਸ

# ਇਹ ਹਨ ਦੁਨੀਆ ਦੇ ਅਜੀਬੋ-ਗਰੀਬ ਟੈਕਸ

*ਇੱਕ ਵਕਤ ਸੀ ਜਦੋਂ ਦੁਨੀਆ ਵਿੱਚ ਅਜਿਹੇ ਅਜੀਬੋ ਗਰੀਬ ਟੈਕਸ ਲਗਾਏ ਜਾਂਦੇ ਸਨ ਜੋ ਜੇ ਅੱਜ ਲਗਾ ਦਿੱਤੇ ਜਾਵੇ ਤਾਂ ਹੰਗਾਮਾ ਹੋ ਜਾਵੇ। ਹਾਲਾਂਕਿ ਕੁੱਝ ਅਜਿਹੇ ਟੈਕਸ ਅੱਜ ਵੀ ਲੱਗਦੇ ਹਨ ਜੋ ਹੈਰਾਨ ਕਰਦੇ ਹਨ। ਅੱਜ ਇੰਜ ਹੀ ਕੁੱਝ ਅਜੀਬੋ - ਗਰੀਬ ਟੈਕਸ ਦੇ ਬਾਰੇ ਵਿੱਚ ਦੱਸਦੇ ਹਨ।*



**ਸੈਕਸ ਟੈਕਸ** ਕਦੇ ਸੈਕਸ ਟੈਕਸ ਦੇ ਬਾਰੇ ਵਿੱਚ ਸੁਣਿਆ ਹੈ। ਜਰਮਨੀ ਵਿੱਚ ਸੈਕਸ ਟੈਕਸ ਵਰਗੇ ਕਨੂੰਨ ਬਣਾਏ ਗਏ ਹਨ। ਇੱਥੇ ਵੇਸਵਾਗਿਰੀ ਲੀਗਲ ਹੈ। 2004 ਵਿੱਚ ਇਸ ਕਨੂੰਨ ਨੂੰ ਬਣਾਇਆ ਗਿਆ। ਜਿਸਦੇ ਤਹਿਤ ਹਰ ਵੇਸ਼ਵਾ ਨੂੰ ਹਰ ਮਹੀਨੇ 150 ਯੂਰੋ ਦੇਣ ਪੈਂਦੇ ਹਨ। ਇਸ ਸੈਕਸ ਟੈਕਸ ਦੇ ਚਲਦੇ ਇੱਥੇ ਇੱਕ ਸਾਲ ਵਿੱਚ 1 ਮਿਲਿਅਨ ਯੂਰੋ ਦੀ ਆਮਦਨੀ ਹੁੰਦੀ ਹੈ।

**ਗਾਂ ਉੱਤੇ ਟੈਕਸ:** ਗਾਂ 'ਤੇ ਟੈਕਸ, ਇਹ ਕਿਸੇ ਵੀ ਭਾਰਤੀ ਨੂੰ ਥੋੜ੍ਹਾ ਅਜੀਬ ਲੱਗ ਸਕਦਾ ਹੈ। ਪਰ ਯੂਰੋਪੀ ਯੂਨੀਅਨ ਦਾ ਮੰਨਣਾ ਹੈ ਕਿ ਗਾਂ ਦੀ ਗੈਸ ਕਰਕੇ ਵਲੋਂ ਗਲੋਬਲ ਵਾਰਮਿੰਗ ਹੋ ਰਹੀ ਹੈ। ਇੱਕ ਸਟੱਡੀ ਦੇ ਮੁਤਾਬਕ ਗਾਂ ਹਰੇ ਚਾਰੇ ਨੂੰ ਹਜਮ ਕਰਣ ਲਈ ਜੁਗਾਲੀ ਕਰਦੀ ਹੈ ਅਤੇ ਉਸ ਵਕਤ ਉਹ ਮਿਥੇਨ ਗੈਸ ਛੱਡਦੀ ਹੈ। ਯੂਰੋਪ ਦੀ ਗਰੀਨਹਾਉਸ ਗੈਸ ਵਿੱਚ ਇਸਦਾ ਹਿੱਸਾ ਤਕਰੀਬਨ 18 ਫੀਸਦੀ ਹੈ। ਲੋਕ ਗਊਆਂ ਨੂੰ ਪਾਲਣ ਵਿੱਚ ਝਿਜਕਣ ਇਸਦੇ ਲਈ ਕਈ ਯੂਰੋਪੀ ਮੁਲਕਾਂ ਨੇ ਗਾਂ ਪਾਲਣ ਉੱਤੇ ਟੈਕਸ ਲਗਾ ਦਿੱਤਾ ਹੈ। ਡੈਨਮਾਰਕ ਵਿੱਚ ਇੱਕ ਗਾਂ ਉੱਤੇ ਤਕਰੀਬਨ 7400 ਰੁਪਏ ਦਾ ਟੈਕਸ ਲੱਗਦਾ ਹੈ।

**ਬਰੈਸਟ ਟੈਕਸ** : ਇਹ ਸੁਣਨ ਵਿੱਚ ਥੋੜ੍ਹਾ ਅਜੀਬ ਹੈ ਲੇਕਿਨ ਇਤਹਾਸ ਦੇ ਪੰਨੇ ਫਰੋਲਣ 'ਤੇ ਪਤਾ ਚੱਲਦਾ ਹੈ ਦੱਖਣ ਭਾਰਤ ਦੇ ਸਟੇਟ ਆਫ ਤਰਾਵਨਕੋਰ (Travancore) ਵਿੱਚ ਔਰਤਾਂ ਉੱਤੇ ਬਰੈਸਟ ਟੈਕਸ ਲਗਾਇਆ ਜਾਂਦਾ ਸੀ। ਇਸ ਵਿੱਚ ਬਰੈਸਟ ਮਾਪਕੇ ਉਸੇ ਦੇ ਅਨੁਸਾਰ ਟੈਕਸ ਕਲੈਕਟਰਸ ਟੈਕਸ ਵਸੂਲਦੇ ਸਨ। 19ਵੀਆਂ ਸਦੀ ਦੇ ਸ਼ਾਸਕਾਂ ਨੇ ਉੱਥੇ ਇਹ ਨਿਯਮ ਬਣਾਇਆ ਸੀ ਕਿ ਛੋਟੀ ਜਾਤੀ ਦੀ ਔਰਤਾਂ ਆਪਣੇ ਸਰੀਰ ਨੂੰ ਉੱਤੇ ਤੋਂ ਢੱਕ ਨਹੀਂ ਸਕਦੀਆਂ। ਉਨ੍ਹਾਂ ਨੂੰ ਉਸਨੂੰ ਖੁੱਲਾ ਰੱਖਣਾ ਹੋਵੇਗਾ। ਜੇਕਰ ਕੋਈ ਔਰਤ ਆਪਣਾ ਊਪਰੀ ਸ਼ਰੀਰ ਢੱਕਦੀ ਹੈ ਤਾਂ ਉਸਨੂੰ ਟੈਕਸ ਦੇਣਾ ਹੋਵੇਗਾ। ਇੱਥੇ ਦੀ ਇੱਕ ਬਹਾਦਰ ਔਰਤ ਨਾਂਗੇਲੀ ਦੀ ਕੁਰਬਾਨੀ ਦੀ ਬਦੌਲਤ ਇਹ ਪ੍ਰਥਾ ਖਤਮ ਹੋਈ। ਇਸ ਔਰਤ ਨੇ ਆਪਣੇ ਸਰੀਰ ਨੂੰ ਢਕਿਆ ਅਤੇ ਟੈਕਸ ਲੈਣ ਵਾਲੇ ਅਧਿਕਾਰੀ ਨੂੰ ਆਪਣੀ ਬਰੈਸਟ ਕੱਟਕੇ ਹੀ ਟੈਕਸ ਦੇ ਰੂਪ ਵਿੱਚ ਦੇ ਦਿੱਤੀ। ਨਾਂਗੇਲੀ ਦੀ ਮੌਤ ਹੋ ਗਈ, ਪਰ ਉਸ ਘਟਨਾ ਦੇ ਅਗਲੇ ਹੀ ਦਿਨ ਤਰਾਵਨਕੋਰ ਦੇ ਮਹਾਰਾਜੇ ਨੇ ਇਹ ਟੈਕਸ ਹਟਾ ਦਿੱਤਾ।

**ਟੈਟੂ ਟੈਕਸ** : ਅਮਰੀਕਾ ਦੇ ਅਰਕਾਨਸਾਸ ਵਿੱਚ ਟੈਟੂ ਬਣਵਾਉਣ ਉੱਤੇ ਵੀ ਟੈਕਸ ਲਗਾਇਆ ਜਾਂਦਾ ਹੈ। ਸਾਲ 2005 ਵਿੱਚ ਸਰਕਾਰ ਨੇ ਟੈਟੂ ਬਣਵਾਉਂਣ ਅਤੇ ਬਾਡੀ ਪੀਅਰਸਿੰਗ ਸਰਵਿਸ ਉੱਤੇ 6 ਫੀਸਦੀ ਦਾ ਟੈਕਸ ਲਗਾਇਆ ਹੈ।

**(ਪਿਸ਼ਾਬ) ਯੂਰੀਨਲ ਉੱਤੇ ਟੈਕਸ** : ਯੂਰਿਨਲ ਟੈਕਸ ਰੈਵਨਿਊ ਵਸੂਲ ਕਰਨ ਦਾ ਇੱਕ ਜਰੀਆ ਸੀ। ਰੋਮ ਦੇ ਰਾਜੇ ਵੇਸਪੇਸ਼ਨ ਨੇ ਇਹ ਟੈਕਸ ਲਗਾਇਆ ਸੀ। ਪਰ ਉਸਦੇ ਬੇਟੇ ਟਾਇਟਸ ਨੇ ਇਸਦਾ ਵਿਰੋਧ ਕੀਤਾ। ਉਸਦਾ ਕਹਿਣਾ ਸੀ ਕਿ ਯੂਰੀਨਲ ਉੱਤੇ ਟੈਕਸ ਲਗਾਉਣਾ ਗਲਤ ਹੈ। ਉਸਨੇ ਆਪਣੇ ਪਿਤਾ ਨੂੰ ਕਿਹਾ ਕਿ ਯੂਰੀਨਲ ਉੱਤੇ ਟੈਕਸ ਦੇ ਪੈਸਿਆਂ ਤੋਂ ਉਸ ਨੂੰ ਬਦਬੋ ਆਉਂਦੀ ਹੈ

**ਦਾੜੀ ਰੱਖਣ ਉੱਤੇ ਟੈਕਸ** : 1705 ਵਿੱਚ ਰੂਸੀ ਰੂਲਰ ਪੀਟਰ ਦ ਗਰੇਟ ਨੇ ਦਾੜੀ ਟੈਕਸ ਲਾਗੂ ਕੀਤਾ। ਉਹ ਯੂਰੋਪ ਦੇ ਕਲੀਨ ਸ਼ੇਵ ਵਾਲੇ ਕਲਚਰ ਦੀ ਨਕਲ ਕਰਨਾ ਚਾਹੁੰਦਾ ਸੀ। ਅਜਿਹੇ ਵਿੱਚ ਜੋ ਲੋਕ ਦਾੜੀ ਰੱਖਦੇ ਸਨ ਉਨ੍ਹਾਂ ਉੱਤੇ ਟੈਕਸ ਲਗਾਇਆ ਜਾਂਦਾ ਸੀ। ਦਾੜੀ ਰੱਖਣ ਵਾਲੇ ਲੋਕਾਂ ਨੂੰ ਆਪਣੇ ਕੋਲ ਇੱਕ ਟੋਕਨ ਰੱਖਣਾ ਹੁੰਦਾ ਸੀ, ਜੋ ਇਸ ਗੱਲ ਦਾ ਪ੍ਰਮਾਣ ਹੁੰਦਾ ਸੀ ਕਿ ਉਨ੍ਹਾਂ ਨੇ ਟੈਕਸ ਭਰ ਦਿੱਤਾ ਹੈ। ਲੋਕ ਦਾੜੀ ਰੱਖਣ ਤੋਂ ਪਰਹੇਜ ਕਰਨ ਇਸਦੇ ਲਈ ਟੋਕਨ ਉੱਤੇ ਇਹ ਵੀ ਲਿਖਿਆ ਹੁੰਦਾ ਸੀ ਕਿ ਦਾੜੀ ਸਿਰਫ਼ ਇੱਕ ਬੋਝ ਹੈ।

**ਤਾਸ਼ ਦੇ ਪੱਤਿਆਂ ਉੱਤੇ ਟੈਕਸ** : ਅਮਰੀਕਾ ਦੇ ਅਲਾਬਾਮਾ ਵਿੱਚ ਤਾਸ਼ ਦੇ ਪੱਤੇ ਖਰੀਦਣ ਅਤੇ ਵੇਚਣ ਉੱਤੇ ਟੈਕਸ ਲੱਗਦਾ ਹੈ। ਖਰੀਦਣ ਵਾਲੇ ਨੂੰ ਹਰ ਡੇਕ ਉੱਤੇ 10 ਸੇਂਟ ਖਰਚ ਕਰਨੇ ਹੁੰਦੇ ਹਨ ਉਥੇ ਹੀ ਵੇਚਣ ਵਾਲੇ ਨੂੰ 1 ਡਾਲਰ ਦਾ ਟੈਕਸ ਦੇਣਾ ਹੁੰਦਾ ਹੈ। ਇਸਦੇ ਇਲਾਵਾ ਵੇਚਣ ਵਾਲੇ ਨੂੰ 3 ਡਾਲਰ ਦੀ ਲਾਇਸੇਂਸ ਫੀਸ ਵੀ ਅਦਾ ਕਰਨੀ ਪੈਂਦੀ ਹੈ।

## ਟਰੰਪ ਦੇ ਜਹਾਜ਼ **ਏਅਰ ਫੋਰਸ ਵਨ** 'ਚ ਲੱਗੇ 2 ਰੈਫ੍ਰੀਜ਼ਰੇਟਰਾਂ ਨੂੰ ਬਦਲਣ ਲਈ ਖਰਚੇ ਜਾਣਗੇ 24 ਮਿਲੀਅਨ ਡਾਲਰ

ਵਾਸ਼ਿੰਗਟਨ — ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਹਾਜ਼ 'ਏਅਰ ਫੋਰਸ ਵਨ' 'ਚ ਲੱਗੇ 2 ਰੈਫ੍ਰੀਜ਼ਰੇਟਰਾਂ ਨੂੰ ਬਦਲਿਆ ਜਾਣਾ ਹੈ। ਟਰੰਪ ਪ੍ਰਸ਼ਾਸਨ ਨੇ ਇਸ ਦੇ ਲਈ ਜਹਾਜ਼ ਅਤੇ ਉਸ ਦੇ ਪੁਰਜੇ ਬਣਾਉਣ ਵਾਲੀ ਕੰਪਨੀ ਬੋਇੰਗ ਤੋਂ 24 ਮਿਲੀਅਨ ਡਾਲਰ (ਕਰੀਬ 152 ਕਰੋੜ ਰੁਪਏ) ਦਾ ਸਮਝੌਤਾ ਕੀਤਾ ਹੈ। ਬੋਇੰਗ ਨੇ 1990 'ਚ ਪਹਿਲੀ ਵਾਰ ਰਾਸ਼ਟਰਪਤੀ ਦੇ ਇਸਤੇਮਾਲ ਲਈ ਏਅਰ ਫੋਰਸ ਵਨ ਜਹਾਜ਼ ਬਣਾਇਆ ਸੀ। ਇਸ ਤੋਂ ਬਾਅਦ ਹੁਣ ਤੱਕ ਇਸ 'ਚ ਲੱਗੇ ਰੈਫ੍ਰੀਜ਼ਰੇਟਰਾਂ ਨੂੰ ਨਹੀਂ ਬਦਲਿਆ ਗਿਆ ਹੈ। ਇਸ ਜਹਾਜ਼ 'ਚ ਲੱਗੇ 5 ਰੈਫ੍ਰੀਜ਼ਰੇਟਰਾਂ 'ਚ ਕਰੀਬ 3 ਹਜ਼ਾਰ ਪਲੇਟਾਂ ਰੱਖਣ ਦੀ ਸਮਰਥਾ ਹੈ। ਦਸੰਬਰ ਮਹੀਨੇ 'ਚ ਅਮਰੀਕੀ ਹਵਾਈ ਫੌਜ ਨੇ 5 'ਚੋਂ 2 ਰੈਫ੍ਰੀਜ਼ਰੇਟਰਾਂ ਨੂੰ ਬਦਲਣ ਲਈ ਬੋਇੰਗ ਦੇ ਨਾਲ ਕਰਾਰ ਪੂਰਾ ਕੀਤਾ ਸੀ। ਜਿਸ 'ਤੇ 24 ਮਿਲੀਅਨ ਦਾ ਖਰਚ ਆਉਣਾ ਹੈ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਡੋਨਾਲਡ ਟਰੰਪ ਨੇ ਏਅਰ ਫੋਰਸ ਵਨ ਦੀ ਕੀਮਤ 'ਤੇ ਸਵਾਲ ਚੁੱਕਦੇ ਹੋਏ ਹਵਾਈ ਫੌਜ ਨੂੰ ਬੋਇੰਗ ਨਾਲ ਕੀਤੇ ਕਰਾਰ ਨੂੰ ਰੱਦ ਕਰਨ ਨੂੰ ਕਿਹਾ ਸੀ। ਉਦੋਂ ਹਵਾਈ ਫੌਜ ਦੇ ਬੁਲਾਰੇ ਨੇ ਕਿਹਾ ਸੀ ਕਿ ਜਹਾਜ਼ 'ਚ ਲੱਗੇ ਉਪਕਰਣਾਂ ਨੇ ਠੀਕ ਢੰਗ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਹੈ, ਇਸ ਲਈ ਇਸ ਦਾ ਬਦਲਿਆ ਜਾਣਾ ਜ਼ਰੂਰੀ ਹੈ। ਉਥੇ ਇਕ ਸਲਾਹਕਾਰ ਨੇ ਦੱਸਿਆ ਕਿ ਜਹਾਜ਼ ਨੂੰ ਸੁਰੱਖਿਆ ਰੱਖਣ ਲਈ ਫੌਜ ਦੀਆਂ ਜ਼ਰੂਰਤਾਂ ਵਧ ਹੈ। ਇਸ ਦੇ ਕਾਰਨ ਜਹਾਜ਼ 'ਚ ਵਿਸ਼ੇਸ਼

## ਫਿਲਟਰ ਕੀਤਾ ਪਾਣੀ ਸਾਫ, ਪਰ ਸਿਹਤ ਲਈ ਉਪਯੋਗੀ ਨਹੀਂ: ਡਬਲਿਊ. ਐੱਚ. ਓ.

ਜਲੰਧਰ— ਵਿਸ਼ਵ ਸਿਹਤ ਸੰਗਠਨ (ਡਬਲਿਊ. ਐੱਚ. ਓ.) ਦੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਫਿਲਟਰ ਕੀਤਾ ਪਾਣੀ ਵੀ ਕਈ ਬੀਮਾਰੀਆਂ ਨੂੰ ਵਧਾ ਰਿਹਾ ਹੈ ਕਿਉਂਕਿ ਪਾਣੀ ਨੂੰ ਫਿਲਟਰ ਕਰਦੇ ਸਮੇਂ ਇਸ ਵਿਚ ਮੌਜੂਦ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ। ਇਹ ਖੁਲਾਸਾ ਦਿੱਲੀ ਤੋਂ ਆਏ ਡਾ. ਅਮਰਜੀਤ ਸਿੰਘ ਨੇ ਕੀਤਾ, ਜਿਨ੍ਹਾਂ ਨੇ ਦੇਸ਼ ਦੇ ਪ੍ਰਮੁੱਖ ਹਸਪਤਾਲਾਂ ਵਿਚ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਮੇਂ ਉਹ ਪੰਜਾਬ ਵਿਚ ਪਾਣੀ ਦੀ ਸ਼ੁੱਧਤਾ ਅਤੇ ਉਸ ਵਿਚ ਪੋਸ਼ਕ ਤੱਤਾਂ ਨੂੰ ਬਣਾਈ ਰੱਖਣ ਲਈ ਜਾਗਰੂਕਤਾ ਮੁਹਿੰਮ ਚਲਾ ਰਹੇ ਹਨ। ਜਾਪਾਨ ਦੀ ਇਕ ਮਸ਼ੀਨ ਦੀ ਮਦਦ ਨਾਲ ਪਾਣੀ ਵਿਚ ਪੋਸ਼ਕ ਤੱਤਾਂ ਨੂੰ ਬਣਾਈ ਰੱਖਣ ਵਿਚ ਮਦਦ ਮਿਲਦੀ ਹੈ ਜੋ ਵਿਅਕਤੀ ਦੀ ਸਿਹਤ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜਾਪਾਨ ਵਿਚ ਇਸ ਮਸ਼ੀਨ ਨਾਲ ਸ਼ੁੱਧ ਕੀਤੇ ਪਾਣੀ ਨੂੰ 'ਮਿਰੇਕਲ ਵਾਟਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਪਾਣੀ ਵਿਚ ਪੂਰੇ ਖਣਿਜ ਪਦਾਰਥ ਅਤੇ ਐਲਕਲੀਨ ਮੌਜੂਦ ਰਹਿੰਦਾ ਹੈ। ਇਹ ਪਾਣੀ ਸਰੀਰ ਵਿਚ ਸੈੱਲਾਂ ਅਤੇ ਆਰਗਨ ਨੂੰ ਸਾਫ ਕਰਨ ਵਿਚ ਸਹਾਇਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਾਪਾਨ ਵਿਚ ਕਈ ਸਾਲ ਤੋਂ ਉਕਤ ਪਾਣੀ ਦੀ ਵਰਤੋਂ ਹੁੰਦੀ ਆ ਰਹੀ ਹੈ। ਇਸ ਮਸ਼ੀਨ ਵਿਚ 7 ਪਲੈਟੀਨਮ ਦੀਆਂ ਪਲੇਟਾਂ ਲੱਗੀਆਂ ਹੁੰਦੀਆਂ ਹਨ ਜੋ ਪਾਣੀ ਨੂੰ ਤੋੜਨ ਦਾ ਕੰਮ ਕਰਦੀਆਂ ਹਨ। ਇਸ ਨਾਲ ਇਕ ਤਾਂ ਪਾਣੀ ਸਾਫ ਰਹਿੰਦਾ ਹੈ ਅਤੇ ਦੂਜਾ ਪਾਣੀ ਵਿਚ ਮਿਨਰਲਸ ਦੀ ਮੌਜੂਦਗੀ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਬਾਜ਼ਾਰ ਵਿਚ ਕਈ ਤਰ੍ਹਾਂ ਦੀਆਂ ਆਰ. ਓ. ਮਸ਼ੀਨਾਂ ਆ ਚੁੱਕੀਆਂ ਹਨ ਪਰ ਇਹ ਪਾਣੀ ਭਾਵੇਂ ਸਾਫ ਤਾਂ ਹੋਵੇ ਪਰ ਸਿਹਤ ਲਈ ਉਪਯੋਗੀ ਨਹੀਂ ਕਿਹਾ ਜਾ ਸਕਦਾ। ਸਿਹਤ ਵਧਾਊ ਪਾਣੀ ਨਾ ਸਿਰਫ ਸ਼ੁੱਧ ਹੁੰਦਾ ਹੈ, ਸਗੋਂ ਉਹ ਚੰਗੀ ਸਿਹਤ ਲਈ ਪਾਣੀ ਵਿਚ ਪੋਸ਼ਕ ਤੱਤਾਂ, ਐਲਕਲਾਨਿਟੀ, ਐਂਟੀ-ਆਕਸੀਡੈਂਟ ਨੇਚਰ, ਗੁੱਡ ਹਾਈਡ੍ਰੇਸ਼ਨ ਅਤੇ ਡਿਟੋਫਿਕੇਸ਼ਨ ਨੂੰ ਬਣਾਈ ਰੱਖਦਾ ਹੈ। ਅਸਲ ਵਿਚ ਮਸ਼ੀਨਾਂ ਵਿਚ ਫਿਲਟਰ ਮਾਮੂਲੀ ਹੁੰਦਾ ਹੈ ਅਤੇ ਨਾਲ ਹੀ ਉਸ ਵਿਚ ਕੈਮੀਕਲ ਸਲਿਊਸ਼ਨ ਵੀ ਨਹੀਂ ਹੁੰਦਾ ਜੋ ਪਾਣੀ ਨੂੰ ਤੋੜ ਸਕੇ।

## ਦੁਨੀਆਂ 'ਚ ਇਸ ਜਗ੍ਹਾ ਹੁੰਦੀ ਹੈ ਸਿਰਫ 40 ਮਿੰਟ ਦੀ ਰਾਤ



ਦਿਨਭਰ ਦੀ ਭੱਜਦੌੜ ਤੋਂ ਬਾਅਦ ਰਾਤ ਦਾ ਸਕੂਨ ਕੌਣ ਪਸੰਦ ਨਹੀਂ ਕਰਦਾ। ਥੱਕਿਆ ਹਾਰਿਆ ਆਦਮੀ ਰਾਤ ਦੇ ਅਰਾਮ ਤੋਂ ਬਾਅਦ ਤਰੋਤਾਜਾ ਮਹਿਸੂਸ ਕਰਦਾ ਹੈ, ਕਹਿਣ ਤੋਂ ਭਾਵ ਕਿ ਰਾਤ ਦਾ ਆਦਮੀ ਦੀ ਜਿੰਦਗੀ ਵਿੱਚ ਬੜਾ ਮਹੱਤਵ ਹੁੰਦਾ ਹੈ। ਪਰ ਜੇ ਰਾਤ ਸਿਰਫ 40 ਮਿੰਟ ਦੀ ਹੋਵੇ ? ਸੁਣਨ 'ਚ ਬੜਾ ਅਜੀਬ ਲੱਗਦਾ ਹੈ ਪਰ ਇਹ ਸੱਚ ਹੈ। ਨਾਰਵੇ ਦਾ ਹੈਮਰਫੋਸਟਰ ਸ਼ਹਿਰ ਇੱਥੇ 12 ਵਜ ਕੇ 43 ਮਿੰਟ 'ਤੇ ਸੂਰਜ ਛਿਪਦਾ ਹੈ ਮਹਿਜ 40 ਮਿੰਟ ਬਾਅਦ ਦੁਬਾਰਾ ਚੜ ਜਾਂਦਾ ਹੈ।

**ਕੀ ਅਜਿਹਾ ਪੂਰਾ ਸਾਲ ਹੁੰਦਾ ਹੈ** - ਨਾਰਵੇ ਆਰਕਟਿਕ ਸਰਕਲ ਦੇ ਅੰਦਰ ਆਉਂਦਾ ਹੈ। ਇੱਥੇ 40 ਮਿੰਟ ਦੀ ਸਾਲ ਦੇ ਮਈ ਤੋਂ ਜੁਲਾਈ ਤੱਕ ਹੁੰਦੀ ਹੈ। ਇਸ ਲਈ ਨਾਰਵੇ ਨੂੰ ਐਂਟੀ ਆਫ ਮਿਡ ਨਾਈਟ ਕਿਹਾ ਜਾਂਦਾ ਹੈ। ਦੇਸ਼ ਦੀਆਂ ਸੀਮਾਵਾਂ ਪੂਰਵ 'ਚ ਸਵੀਡਨ ਨੂੰ ਲੱਗਦੀਆਂ ਹਨ ਅਤੇ ਉੱਤਰ 'ਚ ਕੁੱਝ ਖੇਤਰ ਫਿਨਲੈਂਡ ਨਾਲ ਲੱਗਦਾ ਹੈ। ਇੱਥੇ ਦਾ (ਨੈਚੂਰਲ) ਕੁਦਰਤੀ ਨਜਾਰਾ ਵੇਖਣਯੋਗ ਹੈ। ਅਤੇ ਇਹੀ ਨਜਾਰਾ ਇਸ ਨੂੰ ਹੋਰਾਂ ਤੋਂ ਵੱਖ ਬਣਾਉਂਦਾ ਹੈ।

**ਕਿਉਂ ਹੁੰਦੀ ਹੈ 40 ਮਿੰਟ ਦੀ ਰਾਤ:-** 21 ਜੂਨ ਅਤੇ 22 ਦਸੰਬਰ ਦੀ ਤਾਰੀਕਾਂ ਅਜਿਹੀਆਂ ਹਨ ਜਿਸ ਵਿੱਚ ਸੂਰਜ ਦੀ ਰੌਸ਼ਨੀ ਧਰਤੀ ਦੇ ਸਮਾਨ ਭਾਗਾਂ 'ਚ ਨਹੀਂ ਫੈਲਦੀ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਧਰਤੀ 66 ਡਿਗਰੀ ਦਾ ਕੋਣ ਬਣਾਕੇ ਘੁੰਮਦੀ ਹੈ, ਇਸ ਝੁਕਾਅ ਦੀ ਵਜ੍ਹਾ ਨਾਲ ਦਿਨ ਤੇ ਰਾਤ ਦੇ ਟਾਈਮ 'ਚ ਫਰਕ ਆ ਜਾਂਦਾ ਹੈ। ਨਾਰਵੇ 'ਚ 40 ਮਿੰਟ ਦੀ ਰਾਤ 21 ਜੂਨ ਵਾਲੀ ਸਥਿਤੀ ਕਾਰਨ ਹੁੰਦੀ ਹੈ। ਉਸ ਸਮੇਂ 66 ਡਿਗਰੀ ਉੱਤਰੀ ਵਿਥਕਾਰ ਤੋਂ 90 ਡਿਗਰੀ ਉੱਤਰੀ ਵਿਥਕਾਰ ਤੱਕ ਦਾ ਧਰਤੀ ਦਾ ਪੂਰਾ ਹਿੱਸਾ ਸੂਰਜ ਦੀ ਰੌਸਨੀ 'ਚ ਰਹਿੰਦਾ ਹੈ। ਜਿਸ ਨਾਲ ਸੂਰਜ ਸਿਰਫ 40 ਮਿੰਟ ਲਈ ਹੀ ਡੁੱਬਦਾ ਹੈ।

## 35,000 ਫੁੱਟ ਦੀ ਉਚਾਈ 'ਤੇ ਬੱਚੇ ਦੀ ਡਿਲੀਵਰੀ ਕਰਵਾ ਕੇ ਇਹ ਭਾਰਤੀ ਡਾਕਟਰ ਬਣਿਆ ਹੀਰੋ






ਨਵੀਂ ਦਿੱਲੀ: ਭਾਰਤੀ ਮੂਲ ਦੇ ਡਾਕਟਰ ਨੇ 35,000 ਫੁੱਟ ਦੀ ਉਚਾਈ 'ਤੇ ਬੱਚੇ ਦੀ ਡਿਲੀਵਰੀ ਕਰਵਾ ਕੇ ਡਾਕਟਰੀ ਫਰਜ਼ ਤੇ ਇਨਸਾਨੀਅਨ ਦੀ ਖੂਬਸੂਰਤ ਮਿਸਾਲ ਪੇਸ਼ ਕੀਤੀ। ਮਹਿਲਾ ਨੇ ਇੱਕ ਤੰਦਰੁਸਤ ਪੁੱਤਰ ਨੂੰ ਜਨਮ ਦਿੱਤਾ। ਬੀਤੀ 17 ਦਸੰਬਰ ਨੂੰ ਡਾਕਟਰ ਸਿਜ਼ ਹੇਮਲ ਪੈਰਿਸ ਵਿੱਚ ਆਪਣੇ ਦੋਸਤ ਦੇ ਵਿਆਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਅਮਰੀਕਾ ਜਾ ਰਹੇ ਸੀ। ਉਦੋਂ ਨਵੀਂ ਦਿੱਲੀ ਤੋਂ ਅਮਰੀਕਾ ਜਾ ਰਹੀ ਉਨ੍ਹਾਂ ਦੀ ਫਲਾਈਟ ਵਿੱਚ ਜਦੋਂ ਜਹਾਜ਼ 35,000 ਫੁੱਟ ਦੀ ਉਚਾਈ 'ਤੇ ਸੀ ਤਾਂ ਅਚਾਨਕ ਮਹਿਲਾ ਮੁਸਾਫਰ ਨੂੰ ਜਣੇਪਾ ਪੀੜ ਹੋਣੀ ਸ਼ੁਰੂ ਹੋ ਗਈ। ਟੋਇਨ ਓਗੁੰਡਿਪ ਨਾਂ ਦੀ ਮਹਿਲਾ ਨੇ ਜਦੋਂ ਜਹਾਜ਼ ਦੇ ਸਹਾਇਕ ਨੂੰ ਬੁਲਾਉਣਾ ਚਾਹਿਆ ਤਾਂ ਉਸ ਦੀ ਪ੍ਰੇਸ਼ਾਨੀ ਵੇਖ ਡਾਕਟਰ ਸਿਜ਼ ਦੇ ਨਾਲ ਬੈਠੇ ਮੁਸਾਫਰ ਨੇ ਉਨ੍ਹਾਂ ਨੂੰ ਉਸ ਔਰਤ ਦੀ ਮਦਦ ਕਰਨ ਲਈ ਕਿਹਾ। ਜਿਸ ਥਾਂ 'ਤੇ ਜਹਾਜ਼ ਉੱਡ ਰਿਹਾ ਸੀ, ਉੱਥੋਂ ਐਮਰਜੈਂਸੀ ਲੈਂਡਿੰਗ ਲਈ ਨੇੜਲੇ ਹਵਾਈ ਅੱਡਾ ਵੀ ਦੋ ਘੰਟਿਆਂ ਦੀ ਦੂਰੀ 'ਤੇ ਸੀ। ਡਾ. ਸਿਜ ਨੇ ਦੱਸਿਆ ਕਿ ਗਰਭਵਤੀ ਮਹਿਲਾ ਕੋਲ ਸਿਰਫ 10 ਮਿੰਟ ਦਾ ਹੀ ਸਮਾਂ ਬਚਿਆ ਸੀ, ਇਸ ਲਈ ਉਨ੍ਹਾਂ ਹਵਾ ਵਿੱਚ ਹੀ ਜਣੇਪਾ ਕਰਵਾਉਣ ਦਾ ਫੈਸਲਾ ਕੀਤਾ। ਡਾ. ਸਿਜ਼ ਦੀ ਕੋਸ਼ਿਸ਼ ਤੋਂ ਬਾਅਦ ਗਰਭਵਤੀ ਮਹਿਲਾ ਬਿਨਾ ਕਿਸੇ ਖਾਸ ਮੁਸ਼ਕਲ ਤੋਂ ਬੱਚੇ ਨੂੰ ਜਨਮ ਦਿੱਤਾ। ਫਲਾਈਟ ਵਿੱਚ ਨਵੀਂ ਬਣੀ ਮਾਂ ਨੇ ਕਿਹਾ ਕਿ ਡਾ. ਸਿਜ਼ ਨੇ ਉਹ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ ਜੋ ਇੱਕ ਨਰਸ ਤੇ ਮਿਡਵਾਈਫ ਕਰ ਸਕਦੀ ਹੈ। ਇਸ ਲਈ ਉਨ੍ਹਾਂ ਦਾ ਬਹੁਤ-ਬਹੁਤ ਸ਼ੁਕਰੀਆ।


## ਪਾਕਿਸਤਾਨੀ ਪਰਵਾਸੀ ਵੀ ਹੁਣ ਪਾ ਸਕਣਗੇ ਵੋਟ

ਇਸਲਾਮਾਬਾਦ— ਪਾਕਿਸਤਾਨ ਵਿਚ ਸੁਪਰੀਮ ਕੋਰਟ ਦੀ ਮਨਜ਼ੂਰੀ ਨਾਲ ਦੇਸ਼ ਦੇ ਸਭ ਤੋਂ ਵੱਡੇ ਡਾਟਾਬੇਸ ਮੈਨੇਜਰ ਨੇ ਏਕੀਕ੍ਰਿਤ ਇੰਟਰਨੈੱਟ ਵੋਟਿੰਗ ਸਿਸਟਮ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਰਾਸ਼ਟਰੀ ਡਾਟਾਬੇਸ ਅਤੇ ਰਜਿਸਟਰੇਸ਼ਨ ਅਥਾਰਿਟੀ (ਐੱਨ. ਏ. ਡੀ. ਆਰ. ਏ.) ਦੇ ਪ੍ਰਧਾਨ ਉਸਮਾਨ ਮੋਬਿਨ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਵਿਚ ਕਿਹਾ ਕਿ ਅਪ੍ਰੈਲ ਵਿਚ ਆਉਣ ਵਾਲੀਆਂ ਆਮ ਚੋਣਾਂ ਲਈ ਇਕ ਨਵੇਂ ਸਾਫਟਵੇਅਰ ਦਾ ਟੈਸਟ ਸਫਲ ਰਿਹਾ ਤਾਂ ਵਿਦੇਸ਼ਾਂ ਵਿਚ ਰਹਿਣ ਵਾਲੇ ਤਕਰੀਬਨ 7 ਲੱਖ ਪਾਕਸਤਾਨੀ ਵੀ ਆਉਣ ਵਾਲੀਆਂ ਆਮ ਚੋਣਾਂ ਵਿਚ ਵੋਟਿੰਗ ਕਰ ਸਕਣਗੇ। ਮੋਬਿਨ ਨੇ ਉੱਚ ਅਦਾਲਤ ਨੂੰ ਇਹ ਵੀ ਦੱਸਿਆ ਕਿ ਇਸ ਮਾਮਲੇ 'ਤੇ ਪਾਕਿਸਤਾਨ ਚੋਣ ਕਮਿਸ਼ਨ (ਈ. ਸੀ. ਪੀ.) ਨਾਲ ਵਿਸਤਾਰ ਵਿਚ ਚਰਚਾ ਹੋਈ ਹੈ। 15 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਹੀਨਿਆਂ ਦੇ ਅੰਦਰ ਇਸ ਸਾਫਟਵੇਅਰ ਨੂੰ ਵਿਕਸਿਤ ਕੀਤਾ ਜਾਵੇਗਾ। ਈ. ਸੀ. ਪੀ. ਪ੍ਰੋਜੈਕਟ ਲਈ ਲੋੜੀਂਦਾ ਫੰਡ ਮੁਹੱਈਆ ਕਰਵਾਏਗਾ। ਸਾਫਟਵੇਅਰ ਵਿਕਸਿਤ ਕਰਨ ਦਾ ਕੰਮ ਜਾਰੀ ਹੈ।

# ਕੀ ਤੁਸੀਂ ਜਾਣਦੇ ਹੋ ਦੁਨੀਆਂ ਦੇ ਸਭ ਤੋਂ ਫਿੱਟ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਾਰੇ?







ਕਿਸੇ ਵੀ ਦੇਸ਼ ਦੀ ਦਿੱਖ ਉਸ ਦੇ ਮੁਖੀ ਦੇ ਫੈਸਲਿਆਂ ਅਤੇ ਵਿਚਾਰਾਂ ਨਾਲ ਬਨਦੀ ਹੈ। ਉਸ 'ਤੇ ਕਾਫੀ ਜਿੰਮੇਵਾਰੀ ਹੁੰਦੀ ਹੈ, ਕਿਉਂਕਿ ਲੋਕ ਉਸ ਨੂੰ ਫਾਲੋ ਕਰਦੇ ਹਨ। ਆਓ ਜਾਣਦੇ ਹਾਂ ਕੁੱਝ ਟੌਪ ਲੀਡਰਾਂ ਦੇ ਬਾਰੇ ਜੋ ਸ਼ਰੀਰਕ ਤੌਰ 'ਤੇ ਖੁਦ ਨੂੰ ਫਿੱਟ ਰੱਖਦੇ ਹਨ। 'ਹੈਲਥ ਫਿਟਨਸ ਰੈਵੀਲਿਊਸ਼ਨ' ਵੈਬਸਾਈਟ ਨੇ ਮੰਗੋਲੀਆਂ ਦੇ ਪ੍ਰੈਜੀਡੈਂਟ ਨੂੰ Khalatmagin Batulga ਨੂੰ ਸਭ ਤੋਂ ਫਿਟ ਆਫ ਸਟੇਟ ਮੰਨਿਆ ਹੈ। Khalatmagin Batulga ਦੀ ਉਮਰ 54 ਸਾਲ ਹੈ, ਉਹ ਬੀਤੇ ਸਾਲ ਮੰਗੋਲੀਆਂ ਦੇ ਰਾਸ਼ਟਰਪਤੀ ਚੁਣੇ ਗਏ ਪਰ ਉਹ ਇੱਕ ਰਾਸ਼ਟਰਪਤੀ ਦੇ ਤੌਰ 'ਤੇ ਪ੍ਰਸਿੱਧ ਨਹੀਂ ਹਨ ਸਗੋਂ ਲੋਕ ਉਨ੍ਹਾਂ ਨੂੰ ਇੱਕ ਅਥਲੀਟ ਦੇ ਤੌਰ 'ਤੇ ਵੱਧ ਜਾਣਦੇ ਹਨ।

ਉਨ੍ਹਾਂ ਨੇ ਸੰਨ 1989 'ਚ ਉਲਾਨਬਟਾਰ 'ਚ ਰੈਸਲਿੰਗ ਚੈਂਪਨੀਅਨਸ਼ਿਪ ਜਿੱਤੀ ਸੀ। ਸੰਨ 1995 'ਚ ਉਨ੍ਹਾਂ ਨੂੰ ਮੰਗੋਲੀਆਂ ਦੇ ਸਰਵਉੱਚ ਖੇਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸੰਨ 2006 'ਚ ਉਹ ਮੰਗੋਲੀਆਂ ਜੂਡੋ ਫੈਡਰੇਸ਼ਨ ਦੇ ਚੇਅਰਮੈਨ ਬਣਾਏ ਗਏ, ਉਨ੍ਹਾਂ ਦੀ ਵਜ੍ਹਾ ਕਰਕੇ ਅੱਜ ਮੰਗੋਲੀਆ 'ਚ ਜੂਡੋ ਸਭ ਤੋਂ ਲੋਕਪ੍ਰਿਆ ਖੇਡ ਹੈ।ਉਹ ਅਕਸਰ ਜਿੰਮ 'ਚ ਪਸੀਨਾ ਵਹਾਉਂਦੇ ਹੋਏ ਆਪਣੀਆਂ ਫੋਟੋਆਂ ਇੰਸਟਾਗ੍ਰਾਮ 'ਤੇ ਅਪਲੋਡ ਕਰਦੇ ਰਹਿੰਦੇ ਹਨ।

**ਲਾਦਿਮੀਰ ਪੂਤਿਨ, ਉਮਰ 65 ਸਾਲ, ਰਾਸ਼ਟਰਪਤੀ -ਰੂਸ**

ਜੇ ਲਾਦਿਮੀਰ ਪੂਤਿਨ ਨੂੰ ਸਭ ਤੋਂ ਫਿੱਟ ਸਟੇਟ ਆਫ਼ ਹੈੱਡ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੂਤਿਨ ਸੱਤੇ ਦਿਨ ਕੰਮ ਕਰਦੇ ਹਨ। ਹਰ ਰੋਜ ਜਿੰਮ 'ਚ ਪਸੀਨਾ ਵਹਾਉਣ ਤੋਂ ਬਾਅਦ ਉਹ ਸਵੀਮਿੰਗ ਕਰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਸਵੀਮਿੰਗ ਕਰਦੇ ਹੋਏ ਉਹ ਦੇਸ਼ ਦੀ ਬੇਹਤਰੀ ਲਈ ਨਵੇਂ-ਨਵੇਂ ਵਿਚਾਰ ਸੋਚਦੇ ਹਨ। ਸਿਰਫ 13 ਸਾਲ ਦੀ ਉਮਰ ਤੋਂ ਮਾਰਸ਼ਲ ਆਰਟ ਦੀ ਟਰੇਨਿੰਗ ਸ਼ੈਸ਼ਨ ਵੀ ਲੈ ਰਹੇ ਹਨ। ਪੂਤਿਨ ਦੇ ਕੋਲ ਜੂਡੋ 'ਚ ਬਲੈਕ ਬੈਲਟ ਵੀ ਹੈ। ਇਸ ਤੋਂ ਇਲਾਵਾ ਉਹ 60 ਸਾਲ ਦੀ ਉਮਰ ਤੋਂ ਹਾਕੀ ਖੇਡ ਰਹੇ ਹਨ ਅਤੇ ਬਾਕੀ ਖਿਡਾਰੀਆਂ ਨੂੰ ਚੈਲਿੰਜ ਵੀ ਕਰਦੇ ਹਨ ਕਿ ਉਨ੍ਹਾਂ ਦੇ ਬਰਾਬਰ ਖੇਡ ਕੇ ਵਿਖਾਓ। ਉਹ ਸ਼ਰਾਬ ਤੋਂ ਦੂਰ ਰਹਿੰਦੇ ਹਨ, ਬਹੁਤ ਘੱਟ ਪਾਰਟੀਆਂ 'ਚ ਬਹੁਤ ਥੋੜੀ ਮਾਤਰਾ 'ਚ ਹੀ ਕਦੇ ਕਦਾਈ ਸੇਵਨ ਕਰਦੇ ਹਨ।

**ਜਸਟਿਨ ਟਰੂਡੋ, ਉਮਰ 45 ਸਾਲ, ਪ੍ਰਧਾਨ ਮੰਤਰੀ-ਕੈਨੇਡਾ**

ਕੈਨੇਡਾ ਦੇ ਸਭ ਤੋਂ ਪਾਪੂਲਰ ਸਖਸ਼ ਜਸਟਿਨ ਟੂਰਡੋ ਵੀ ਇਸ ਲਿਸਟ 'ਚ ਸ਼ਾਮਿਲ ਹਨ,ਸ਼ਖਤ ਸ਼ਡਿਊਲ ਦੇ ਬਾਵਜੂਦ ਉਹ ਹਰ ਰੋਜ ਸੈਰ ਕਰਦੇ ਹਨ, ਬਾਕਸਿੰਗ ਉਨ੍ਹਾਂ ਦਾ ਸ਼ੌਕ ਹੈ। ਕੈਨੇਡੇ ਦੇ ਪੀ ਐਮ ਮਸ਼ਹੂਰ ਗ੍ਰਾਸ ਗ੍ਰਿੰਡ ਮਾਊਂਟੇਨ ਦੀ 853 ਮੀਟਰ ਉਚਾਈ ਨੂੰ 36 ਮਿੰਟ 'ਚ ਪੂਰੀ ਕਰ ਚੁੱਕੇ ਹਨ, ਜਦੋਂ ਕਿ ਬਾਕੀ ਲੋਕ 90 ਮਿੰਟ 'ਚ ਪੂਰਾ ਨਹੀਂ ਕਰ ਪਾਉਂਦੇ। ਇਸ ਤੋਂ ਇਲਾਵਾ ਟੂਰਡੋ ਨੂੰ ਸਨੋਅਬੋਰਡ ਕੈਨਾਇੰਗ ਕਰਨ 'ਚ ਮਜਾ ਆਉਂਦਾ ਹੈ। ਉਹ ਅਕਸਰ ਯੋਗਾ ਕਰਦੇ ਨਜਰ ਆਉਂਦੇ ਹਨ।

ਬੈਂਜਾਮਿਨ ਨੇਤਨਯਾਹੂ (Benjamin Netanyahu) ਉਮਰ 68 ਸਾਲ, ਪੀ ਐਮ ਇਜਰਾਇਲ

ਸਾਬਕਾ ਸੈਨਿਕ ਰਹੇ ਇਜਰਾਇਲ ਪੀ ਐਮ **Benjamin Netanyahu** ਦੇ ਬਾਰੇ 'ਚ ਡਾਕਟਰਾਂ ਦਾ ਕਹਿਣਾ ਹੈ ਕਿ ਉਨਾਂ ਦੀ ਸਿਹਤ ਬਿਲਕੁੱਲ ਫਿੱਟ ਹੈ। ਨੇਤਨਯਾਹੂ ਖਾਣੇ 'ਚ ਬੈਲੇਂਸ ਡਾਈਟ 'ਤੇ ਯਕੀਨ ਰੱਖਦੇ ਹਨ। ਸਿਰਫ ਸ਼ਾਕਾਹਾਰੀ ਭੋਜਨ ਹੀ ਖਾਂਦੇ ਹਨ। ਉਹ ਇੱਕ ਦਿਨ ਵੀ ਸੈਰ ਕਰਨ ਨਹੀਂ ਜਾਂਦੇ, ਬਾਵਜੂਦ ਇਸ ਦੇ ਵੀ ਉਨ੍ਹਾਂ ਨੇ ਪਿਛਲੇ ਸਾਲ ਪੰਜ ਕਿੱਲੋ ਵਜਨ ਘੱਟ ਕਰ ਲਿਆ। ਸਿਰਫ ਸ਼ਾਕਾਂਹਾਰੀ ਖਾਣਾ ਅਤੇ ਫਲ ਉਨਾਂ ਦੀ ਰੋਜਨਾਂ ਜਿੰਦਗੀ ਦਾ ਹਿੱਸਾ ਹੈ। ਮੀਟਿੰਗ ਦੇ ਦੌਰਾਨ ਸਨੈਕਸ 'ਚ ਉਹ ਸਿਰਫ ਸਲਾਦ ਜਾਂ ਗਾਜਰ ਦੀ ਸਲਾਇਸ ਖਾਦੇ ਹਨ।

**ਮੈਲਕਮ ਟਰਬੁੱਲ, ਪੀ ਐਮ ਆਸਟਰੇਲੀਆ, ਉਮਰ 63 ਸਾਲ**

ਆਸਟਰੇਲੀਆਈ ਪ੍ਰਧਾਨ ਮੰਤਰੀ ਦੇਸ਼ ਨੂੰ ਚਲਾਉਣ ਲਈ ਖੁਦ ਨੂੰ ਫਿੱਟ ਰੱਖਣਾ ਜਾਣਦੇ ਹਨ। ਕੁੱਝ ਸਾਲ ਪਹਿਲਾਂ ਉਨ੍ਹਾਂ ਦਾ ਵਜਨ ਕਾਫੀ ਜਿਆਦਾ ਸੀ, ਪਰ ਉਨ੍ਹਾਂ ਨੇ ਡਾਈਟ ਬਦਲ ਕੇ ਆਪਣਾ 14 ਕਿੱਲੋ ਭਾਰ ਘੱਟ ਕੀਤਾ। ਟਰਨਬੁੱਲ ਐਨਰਜੀ ਵਧਾਉਣ ਲਈ ਸਾਈਕਲਿੰਗ ਵੀ ਕਰਦੇ ਹਨ ਅਤੇ ਨਾਲ ਹੀ ਸਿਹਤ ਸਬੰਧੀ ਕੁੱਝ ਵਿਸ਼ੇਸ਼ ਕਲਾਸਾਂ ਵੀ ਲਾ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਹੈਲਦੀ ਰਹਿਣਮ ਲਈ ਰੋਜਾਨਾਂ ਐਕਸਰਸਾਈਜ ਵੀ ਕਰਨੀ, ਜਰੂਰੀ ਹੈ।

**ਐਂਜਲਾ ਮਾਰਕਲ( Angela Merkel ),ਚਾਂਸਲਰ ਜਰਮਨੀ, ਉਮਰ 63 ਸਾਲ**

ਜਰਮਨੀ ਦੀ ਹੁਣ ਤੱਕ ਦੀ ਸਭ ਤੋਂ ਮਸ਼ਹੂਰ ਲੀਡਰ Angela Merkel ਚੌਥੀ ਵਾਰ ਦੇਸ਼ ਦੀ ਚਾਂਸਲਰ ਚੁਣੀ ਗਈ। ਉਨ੍ਹਾਂ ਨੇ ਵੀ ਡਾਈਟ ਹੈਬਿਟ 'ਚ ਕੁੱਝ ਬਦਲਾਅ ਕੀਤੇ ਹਨ।ਮੀਟਿੰਗ ਦੇ ਦੌਰਾਨ ਉਨ੍ਹਾਂ ਨੇ ਸੈਂਡਵਿਚ,ਅਤੇ ਬਿਸਕੁਟ ਦੀ ਥਾਂ ਹੁਣ ਕੱਚੀ ਗਾਜਰ ਅਤੇ ਕਾਲੀ ਮਿਰਚ ਰੱਖਣ ਦਾ ਆਦੇਸ਼ ਦਿੱਤਾ ਹੈ। ਮੀਡੀਆ ਰਿਪੋਰਟਾਂ ਦੇ ਮੁਤਾਬਿਕ ਮਾਰਕਲ ਨੇ 2013 'ਚ ਇੱਕ ਹਾਦਸੇ ਤੋਂ ਬਾਅਦ 13 ਕਿਲੋ ਵਜਨ ਘੱਟ ਕਿਤਾ ਹੈ। ਹੁਣ ਉਹ ਅੱਗੇ ਨਾਲ ਫਲਾਂ ਦਾ ਸੇਵਨ ਵੱਧ ਕਰਦੀ ਹੈ। ਉਨਾਂ ਦੀ ਦਿੱਖ ਜਿਆਦਾ ਫ੍ਰੈਸ਼ ਅਤੇ ਤੇਜ ਲੀਡਰ ਦੇ ਤੌਰ 'ਤੇ ਹੈ।

**ਨਰਿੰਦਰ ਮੋਦੀ, ਪ੍ਰਧਾਨ ਮੰਤਰੀ ਭਾਰਤ, ਉਮਰ 67 ਸਾਲ**

ਮੋਦੀ ਦੀ ਸਿਹਤ ਦਾ ਰਾਜ ਯੋਗ ਅਤੇ ਸਵੇਰ ਦੀ ਸੈਰ ਹੈ। ਉਹ 4 ਤੋਂ 5 ਦੇ ਵਿਚਕਾਰ ਸਵੇਰੇ ਆਪਣੇ ਘਰ 'ਤੇ ਹੀ ਕਾਫੀ ਸੈਰ ਕਰਦੇ ਹਨ। ਪੋਹਾ,ਖਰਖਰਾ,ਭਾਖਰੀ ਅਤੇ ਅਦਰਕ ਵਾਲੀ ਚਾਹ ਪੀਂਦੇ ਹਨ। ਪੂਰੀ ਤਰਾਂ ਨਾਲ ਸ਼ਾਕਾਹਾਰੀ ਮੋਦੀ ਖਾਣੇ 'ਚ ਸਾਦਾ ਗੁਜਰਾਤੀ ਖਾਣਾ ਪਸੰਦ ਕਰਦੇ ਹਨ। ?ਹ ਯੋਗਾ ਵੀ ਨਿਯਮਤ ਕਰਦੇ ਹਨ, ਇਹੀ ਉਨ੍ਹਾਂ ਦੀ ਸਿਹਤ ਦਾ ਰਾਜ ਹੈ।

# ਇਸ ਆਇਲੈਂਡ ਵਿੱਚ ਰਹਿੰਦੇ ਹਨ ਖੂੰਖਾਰ ਲੋਕ, ਇੱਥੇ ਜਾਣਾ ਹੈ ਮੌਤ ਨੂੰ ਬੁਲਾਵਾ ਦੇਣਾ



ਅੱਜ ਕੱਲ ਲੋਕਾਂ ਲਈ ਬਿਜਲੀ , ਇੰਟਰਨੇਟ ਅਤੇ ਮੋਬਾਇਲ ਆਮ ਜ਼ਰੂਰਤ ਹੈ, ਇਸਦੇ ਬਿਨਾਂ ਲੋਕਾਂ ਦਾ ਗੁਜਾਰਾ ਨਹੀਂ ਹੁੰਦਾ, ਹਰ ਛੋਟੀ ਤੋਂ ਛੋਟੀ ਚੀਜ ਲਈ ਇਸਦੀ ਜ਼ਰੂਰਤ ਪੈਂਦੀ ਹੈ, ਪਰ ਦੁਨੀਆ ਵਿੱਚ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਨਾ ਬਿਜਲੀ ਹੈ , ਨਾ ਮੋਬਾਇਲ ਹੈ ਅਤੇ ਨਾ ਹੀ ਇੰਟਰਨੈਟ। ਇਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਇਹ ਚੀਜ ਹੁੰਦੀ ਕੀ ਹੈ . ਇੱਥੇ ਜੋ ਵੀ ਜਾਂਦਾ ਹੈ ਉਸ ਉੱਤੇ ਇਹ ਹਮਲਾ ਕਰ ਦਿੰਦੇ ਹਨ, ਇਹ ਜਨਜਾਤੀ ਇੰਡੀਅਨ ਓਸ਼ਨ ਦੇ ਨਾਰਥ ਸੈਂਟੀਨਲ ਆਇਲੈਂਡ ਵਿੱਚ ਰਹਿੰਦੀ ਹੈ। ਡੇਲੀ ਮੇਲ ਦੀ ਖਬਰ ਦੇ ਮੁਤਾਬਕ , ਤਕਰੀਬਨ 60 ਹਜਾਰ ਸਾਲ ਤੋਂ ਇਹ ਲੋਕ ਰਹਿ ਰਹੇ ਹਨ, ਕਿਸੇ ਨਾਲ ਵੀ ਇਨ੍ਹਾਂ ਲੋਕਾਂ ਦਾ ਸੰਪਰਕ ਨਹੀਂ ਹੈ, ਜੋ ਵੀ ਇਨ੍ਹਾਂ ਨੂੰ ਮਿਲਿਆ ਹੈ ਇਨ੍ਹਾਂ ਲੋਕਾਂ ਨੇ ਹਮਲਾ ਹੀ ਕੀਤਾ ਹੈ, ਇੱਥੋਂ ਜੋ ਵੀ ਪਲੇਨ ਜਾਂ ਫਿਰ ਹੈਲੀਕੈਪਟਰ ਗੁਜਰਦਾ ਹੈ ਉਨ੍ਹਾਂ ਉੱਤੇ ਇਹ ਲੋਕ ਤੀਰਾਂ ਵਿੱਚ ਅੱਗ ਲਗਾਕੇ ਮਾਰਦੇ ਹਨ, ਇਨ੍ਹਾਂ ਉੱਤੇ ਯੂਟਿਊਬ ਉੱਤੇ ਇੱਕ ਛੋਟੀ ਸੀ ਡਾਕੂਮੈਂਟਰੀ ਹੈ ਜਿਸ ਉੱਤੇ 2 ਮਿਲੀਅਨ ਵਿਊਜ ਆਏ,ਇਸ ਵਿੱਚ ਥੋੜੀ ਬਹੁਤੀ ਇਨ੍ਹਾਂ ਦੀ ਜਾਣਕਾਰੀ ਹੈ।ਇਸ ਵੀਡੀਓ ਵਿੱਚ ਵੇਖਿਆ ਜਾ ਸਕਦਾ ਹੈ ਕਿ ਕੈਮਰਾਮੈਨ ਨੂੰ ਵੇਖਕੇ ਇਹ ਜਨਜਾਤੀ ਇਨਾ ਗੁੱਸਾ ਹੋ ਗਈ ਕਿ ਉਨ੍ਹਾਂ ਨੇ ਕੈਮਰਾਮੈਨ ਉੱਤੇ ਵਾਰ ਕਰਨ ਦੀ ਕੋਸ਼ਿਸ਼ ਕੀਤੀ। 2004 ਵਿੱਚ ਆਏ ਭੁਚਾਲ ਅਤੇ ਸੁਨਾਮੀ ਦੇ ਬਾਅਦ ਭਾਰਤ ਸਰਕਾਰ ਨੇ ਇਸ ਆਇਲੈਂਡ ਦੀ ਖਬਰ ਲੈਣ ਲਈ ਫੌਜ ਦਾ ਇੱਕ ਹੈਲੀਕਾਪਟਰ ਭੇਜਿਆ ਸੀ,ਪਰ ਇੱਥੇ ਦੇ ਲੋਕਾਂ ਨੇ ਉਸ ਉੱਤੇ ਵੀ ਹਮਲਾ ਕਰ ਦਿੱਤਾ, ਤਸਵੀਰਾਂ ਵਿੱਚ ਵੇਖਿਆ ਜਾ ਸਕਦਾ ਹੈ ਕਿ ਇਹ ਲੋਕ ਖੇਤੀ ਵੀ ਨਹੀਂ ਕਰਦੇ ਹਨ ਕਿਉਂਕਿ ਇੱਥੇ ਪੂਰਾ ਸੰਘਣਾ ਜੰਗਲ ਹੈ, ਇਹ ਲੋਕ ਇੱਥੇ ਸ਼ਿਕਾਰ ਕਰਕੇ ਖਾਂਦੇ ਹਨ ਜਾਂ ਨਾਰੀਅਲ ਦਾ ਪਾਣੀ ਪੀਂਦੇ ਹਨ।

## ਇਨਸਾਨਾਂ ਲਈ ਨਹੀਂ,ਜਾਨਵਰਾਂ ਲਈ ਬਣਾਏ ਗਏ ਹਨ ਇਹ ਅਨੌਖੇ ਪੁਲ




ਦੁਨੀਆ ਭਰ 'ਚ ਬਹੁਤ ਸਾਰੇ ਪੁਲ ਖੂਬਸੂਰਤ ਅਤੇ ਖਤਰਨਾਕ ਹੋਣ ਦੇ ਲਈ ਜਾਣੇ ਜਾਂਦੇ ਹਨ। ਤੁਹਾਨੂੰ ਵੀ ਦੁਨੀਆ ਦੇ ਬਹੁਤ ਸਾਰੇ ਖਤਰਨਾਕ ਪੁਲ ਦੇਖੇ ਹੋਣਗੇ ਪਰ ਅੱਜ ਅਸੀਂ ਤੁਹਾਨੂੰ ਜਾਨਵਰਾਂ ਦੀ ਰੱਖਿਆ ਦੇ ਲਈ ਬਣਾਏ ਗਏ ਪੁਲਾਂ ਦੇ ਬਾਰੇ 'ਚ ਦੱਸਣ ਜਾ ਰਹੇ ਹਾਂ। ਹਰ ਸਾਲ ਵਾਹਨਾਂ ਦੇ ਹੇਠਾਂ ਆ ਕੇ ਨਾ ਜਾਣੇ ਕਿੰਨੇ ਜਾਨਵਰ ਮਰ ਜਾਂਦੇ ਹਨ। ਇਕ ਸ਼ੋਧ ਦੇ ਅਨੁਸਾਰ ਅਮਰੀਕਾ ਦੀਆਂ ਸੜਕਾਂ 'ਤੇ ਹਰ ਦਿਨ ਕਰੀਬ 1 ਲੱਖ ਜਾਨਵਰ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲਈ ਕੁਝ ਦੇਸ਼ਾਂ ਨੇ ਜਾਨਵਰਾਂ ਨੂੰ ਬਚਾਉਣ ਦੇ ਲਈ ਛੋਟੇ-ਛੋਟੇ ਪੁਲ ਬਣਾਏ। ਸਭ ਤੋਂ ਪਹਿਲਾਂ ਇਹ ਪੁਲ 1950 'ਚ ਫਰਾਂਸ 'ਚ ਬਣਾਇਆ ਗਿਆ ਸੀ, ਜੋ ਕਿ ਜਾਨਵਰਾਂ ਦੇ ਲਈ ਇਸ ਸਮੇਂ ਦਾ ਸਭ ਤੋਂ ਲੰਬਾ ਪੁਲ ਹੈ।

# 15 ਸਾਲ ਛੋਟੇ ਮੁੰਡੇ ਨਾਲ ਵਿਆਹ ਕਰਵਾਉਣ ਲਈ ਦਿੱਤੇ ਇੰਨੇ ਕਰੋੜ

ਤਾਈਪੇ— ਚੀਨ ਦੇ ਹਾਯਨਾਨ ਸੂਬੇ ਵਿਚ ਇਕ ਔਰਤ ਨੇ ਆਪਣੇ ਤੋਂ 15 ਸਾਲ ਛੋਟੇ ਮੁੰਡੇ ਨਾਲ ਵਿਆਹ ਕਰਾਉਣ ਲਈ ਸਹੁਰੇ ਪਰਿਵਾਰ ਨੂੰ 5 ਲੱਖ ਯੁਆਨ ਭਾਵ 5 ਕਰੋੜ ਰੁਪਏ ਤੋਂ ਜ਼ਿਆਦਾ ਦਾਜ ਦੇ ਦਿੱਤਾ। ਤਾਈਵਾਨ ਦੀ ਇਕ ਨਿਊਜ਼ ਏਜੰਸੀ ਮੁਤਾਬਕ ਇਕ 38 ਸਾਲ ਦੀ ਔਰਤ ਨੇ 23 ਸਾਲ ਦੇ ਮੁੰਡੇ ਦੇ ਪਰਿਵਾਰ ਨੂੰ ਵਿਆਹ ਲਈ ਮਨਾਉਣ ਲਈ ਇਹ ਪੈਸੇ ਦਿੱਤੇ।ਦੱਸਣਯੋਗ ਹੈ ਕਿ ਇਹ ਵਿਆਹ 10 ਜਨਵਰੀ ਨੂੰ ਚੀਨ ਦੇ ਕਾਯਨਘਾਯ ਸ਼ਹਿਰ ਵਿਚ ਹੋਇਆ। ਔਰਤ ਆਪਣੇ ਪਤੀ ਤੋਂ ਸਿਰਫ 15 ਸਾਲ ਵੱਡੀ ਹੀ ਨਹੀਂ ਹੈ ਸਗੋਂ ਉਸ ਦਾ ਇਕ 14 ਸਾਲ ਦਾ ਮੁੰਡਾ ਵੀ ਹੈ। ਇਸ ਵਿਆਹ ਦੀ ਇਕ ਵੀਡੀਓ ਵੀ ਕਾਫੀ ਵਾਇਰਲ ਹੋ ਰਹੀ ਹੈ, ਜਿਸ ਵਿਚ ਸਾਫ ਦਿਖਾਈ ਦੇ ਰਿਹਾ ਹੈ ਕਿ ਔਰਤ ਕਾਫੀ ਅਮੀਰ ਹੈ। ਔਰਤ ਨੇ ਸੋਨੇ ਦਾ ਬ੍ਰੈਸਲੇਟ, ਹਾਰ ਅਤੇ ਈਅਰਰਿੰਗਸ ਪਹਿਨੇ ਹੋਏ ਹਨ। ਲਾੜਾ ਅਤੇ ਲਾੜੀ ਦੋਵੇਂ ਇਕ ਲਾਲ ਰੰਗ ਦੀ ਸਪੋਰਟਸ ਕਾਰ ਵਿਚ ਬੈਠੇ ਨਜ਼ਰ ਆ ਰਹੇ ਹਨ। ਖਬਰਾਂ ਮੁਤਾਬਕ ਪਹਿਲਾਂ ਮੁੰਡੇ ਦੇ ਪਰਿਵਾਰ ਨੇ ਇਸ ਵਿਆਹ ਨੂੰ ਮਨਜ਼ੂਰੀ ਨਹੀਂ ਦਿੱਤੀ ਸੀ ਪਰ ਜਦੋਂ ਉਨ੍ਹਾਂ ਨੂੰ ਦਾਜ ਦੀ ਰਕਮ ਦੇ ਬਾਰੇ ਵਿਚ ਪਤਾ ਲੱਗਾ ਤਾਂ ਉਨ੍ਹਾਂ ਇਸ ਜੋੜੇ ਨੂੰ ਆਸ਼ੀਰਵਾਦ ਦੇਣ



# ਇਹ ਹੈ ਦੁਨੀਆ ਦੀ ਪਹਿਲੀ 'ਬਿਨਾਂ ਬਾਹਾਂ ਵਾਲੀ ਪਾਇਲਟ' ਪੈਰਾਂ ਨਾਲ ਉਡਾਉਂਦੀ ਹੈ ਜਹਾਜ



ਵਾਸ਼ਿੰਗਟਨ— ਅਮਰੀਕਾ 'ਚ ਰਹਿਣ ਵਾਲੀ ਜੈਸੀਕਾ ਕੋਕਸ ਨਾਂ ਦੀ ਕੁੜੀ ਆਪਣੇ-ਆਪ ਨੂੰ ਵੱਖਰੇ ਤਰ੍ਹਾਂ ਦੀ ਯੋਗਤਾ ਰੱਖਣ ਵਾਲੀ ਦੱਸਦੀ ਹੈ, ਹਾਲਾਂਕਿ ਉਸ ਦਾ ਜਨਮ ਬਿਨਾਂ ਬਾਹਾਂ ਦੇ ਹੋਇਆ ਸੀ ਪਰ ਉਹ ਆਪਣਾ ਹਰ ਇਕ ਕੰਮ ਆਪ ਹੀ ਕਰਦੀ ਹੈ। ਉਸ ਨੇ ਆਪਣੀ ਜ਼ਿੰਦਗੀ ਨੂੰ ਇਸੇ ਤਰ੍ਹਾਂ ਅਪਣਾਇਆ ਅਤੇ ਆਪਣੀ ਹਰ ਇੱਛਾ ਪੂਰੀ ਕੀਤੀ। ਉਹ ਦੁਨੀਆ ਦੀ ਪਹਿਲੀ ਬਿਨਾਂ ਬਾਹਾਂ ਦੀ ਪਾਇਲਟ ਬਣਨ ਦਾ ਮਾਣ ਹਾਸਲ ਕਰ ਚੁੱਕੀ ਹੈ। ਜੈਸੀਕਾ ਮਾਰਸ਼ਲ ਆਰਟਸ ਦੀ ਸਿਖਲਾਈ ਵੀ ਲੈ ਚੁੱਕੀ ਹੈ। ਉਹ ਆਪਣੇ ਵਰਗੇ ਹੋਰਾਂ ਲੋਕਾਂ ਲਈ ਇਕ ਮਿਸਾਲ ਬਣੀ ਹੈ, ਜੋ ਸ਼ਾਇਦ ਕਈ ਵਾਰ ਹਿੰਮਤ ਹਾਰ ਜਾਂਦੇ ਹਨ। 34 ਸਾਲਾ ਜੈਸੀਕਾ ਨੇ ਦੱਸਿਆ ਕਿ ਉਹ ਆਪਣਾ ਸਾਰਾ ਕੰਮ ਖੁਦ ਹੀ ਕਰਦੀ ਹੈ। ਜਦ ਉਹ 25 ਸਾਲ ਦੀ ਸੀ ਤਦ ਉਸ ਨੇ ਪੈਰਾਂ ਨਾਲ ਜਹਾਜ਼ ਉਡਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਹ ਪੈਰਾਂ ਨਾਲ ਖਾਣਾ ਖਾਣ ਤੋਂ ਇਲਾਵਾ ਅੱਖਾਂ 'ਚ ਲੈਂਜ਼ ਲਗਾਉਣ, ਮੇਕਅੱਪ ਕਰਨ, ਮੋਬਾਈਲ ਚਲਾਉਣ, ਬੂਟਾਂ ਦੇ ਤਸਮੇ ਬੰਨ੍ਹਣ ਅਤੇ ਪਿਆਨੋ ਤਕ ਵਜਾਉਣ ਦਾ ਕੰਮ ਕਰ ਲੈਂਦੀ ਹੈ। ਉਹ ਖੁਦ ਨੂੰ ਕਿਸੇ ਵੀ ਤਰ੍ਹਾਂ ਨਾਲ ਅਪਾਹਜ ਨਹੀਂ ਮਹਿਸੂਸ ਕਰਦੀ ਪਰ ਕਈ ਵਾਰ ਲੋਕ ਉਸ 'ਤੇ ਭਰੋਸਾ ਕਰਨ ਤੋਂ ਡਰਦੇ ਹਨ। ਜਦ ਉਸ ਨੇ ਜਹਾਜ਼ ਉਡਾਉਣ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ ਸੀ ਤਾਂ ਉਸ ਦੇ ਦੋਸਤ ਹੀ ਉਸ ਨੂੰ ਕਹਿਣ ਲੱਗ ਗਏ ਸਨ ਕਿ ਉਹ ਇਹ ਕੰਮ ਨਹੀਂ ਕਰ ਸਕਦੀ। ਉਸ ਨੇ ਕਿਹਾ ਕਿ ਉਸ ਦੀਆਂ ਛੋਟੀਆਂ-ਛੋਟੀਆਂ ਜਿੱਤਾਂ ਹੀ ਉਸ ਨੂੰ ਖਾਸ ਬਣਾਉਂਦੀਆਂ ਹਨ। ਉਹ ਆਮ ਲੋਕਾਂ 'ਚ ਜਾ ਕੇ ਵਿਚਰਦੀ ਹੈ ਤੇ ਹੋਰਾਂ ਨੂੰ ਵੀ ਆਪਣੇ ਹੁਨਰ ਪਛਾਣਨ ਦੀ ਅਪੀਲ ਕਰਦੀ ਹੈ। ਸ਼ਨੀਵਾਰ ਨੂੰ ਉਸ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ,'' ਮੈਂ ਜੋ ਹਾਂ, ਉਸੇ 'ਚ ਖੁਸ਼ ਹਾਂ, ਮੈਨੂੰ ਬਾਹਾਂ ਤੇ ਹੱਥਾਂ ਦੀ ਲੋੜ ਹੀ ਨਹੀਂ ਕਿਉਂਕਿ ਮੇਰੇ ਪੈਰ ਹੀ ਮੇਰਾ ਸਾਰਾ ਕੰਮ ਕਰਦੇ ਹਨ। ਮੈਂ ਆਪਣੇ ਪੈਰਾਂ ਤੋਂ ਉਸੇ ਤਰ੍ਹਾਂ ਕੰਮ ਲੈਂਦੀ ਹਾਂ, ਜਿਵੇਂ ਲੋਕ ਹੱਥਾਂ ਤੋਂ ਲੈਂਦੇ ਹਨ।



# ਪੰਜਾਬੀ ਸਾਹਿਤ ਅਤੇ ਸਭਿਆਚਾਰ

ਪੰਜਾਬੀਅਤ ਦਾ ਮੁਰੀਦ

## ਨੰਦ ਲਾਲ ਨੂਰਪੁਰੀ



| | | |
|---|---|---|
| ਜਨਮ | : | 1906 |
| ਸਥਾਨ | : | ਪਿੰਡ ਨੂਰਪੁਰ, ਜਿਲ੍ਹਾ ਲਾਇਲਪੁਰ, ਬ੍ਰਿਟਿਸ਼ ਭਾਰਤ |
| ਅਕਾਲ ਚਲਾਣਾ | : | 13 ਮਈ 1966 |
| ਕਾਰਜ-ਖੇਤਰ | : | ਅਧਿਆਪਕ, ਕਵੀ, ਗੀਤਕਾਰ |
| ਜੀਵਨ-ਸਾਥੀ | : | ਸੁਮਿਤ੍ਰਾ ਦੇਵੀ |

ਨੰਦ ਲਾਲ ਨੂਰਪੁਰੀ (1906-1966) ਇੱਕ ਪੰਜਾਬੀ ਕਵੀ, ਲੇਖਕ ਅਤੇ ਗੀਤਕਾਰ ਸਨ। ਉਨ੍ਹਾਂ ਦਾ ਜਨਮ ਪਿਤਾ ਬਿਸ਼ਨ ਸਿੰਘ ਅਤੇ ਮਾਤਾ ਹੁਕਮ ਦੇਵੀ ਦੇ ਘਰ ਪਿੰਡ ਨੂਰਪੁਰ, ਜਿਲ੍ਹਾ ਲਾਇਲਪੁਰ ਅਤੇ ਬ੍ਰਿਟਿਸ਼ ਭਾਰਤ ਵਿੱਚ ਹੋਇਆ. ਉਨ੍ਹਾਂ ਆਪਣੀ ਪੜ੍ਹਾਈ ਖ਼ਾਲਸਾ ਸਕੂਲ ਅਤੇ ਖ਼ਾਲਸਾ ਕਾਲਜ ਲਾਇਲਪੁਰ ਤੋਂ ਕੀਤੀ। ਨੰਦ ਲਾਲ ਨੂਰਪੁਰੀ ਦਾ ਵਿਆਹ ਸੁਮਿਤ੍ਰਾ ਦੇਵੀ ਨਾਲ ਹੋਇਆ ਅਤੇ ਦੇਸ਼ ਦੀ ਵੰਡ ਤੋਂ ਬਾਅਦ ਉਹ ਜਲੰਧਰ ਆ ਵਸੇ।

ਮਸਤ-ਮੌਲਾ ਤੇ ਅੜਬੰਗ ਸ਼ਾਇਰ ਨੰਦ ਲਾਲ ਨੂਰਪੁਰੀ ਭਾਵੇਂ ਸਾਰੀ ਜ਼ਿੰਦਗੀ ਚੰਗਾ ਵਪਾਰੀ ਗੀਤਕਾਰ ਤੇ ਦੁਨੀਆਦਾਰ ਨਾ ਬਣ ਸਕਿਆ ਪਰ ਉਸ ਦੇ ਗੀਤਾਂ ਅੱਜ ਵੀ ਕੋਈ ਸਾਨੀ ਨਹੀਂ। ਗ੍ਰਹਿਸਥੀ ਜੀਵਨ ਨੂੰ ਚਲਾਉਣ ਲਈ ਨੂਰਪੁਰੀ ਕੁਝ ਸਮਾਂ ਅਧਿਆਪਨ ਦਾ ਕਾਰਜ ਕਰਨ ਤੋਂ ਬਾਅਦ ਰਿਆਸਤ ਬੀਕਾਨੇਰ ਵਿੱਚ ਥਾਣੇਦਾਰ ਲੱਗ ਗਿਆ ਪਰ ਕਵੀ ਮਨ ਨੂੰ ਇਹ ਨੌਕਰੀ ਰਾਸ ਨਾ ਆਈ। ਸਿੱਟੇ ਵਜੋਂ ਥਾਣੇਦਾਰੀ ਛੱਡ ਉਹ ਮੁੜ ਲਾਇਲਪੁਰ ਆ ਗਿਆ। ਜੇ ਗੱਲ ਸਾਹਿਤਕ ਸਫ਼ਰ ਦੀ ਕਰੀਏ ਤਾਂ ਨੰਦ ਲਾਲ ਨੂਰਪੁਰੀ ਨੇ ਗੀਤਾਂ ਤੋਂ ਇਲਾਵਾ ਗ਼ਜ਼ਲਾਂ ਅਤੇ ਕਵਿਤਾਵਾਂ 'ਤੇ ਵੀ ਹੱਥ ਅਜ਼ਮਾਇਆ। ਨੂਰਪੁਰੀ ਨੇ ਪੰਜਾਬੀ ਸਾਹਿਤ ਦੀ ਝੋਲੀ ਨੂਰਪੁਰੀਆ (ਪਹਿਲੀ ਵਾਰ ਉਰਦੂ ਅੱਖਰਾਂ ਵਿੱਚ ਛਪੀ), ਚੰਗਿਆੜੇ, ਜਿਉਂਦਾ ਪੰਜਾਬ, ਵੰਗਾਂ, ਸੌਗਾਤ, ਪੰਜਾਬ ਬੋਲਿਆ ਤੇ ਆਰੀ ਸੁਗਾਤ (ਮਰਨ ਉਪਰੰਤ) ਪੁਸਤਕਾਂ ਪਾਈਆਂ। ਭਾਸ਼ਾ ਵਿਭਾਗ ਪੰਜਾਬ ਨੇ 1960 ਵਿੱਚ ਸੁਗਾਤ ਕਾਵਿ-ਸੰਗ੍ਰਹਿ ਦੇ ਖਰੜੇ ਨੂੰ ਸ਼੍ਰੋਮਣੀ ਕਾਵਿ ਕਰਾਰ ਦੇ ਕੇ ਨੂਰਪੁਰੀ ਨੂੰ ਉੱਤਮ ਕਵੀ ਦੇ ਤੌਰ 'ਤੇ ਸਨਮਾਨਿਤ ਕੀਤਾ।

ਨੰਦ ਲਾਲ ਨੂਰਪੁਰੀ ਨੇ ਆਪਣਾ ਜੀਵਨ ਚੱਪਲਾਂ ਨਾਲ ਅਤੇ ਸਾਈਕਲ ਉੱਪਰ ਤੈਅ ਕੀਤਾ ਪਰ ਉਸ ਦੇ ਲਿਖੇ ਗੀਤਾਂ ਨੇ ਉਸ ਸਮੇਂ ਦੇ ਨਾਮਵਰ ਗਾਇਕਾਂ ਆਸ਼ਾ ਸਿੰਘ ਮਸਤਾਨਾ, ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੂੰ ਕੋਠੀਆਂ ਵਾਲੇ ਜ਼ਰੂਰ ਬਣਾਇਆ। ਇਹ ਅਲਬੇਲਾ ਸ਼ਾਇਰ ਸਾਰੀ ਉਮਰ ਭੁੱਖ-ਨੰਗ ਨਾਲ ਹੀ ਜੂਝਦਾ ਰਿਹਾ। ਇੱਕ ਗੱਲ ਨੂਰਪੁਰੀ ਆਪਣੇ ਤਜਰਬੇ ਦੇ ਅਧਾਰ 'ਤੇ ਅਕਸਰ ਆਖਿਆ ਕਰਦਾ ਸੀ ਕਿ ਸ਼ੇਅਰ ਕਹਿਣਾ ਜਾਂ ਤਾਂ ਬਾਦਸ਼ਾਹਾਂ ਦਾ ਕੰਮ ਹੈ ਜਾਂ ਫਿਰ ਫ਼ਕੀਰਾਂ ਦਾ ਕਿਉਂਕਿ ਇਹ ਦੋਵੇਂ ਹੀ ਆਰਥਿਕ ਪੱਖੋਂ ਪੂਰੀਆਂ ਹੋਣ ਵਾਲੀਆਂ ਸਮੂਹਿਕ ਲੋੜਾਂ ਲਈ ਕਿਸੇ ਦੇ ਮੁਥਾਜ ਨਹੀਂ ਹੁੰਦੇ। ਉਂਜ ਤਾਂ ਨੂਰਪੁਰੀ ਦੇ ਬਹੁਤ ਸਾਰੇ ਗੀਤ ਮਕਬੂਲ ਹੋਏ ਪਰ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਉਸ ਦਾ ਲਿਖਿਆ ਜੋ ਗੀਤ ਬਹੁਤ ਮਸ਼ਹੂਰ ਹੋਇਆ, ਉਸ ਦੇ ਬੋਲ ਨੇ:

***ਚੰਨ ਵੇ ਸ਼ੌਕਣ ਮੇਲੇ ਦੀ,***
***ਪੈਰ ਧੋ ਕੇ ਝਾਂਜਰਾਂ ਪਾਉਂਦੀ,***
***ਮੇਲ੍ਹ ਦੀ ਆਉਂਦੀ,***
***ਕਿ ਸ਼ੌਕਣ ਮੇਲੇ ਦੀ।***

ਇਸ ਗੀਤ ਤੋਂ ਇਲਾਵਾ ਉਸ ਦੀ ਹੋਰ ਵੀ ਬਹੁਤ ਸਾਰੀ ਰਚਨਾ ਹੈ ਜਿਸ ਨੇ ਨੰਦ ਲਾਲ ਨੂਰਪੁਰੀ ਨੂੰ ਅਮਰ ਕਰ ਦਿੱਤਾ। ਜਿਵੇਂ:-

**** ਦਾਤਾ ਦੀਆਂ ਬੇਪਰਵਾਹੀਆਂ ਤੋਂ, ਓਏ ਬੇਪਰਵਾਹਾ ਡਰਿਆ ਕਰ।***
**** ਚੁੰਮ-ਚੁੰਮ ਰੱਖੋ ਨੀਂ ਇਹ ਕਲਗੀ ਜੁਝਾਰ ਦੀ।***
**** ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ।***
**** ਗੋਰੀ ਦੀਆਂ ਝਾਂਜਰਾਂ***

ਨੂਰਪੁਰੀ ਨੇ ਕਈ ਫ਼ਿਲਮਾਂ ਲਈ ਵੀ ਗੀਤ ਲਿਖੇ ਜਿਵੇਂ ਮੰਗਤੀ ਤੇ ਵਲਾਇਤ ਪਾਸ ਆਦਿ। ਫ਼ਿਲਮੀ ਗੀਤ ਲਿਖਣ ਕਰਕੇ ਹੀ ਕੋਲੰਬੀਆ ਨਾਮੀ ਫ਼ਿਲਮ ਕੰਪਨੀ ਨੇ ਨੂਰਪੁਰੀ ਨੂੰ ਭਰਤੀ ਕਰ ਲਿਆ ਸੀ ਪਰ ਉਸ ਦਾ ਖੁੱਲ੍ਹਾ-ਡੁੱਲ੍ਹਾ ਤੇ ਮੌਜੀ ਸੁਭਾਅ ਫ਼ਿਲਮੀ ਦੁਨੀਆਂ ਦੇ ਮਨਸੂਹੀ ਵਤੀਰੇ ਤੋਂ ਬਗ਼ਾਵਤ ਕਰ ਗਿਆ।

ਭਾਖੜਾ ਡੈਮ ਬਣਨ 'ਤੇ ਨੂਰਪੁਰੀ ਦੀ ਕਲਮ ਹਰਫ਼ ਪਿਰੋਏ ਬਿਨਾਂ ਨਾ ਰਹਿ ਸਕੀ ਅਤੇ ਲਿਖਿਆ 'ਭਾਖੜਾ ਤੋਂ ਆਉਂਦੀ ਮੁਟਿਆਰ ਨੱਚਦੀਂ'। ਉਸ ਨੇ ਦੇਸ਼ ਦੀ ਖਤਾਰ ਜਾਨ ਵਾਰਨ ਵਾਲੇ ਸੂਰਬੀਰਾਂ ਦੀ ਕੁਰਬਾਨੀ ਨੂੰ ਸਲਾਮ ਕਰਦਿਆਂ ਲਿਖਿਆ:

***ਓ ਦੁਨੀਆ ਦੇ ਬੰਦਿਓ, ਪੂਜੋ ਉਹਨਾਂ ਨੇਕ ਇਨਸਾਨਾਂ ਨੂੰ,***
***ਦੇਸ਼ ਦੀ ਖਾਤਰ ਵਾਰ ਗਏ ਜੋ, ਪਿਆਰੀਆਂ-ਪਿਆਰੀਆਂ ਜਾਨਾਂ ਨੂੰ।***

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਕੁਰਬਾਨੀ ਨੂੰ ਚੇਤੇ ਕਰਦਿਆਂ ਨੰਦ ਲਾਲ ਨੂਰਪੁਰੀ ਦੀਆਂ ਲਿਖੀਆਂ ਦੋ ਰਚਨਾਵਾਂ 'ਕਿੱਥੇ ਮਾਤਾ ਤੋਰਿਆਸ਼' ਅਤੇ 'ਮਾਤਾ ਗੁਜਰੀ ਜੀਸ਼', ਅੱਜ ਵੀ ਸਿੱਖ ਕੌਮ ਤੇ ਸਮੁੱਚੀ ਮਾਨਵਤਾ ਦੇ ਮਨਾਂ ਵਿੱਚ ਦਰੇਗ ਪੈਦਾ ਕਰਦੀਆਂ ਹਨ:

**** ਅੱਧੀ ਰਾਤੀ ਮਾਂ ਗੁਜਰੀ, ਬੈਠੀ ਘੜੀਆਂ ਚੰਦਾਂ ਦੀਆਂ ਗਾਵੇ,***
***ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ।***
**** ਕਿੱਥੇ ਮਾਤਾ ਤੋਰਿਆ, ਅਜੀਤ ਤੇ ਜੁਝਾਰ ਨੂੰ,***
***ਵਿਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ।***

'ਇੱਥੋਂ ਉੱਡ ਜਾ ਭੋਲਿਆ ਪੰਛੀਆਂ' ਤੇ 'ਕਾਹਨੂੰ ਵੇ ਪਿੱਪਲਾ ਖੜ-ਖੜ ਲਾਈ ਐਂ' ਗੀਤਾਂ ਦਾ ਰਚੇਤਾ ਪੰਜਾਬੀ ਸਾਹਿਤ ਦਾ ਮਾਣ ਨੂਰਪੁਰੀ 13 ਮਈ 1966 ਨੂੰ ਘਰ ਦੀਆਂ ਤੰਗੀਆਂ ਨਾ ਸਹਾਰਦਾ ਹੋਇਆ ਖੂਹ ਵਿੱਚ ਛਾਲ ਮਾਰ ਕੇ ਸਭ ਨੂੰ ਅਲਵਿਦਾ ਕਹਿ ਗਿਆ ਪਰ ਪੰਜਾਬੀ ਦਾ ਇਹ ਸੱਚਾ ਆਸ਼ਕ ਆਪਣੇ ਗੀਤਾਂ ਰਾਹੀਂ ਹਮੇਸ਼ਾਂ ਲੋਕ ਦਿਲਾਂ ਵਿੱਚ ਧੜਕਦਾ ਰਹੇਗਾ।

ਵਰਤਮਾਨ ਦੌਰ ਵਿੱਚ ਮੀਡੀਏ ਦੁਆਰਾ ਲੱਚਰ ਦ੍ਰਿਸ਼ਾਂ ਸਹਿਤ ਜਿਸ ਤਰ੍ਹਾਂ ਦੀ ਗੀਤਕਾਰੀ ਸੰਚਾਰੀ, ਪਸਾਰੀ ਅਤੇ ਪ੍ਰਚਾਰੀ ਜਾ ਰਹੀ ਹੈ ਉਹ ਪੰਜਾਬੀ ਨੌਜਵਾਨ ਨੂੰ ਵਿਹਲੜ, ਬਲਾਤਕਾਰੀ, ਫੁਕਰੇ ਤੇ ਨਸ਼ੱਈ ਦੇ ਰੂਪ ਵਿੱਚ ਬਿਆਨਦੀ ਹੀ ਨਹੀਂ ਸਗੋਂ ਸਿਰਜਦੀ ਵੀ ਹੈ । ਪਰ ਨੂਰਪੁਰੀ ਦੇ ਗੀਤਾਂ ਵਿਚਲਾ ਨੌਜਵਾਨ ਸਰੀਰਕ, ਮਾਨਸਿਕ ਅਤੇ ਆਤਮਿਕ ਤੌਰ ਤੇ ਬਹੁਤ ਬਲਵਾਨ ਹੈ । ਉਸ ਦੇ ਅਮਰ ਗੀਤਾਂ ਨੂੰ ਗਾ ਕੇ ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ ਆਦਿ ਨੇ ਆਪਣੀ ਅਮਰਤਾ ਨੂੰ ਯਕੀਨੀ ਬਣਾਇਆ-

***ਦਾਤਾ ਦੀਆ ਬੇਪਰਵਾਹੀਆਂ ਤੋਂ ਓਏ ਬੇਪਰਵਾਹਾ ਡਰਿਆ ਕਰ***
***ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ***
***ਗੋਰੀ ਦੀਆਂ ਝਾਂਜਰਾਂ ਬਲੌਂਦੀਆਂ ਗਈਆਂ***
***ਚੰਨ ਵੇ ਕਿ ਸ਼ੌਕਣ ਮੇਲੇ ਦੀ***
***ਨੀ ਮੈਨੂੰ ਦਿਓਰ ਦੇ ਵਿਆਹ ਵਿੱਚ ਨੱਚ ਲੈਣ ਦੇ***
***ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ***
***ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ***

-ਚੱਲਦਾ

*ਪੜ੍ਹੋ 'ਨੰਦ ਲਾਲ ਨੂਰਪੁਰੀ' ਦੀਆਂ ਕੁਝ ਪ੍ਰਸਿੱਧ ਰਚਨਾਵਾਂ ਸਫ਼ਾ 25 'ਤੇ*

# ਮੇਰਾ ਪਿੰਡ

- ਗਿਆਨੀ ਗੁਰਦਿੱਤ ਸਿੰਘ

## ਮੇਰੇ ਵੱਡੇ ਵਡੇਰੇ

ਲੜੀਵਾਰ ਕਿਸ਼ਤ - 6

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਚਾਰੇ ਭਰਾ ਕੱਦ ਵਲੋਂ ਏਨੇ ਨਰੋਏ ਤੇ ਕੱਦਾਵਰ, ਰੱਜ ਕੇ ਖਾਣ ਦੇ ਦੱਬ ਕੇ ਵਾਹੁਣ ਵਾਲੇ ਇਹੋ ਜਿਹੇ ਜ਼ੋਰਦਾਰ ਬੰਦੇ ਸੀ ਕਿ, ਆਸ-ਪਾਸ ਦੇ ਪਿੰਡਾਂ ਲਈ ਹਊਆ ਬਣੇ ਹੋਏ ਸਨ। ਜਿੱਧਰੋਂ ਦੀ ਉਹ ਲੰਘ ਜਾਣ ਖੇਤ ਵਿੱਚੋਂ ਦੀ ਡੰਡੀ ਆਪੇ ਪੈ ਜਾਂਦੀ। ਸਾਡੇ ਵੱਡਿਆਂ ਦਾ ਨੇੜੇ ਦੇ ਪਿੰਡ 'ਛਾਪੇ', ਲਹੂ ਦਾ ਰਿਸ਼ਤਾ ਹੋਣ ਕਰਕੇ ਵਰਤ-ਵਰਤਾਰਾ ਸੀ। ਉਹਨਾਂ ਨੇ ਇੱਕ ਵਿਆਹ ਸਮੇਂ ਮੇਰੇ ਦਾਦਿਆਂ ਨੂੰ ਰੋਟੀ ਉੱਤੇ ਸੱਦਿਆ, ਉਹ ਉਸ ਦਿਨ ਖੇਤਾ ਵਿੱਚ ਹੱਲ ਵਾਹੁੰਦੇ ਸੀ, ਉੱਥੋਂ ਹੀ ਬਲਦ ਪਿੰਡ ਨੂੰ ਤੋਰ ਕੇ ਸਿੱਧੇ ਦੁਪਹਿਰੇ ਦੀ ਰੋਟੀ ਵੇਲੇ ਨੂੰ ਪਿੰਡ 'ਛਾਪੇ' ਜਾ ਪੁੱਜੇ। ਅੱਗੋਂ ਵਿਆਹ ਵਾਲਿਆਂ ਨੇ ਮੇਲ੍ਹ-ਗੇਲ੍ਹ ਲਈ ਇੱਕ ਕੜਾਹਾ ਗੁੜ ਦੇ ਪ੍ਰਸ਼ਾਦ ਦਾ ਕੱਢਿਆਂ ਹੋਇਆ ਸੀ। ਅਗਲਿਆਂ ਨੇ ਕਿਹਾ ਪਹਿਲਾਂ ਸ਼ਰੀਕੇ ਨੂੰ ਖਵਾ ਲਈਏ; ਤੇ ਸਾਡੇ ਬਾਬੇ ਕੜਾਹ ਖਾਣ ਪਹਿਲਾਂ ਹੀ ਬੈਠ ਗਏ। ਚਾਰੇ ਭਾਈ ਜਿਉਂ ਨੀਵੀਂ ਪਾ ਕੇ ਖਾਣ ਲੱਗੇ ਪ੍ਰਸਾਦ ਦਾ ਸਾਰਾ ਕੜਾਹਾ ਸਮੇਟ ਛੱਡਿਆ। ਉਨ੍ਹਾਂ ਦੇ ਵਰਤਾਵਿਆਂ ਨੇ ਬਥੇਰਾ ਏਧਰ ਉੱਧਰ ਦੇਖਿਆ ਵਈ ਕਿਧਰੇ ਇਹ ਕੜਾਹ ਪ੍ਰਸ਼ਾਦ ਕਿਸੇ ਹੋਰ ਚੀਜ਼ ਵਿੱਚ ਸੁੱਟੀ ਤਾਂ ਨਹੀਂ ਜਾ ਰਹੇ। ਪਰ ਉਨ੍ਹਾਂ ਦੇ ਕੱਦ ਕਾਠ ਤੇ ਖ਼ੁਰਾਕ ਈ ਏਨੀ ਸੀਕਿ ਜੇ ਇੱਕ ਕੜਾਹਾ ਹੋਰ ਬਣਿਆ ਹੁੰਦਾ, ਤਾਂ ਅੱਧ ਪਚੱਧ ਉਸ ਵਿੱਚੋਂ ਕੇਹੜਾ ਨਾਂ 'ਚਰ' ਜਾਂਦੇ ?

ਸਾਡੇ ਉਨ੍ਹਾਂ ਸੰਬੰਧੀਆਂ ਨੇ ਇਹਨਾਂ ਮਹਾਨ ਪੁਰਖਾਂ ਦੀ ਇਕ 'ਕਰਣੀ ਕਮਾਈ' ਦਾ ਧਿਆਨ ਧਰ ਕੇ ਫੈਸਲਾ ਕਰ ਲਿਆ ਕਿ ਅੱਗੇ ਨੂੰ ਏਨ੍ਹਾਂ ਦੇ ਨਾਂ ਕਦੇ ਵਿਆਹ-ਸ਼ਾਦੀ ਤੇ ਜਾਣਾ ਹੈ ਅਤੇ ਨਾ ਹੀ ਇਹਨ੍ਹਾਂ ਨੂੰ ਮੁੜ ਕੇ ਸੱਦਣਾ ਹੈ। ਜਦੋਂ ਮੇਰੇ ਜਿਹੇ ਛਟਾਕੀਆਂ ਖਾਣ ਵਾਲੇ ਓਸ ਕੁਲ ਵਿੱਚ 'ਚੰਨ-ਚਰਾਗ' ਪ੍ਰਗਟ ਹੋਏ, ਫਿਰ ਜਾਂ ਕੇ ਦੋ ਪੀੜ੍ਹੀਆਂ ਦੀ ਟੁੱਟੀ ਗੰਢੀ ਗਈ।

ਖਾਣ ਪੀਣ ਦੇ ਪੱਖ ਨਾਲੋਂ ਵੱਧ ਪ੍ਰਸਿੱਧੀ, ਉਹਨਾਂ ਦੇ ਜ਼ੋਰਾਵਰੀ ਦੇ ਸਾਕਿਆਂ ਦੀ ਸੀ। ਲੋਕ ਗੱਲਾਂ ਸੁਣਾਉਂਦੇ ਹਨ: ਪੁਰਾਣੇ ਜਮਾਨੇ ਵਿੱਚ ਪਹਿਲਵਾਨ, ਢੋਲ ਵਾਲੇ ਨੂੰ ਨਾਲ ਲੈ ਕੇ ਦਿੱਗ-ਵਿਜੇ ਦਾ ਝੰਡਾ ਫੜ ਕੇ ਚੜ੍ਹਦੇ ਹੁੰਦੇ। ਇੱਕ ਪਿੰਡ ਫਤਹਿ ਕਰਨਾ ਦੂਜੇ ਪਿੰਡ ਉੱਤੇ ਚੜ੍ਹਾਈ ਕਰ ਦੇਣੀ। ਨਾਲ ਮੁੰਡੀਹਰ, ਤੇ ਉਹਨ੍ਹਾਂ ਦੇ ਕਈ ਪੱਠੇ ਮੁਫ਼ਤ ਦੀਆਂ ਨਿਹਾਰੀਆਂ ਖਾ ਖਾ ਕੇ ਚਾਂਭਲੇ ਫਿਰਦੇ, ਜਿਸ ਪਿੰਡ ਉਹ ਪੁੱਜਦੇ, ਪਿੰਡ ਦੇ ਲੋਕਾਂ ਲਈ ਪਹਿਲਵਾਨਾਂ ਦਾ ਸਵਾਗਤ ਕਰਨਾਂ ਜ਼ਰੂਰੀ ਹੁੰਦਾ। ਤੇ ਉਹ ਸਵਾਗਤ ਪਿੱਛੋਂ ਸਭਾ ਵਿੱਚ ਝੰਡਾ ਗੱਡ ਦੇਂਦੇ, ਵਈ 'ਜੇ ਕੋਈ ਬੰਦਾ ਏਥੇ ਜ਼ੋਰ ਵਾਲਾ ਰਹਿੰਦਾ ਹੈ ਤਾਂ ਸਾਡੇ ਨਾਲ ਘੁਲ ਲਵੇ'।

ਇਸ ਤਰ੍ਹਾਂ ਦਾ ਇੱਕ 'ਜੰਗਲ-ਬਰਨਾਲੇ' - ਵੱਲ ਦਾ ਭੂਸਰਿਆ ਹੋਇਆ ਪਹਿਲਵਾਨ ਆਪਣੀ 'ਬਿਜੈਪਤਾਕਾ' ਲਹਿਰਾਉਂਦਾ ਸਾਡੇ ਪਿੰਡ ਵੀ ਆ ਗੱਜਿਆ। ਪਿੰਡ ਦਾ ਚੌਧਰੀ ਚੜ੍ਹਤ ਸਿੰਘ ਉਸ ਦੇ ਸੁਆਗਤ ਲਈ ਗਿਆ। ਇੱਕ ਸਬਾਤ (ਬੈਠਕ) ਵਿੱਚ ਉਸਦਾ ਉਤਾਰਾ ਕਰਾਇਆ ਗਿਆ। ਸਾਡਾ ਛੋਟਾ ਜਿਹਾ ਪਿੰਡ ਦੇਖ ਕੇ ਪਹਿਲਵਾਨ ਹੋਰ ਹੰਕਾਰ ਗਿਆ। ਉਹ ਬਿੰਦੇ ਝੱਟੇ ਆਖੇ, "ਇੱਥੇ ਦਾ ਤਾਂ ਕਦੇ ਕੋਈ ਪਹਿਲਵਾਨ ਸੁਣਿਆ ਈ ਨਹੀਂ ? ਤੁਸੀਂ ਪੱਕੀ ਰਸਤ ਸਾਡੇ ਹਵਾਲੇ ਕਰੋ ਅਸੀਂ ਅਗਲੇ ਪਿੰਡ ਜਾਈਏ।"

ਪਿੰਡ ਦਾ ਚੌਧਰੀ ਸਿਆਣਾ ਸੀ, ਉਸ ਨੇ ਕਿਹਾ, - "ਰਸਤ ਨੂੰ ਕੇਹੜਾ ਜੀ ਅਸੀਂ ਕੋਈ ਨਾਂਹ ਨੁਕਰ ਕਰਨੀ ਏ, ਅਸੀਂ ਕਿਸੀ ਚੀਜ਼ ਤੋਂ ਨਾਬਰ ਨਹੀਂ, ਚੰਗੇ ਭਾਗਾਂ ਨੂੰ ਪਿੰਡ ਵਿੱਚ ਮਸਾਂ ਮਸਾਂ ਭਲ੍ਹਵਾਨ ਦੇ ਚਰਨ ਪਏ ਨੇ - ਇੱਕ ਰਾਤ ਤਾਂ ਕੱਟੋ, ਹੁਣੇ ਖਾਣ ਪੀਣ ਜੋਗੀ ਰਸਤ ਬਸਤ ਭੇਜ ਦਿੰਦੇ ਹਾਂ, ਦਿਨ ਚੜ੍ਹਦੇ ਨੂੰ ਰਹਿੰਦੀ ਗੱਲ ਨਜਿੱਠ ਲਵਾਂਗੇ।"

ਓਸ-ਪੁਰਾਣੇ-ਜ਼ਮਾਨੇ ਵਿੱਚ ਪਹਿਲਵਾਨਾਂ ਨੂੰ ਪਿੰਡਾਂ ਦੇ ਲੋਕ ਘਰ ਘਰ ਵਿੱਚੋਂ ਘਿਓ ਇਕੱਠਾ ਕਰਕੇ ਦਿੰਦੇ ਹੁੰਦੇ, ਗੁੜ ਤੇ ਕਪੜਿਆਂ ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦੇਂਦੇ। ਸਰਦੀ ਪੁੱਜਦੀ ਨਗਦੀ ਵੀ, ਪੀਰਾਂ ਫਕੀਰਾਂ ਵਾਂਗ ਚੜ੍ਹਾਈ ਜਾਂਦੀ ਸੀ। ਇਹ ਪਹਿਲਵਾਨ ਪਿਛਲੇ ਪਿੰਡਾਂ ਤੋਂ ਕਾਫੀ ਸਮੱਗਰੀ, ਘਿਉ ਤੇ ਕਈ ਤਰ੍ਹਾਂ ਦੇ ਬਦਾਮ ਆਦਿ ਮੇਵੇ ਤੇ ਹੋਰ ਗੁੜ-ਗੰਡੂ, ਪੂਰੇ ਗੱਡੇ ਦਾ ਲੱਦ ਇਕੱਠਾ ਕਰੀ, ਨਾਲੋ-ਨਾਲ ਚੁੱਕੀ ਫਿਰਦਾ ਸੀ। ਉੱਪਰੋਂ ਫਸਲਾਂ ਨੂੰ ਔੜ ਲਗਣ ਕਾਰਨ ਪਾਣੀ ਅੰਨ ਦਾ ਕਾਲ ਪਿਆ ਹੋਇਆ ਸੀ। ਮੀਂਹ ਨਾ ਵਰ੍ਹਨ ਕਰਕੇ ਕਹਿਤ ਪੈਣ ਕਾਰਨ ਏਧਰ ਖਾਣ ਨੂੰ ਦਲੀਆ ਨਾ ਜੁੜੇ ਪਹਿਲਵਾਨ ਨੇ ਆ ਕੇ ਪੱਕੀ ਰਸਤ ਦੀ ਨਵੀਂ ਚੱਟੀ ਲਗਾ ਦਿੱਤੀ। ਪੱਕੀ ਰਸਤ, ਘੱਟ-ਘੱਟ, ਧੜੀ ਘਿਓ, ਏਨੀ ਹੀ ਬੂਰਾ-ਖੰਡ, ਬਦਾਮ ਤੇ ਹੋਰ ਸੀਧਾ-ਬਾਧਾ, ਤਕੜਾ ਬੰਧੇਜ ਹੁੰਦਾ ਸੀ। ਰਸਤ ਤਾਂ ਦੇਣੀ ਏਨੀ ਔਖੀ ਸ਼ਾਇਦ ਕਿਸੇ ਕਾਲ ਵੇਲੇ ਵੀ ਨਾ ਮੰਨੀ ਜਾਂਦੀ, ਪਰ ਪਿੰਡ ਦੀ ਹਲੱਤਣ (ਹੱਤਕ) ਝੱਲਣੀ ਬਹੁਤ ਬੁਰੀ ਲੱਗੀ। ਪਹਿਲਵਾਨਾਂ ਦੇ ਜਥੇ ਨੂੰ ਰਾਤ ਨੂੰ ਰਸਤ ਦੇ ਕੇ ਚੜ੍ਹਤ ਸਿੰਘ ਚੌਧਰੀ, ਬਾਬੇ 'ਪੁੰਨੂੰ' ਕੋਲ ਆਇਆ। ਪਿੰਡ ਦੇ ਚੌਧਰੀ ਨੂੰ ਘਰੇ ਆਇਆ ਦੇਖ ਕੇ ਬੈਠਣ ਲਈ ਪੀਹੜੀ ਦਿੱਤੀ ਤੇ ਪੁੱਛਿਆ 'ਚੌਧਰੀ ਅੱਜ ਕੁਵੇਲੇ ਕਿਵੇਂ ਆਉਣਾ ਹੋਇਆ ? ਚੌਧਰੀ ਨੇ ਸਾਰੀ ਗੱਲ ਸੁਣਾਈ, ਨਾਲ ਈ ਪਿੰਡ ਦੀ ਇੱਜ਼ਤ ਦਾ ਵਾਸਤਾ ਪਾ ਕੇ ਕਿਹਾ, 'ਬਾਬਾ ! ਇਸ ਵੇਲੇ ਤੂੰ ਹੀ ਪਿੰਡ ਦੀ ਲਾਜ ਰੱਖ ਸਕਦਾ ਹੈਂ। ਬੱਸ ਮੈਨੂੰ ਇੱਕ ਵਾਰੀ 'ਹਾਂ' ਕਰਦੇ।' ਚੌਧਰੀ ਨੂੰ ਬਾਬੇ ਦੀ ਤਾਕਤ ਦਾ ਪਤਾ ਸੀ ਵਈ ਉਹ ਕਈ ਪਹਿਲਵਾਨਾਂ ਨਾਲੋਂ ਵੱਧ ਤਾਕਤਵਾਰ ਹੈ। ਇਸ ਲਈ ਉਸ ਨੇ 'ਹਾਂ' ਦੀ ਮੰਗ ਕੀਤੀ।

ਸੋਚ ਸੋਣ ਕੇ ਪੁੰਨੂੰ ਬਾਬੇ ਨੇ ਕਿਹਾ, ਚੌਧਰੀ ਦਾ ਕਹਿਣਾ ਮੋੜਨਾ ਵੀ ਔਖਾ ਹੈ, ਹੰਮਾ ਕਰ ਕੇ ਆਇਆ ਹੈ, ਪਰ ਉਤੋਂ ਲਵੇਰੀਆਂ ਦੇ ਦੁੱਧ ਤਾਂ ਇੱਕ ਪਾਸੇ, ਰੁੱਖ ਵੀ ਸੁੱਕ ਗਏ ਨੇ, ਖਾਣ ਪੀਣ ਨੂੰ ਚੱਜ ਹਾਲ ਦੀ ਰੋਟੀ ਵੀ ਨਹੀਂ ਜੁੜਦੀ,

-ਚੱਲਦਾ



# ਤੀਸਰੇ ਸੁਪਨੇ ਦੀ ਤਲਾਸ਼



ਡਾ. ਗੁਰਭਗਤ ਸਿੰਘ

ਕੋਈ ਸੱਭਿਆਚਾਰ ਤਾਂ ਹੀ ਗੌਰਵਸ਼ੀਲ ਰਹਿੰਦਾ ਹੈ ਜੇ ਉਹ ਆਪਣੇ ਬਾਰੇ ਸਵੈ-ਚੇਤੰਨ ਰਹੇ, ਪਰ ਅੱਗੇ ਤੁਰਦਾ ਰਹੇ। ਅੱਗੇ ਤੁਰਨ ਦਾ ਅਰਥ ਆਪਣੇ ਸਮੇਂ ਦੇ ਸਿਧਾਂਤਾਂ ਅਤੇ ਅਭਿਆਸਾਂ ਨਾਲ ਜੁੜਨਾ ਹੈ। ਉਨ੍ਹਾਂ ਨਾਲ ਟਕਰਾਉ ਜਾਂ ਮੇਲ ਨਾਲ ਨਿਰੰਤਰ ਨਵੇਂ ਅਰਥ ਸਾਜਣਾ ਹੈ। ਅਸੀਂ ਅੱਜ ਦੇ ਮੁਹਾਵਰੇ ਵਿਚ ਇਹ ਵੀ ਕਹਿ ਸਕਦੇ ਹਾਂ ਇਹ ਇਕ ਅੰਤਰ-ਬੁਣਤੀ ਰਚਨਾ ਹੈ। ਅੰਗਰੇਜ਼ੀ ਦਾ ਸ਼ਬਦ ਵਰਤ ਕੇ ਇਹ ਵੀ ਕਹਿ ਸਕਦੇ ਹਾਂ ਕਿ ਇਹ ਇਕ ਨਵੀਂ 'ਇੰਟਰਵੀਵਿੰਗ' ਹੈ ਜੋ ਲਗਾਤਾਰ ਜਾਰੀ ਰਹਿਣੀ ਚਾਹੀਦੀ ਹੈ। ਨਹੀਂ ਤਾਂ ਸਭਿਆਚਾਰ ਨਿਰਗੌਰਵ ਅਤੇ ਅਧੋਗਤ ਹੋ ਜਾਂਦਾ ਹੈ।

ਅਸੀਂ ਇਕ ਗੱਲੋਂ ਬੜੇ ਖੁਸ਼ਕਿਸਮਤ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੋ ਮਾਡਲ ਦਿੱਤਾ ਉਹ ਲਗਾਤਾਰ ਨਵੇਂ ਅਰਥ ਸਾਜਣ ਨਾਲ ਹੀ ਸਬੰਧਤ ਸੀ। ਇਸ ਲਈ ਬਾਹਰੋਂ ਸਿੱਖਣ ਦੇ ਨਾਲ ਹੀ ਸਾਨੂੰ ਆਪਣੀ ਪ੍ਰੰਪਰਾ ਵਿੱਚੋਂ ਵੀ ਇਹ ਯਤਨ ਲੱਭ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸਲਾਮ, ਹਿੰਦੂਵਾਦ, ਬੁੱਧਵਾਦ, ਜੈਨ, ਯੋਗ ਆਦਿ ਪ੍ਰਚੱਲਿਤ ਦ੍ਰਿਸ਼ਟੀਆਂ ਅਤੇ ਦਰਸ਼ਨਾਂ ਦੀ ਪੁਣ-ਛਾਣ ਕੀਤੀ ਅਤੇ ਉਨ੍ਹਾਂ ਦੇ ਸਾਰਥਿਕ ਅੰਸ਼ਾਂ ਨੂੰ ਆਪਣੀ ਮੌਲਿਕ ਦ੍ਰਿਸ਼ਟੀ ਜਾਂ ਮਹਾਂ ਗਿਆਨ ਨਾਲ ਜੋੜਿਆ। ਗੁਰੂ ਨਾਨਕ ਦੇਵ ਜੀ ਨੇ ਇਸ ਅੰਤਰ-ਬੁਣਨੀ ਮਾਡਲ ਨੂੰ ਸਾਰੇ ਗੁਰੂ ਸਾਹਿਬਾਨ ਨੇ ਕਾਇਮ ਰੱਖਿਆ। ਅਭਿਆਸ ਵਿਚ ਵੀ ਅਤੇ ਸਿਧਾਂਤ ਵਿਚ ਵੀ। ਜਿਨ੍ਹਾਂ ਨੇ ਬਾਣੀ ਰਚੀ ਉਨ੍ਹਾਂ ਨੇ ਪਹਿਲਾਂ ਆਈਆਂ ਦ੍ਰਿਸ਼ਟੀਆਂ ਨੂੰ ਤ੍ਰਿਸਕਾਰਿਆ ਨਹੀਂ, ਉਨ੍ਹਾਂ ਦੀਆਂ ਨਿਰ-ਅਰਥ ਹੋ ਗਈਆਂ ਗੱਲਾਂ ਦੀ ਆਲੋਚਨਾ ਜ਼ਰੂਰ ਕੀਤੀ। ਬਾਣੀ ਪਹਿਲਾਂ ਆਈਆਂ ਦ੍ਰਿਸ਼ਟੀਆਂ ਨਾਲ ਮਹਾਂ ਸੰਵਾਦ ਵੀ ਹੈ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਇਕ ਨਵੀਂ ਦ੍ਰਿਸ਼ਟੀ ਦਾ ਪ੍ਰਕਾਸ਼ ਵੀ। ਇਸ ਪ੍ਰਕਾਸ਼ ਲਈ ਬਾਣੀਕਾਰਾਂ ਨੇ ਭਾਸ਼ਾ ਅਤੇ ਚਿੰਨ੍ਹ ਦੀ ਪੱਧਰ ਉਤੇ ਤਜਰਬੇ ਵੀ ਕੀਤੇ। ਸਭ ਤੋਂ ਵੱਡਾ ਤਜਰਬਾ ਵੱਖ-ਵੱਖ ਪ੍ਰਕਾਰ ਦੀਆਂ ਭਾਸ਼ਾਵਾਂ, ਖੇਤਰੀ ਉਪ-ਭਾਸ਼ਾਵਾਂ ਨੂੰ ਵਰਤ ਕੇ ਇਸ ਸੰਵਾਦੀ ਪਰਵਚਨ ਸਿਰਜਣਾ ਹੈ।

ਸੰਵਾਦੀ ਪਰਵਚਨ ਅਤੇ ਮੌਲਿਕ ਦ੍ਰਿਸ਼ਟੀ ਨੂੰ ਜੋੜ ਕੇ ਬਾਣੀਕਾਰਾਂ ਨੇ ਪੰਜਾਬ ਦੇ ਚਿੰਤਨ ਅਤੇ ਦਾਰਸ਼ਨਿਕ/ਸਾਹਿਤਕ ਅਭਿਆਸ ਨੂੰ ਅੱਗੇ ਤੋਰਿਆ। ਬਾਣੀਕਾਰਾਂ ਨੇ ਜੋ ਮੌਲਿਕ ਦ੍ਰਿਸ਼ਟੀ ਜੋੜੀ ਉਸ ਨੂੰ ਵਿਸਮਾਦੀ ਦ੍ਰਿਸ਼ਟੀ ਦੇ ਤੌਰ 'ਤੇ ਜਾਣਨਾ ਅਤੇ ਸਿਧਾਂਤਬੱਧ ਕਰਨਾ ਯੋਗ ਹੈ। ਵਿਸਮਾਦ ਕੇਵਲ ਇਕ ਅੰਦਰਲਾ ਰਹੱਸਮਈ ਅਨੁਭਵ ਨਹੀਂ। ਇਹ ਸਾਕਾਰ ਜਾਂ ਨਿੱਗਰ ਰੂਪ ਵਿਚ ਸਿਰਜਨਾਤਮਕ ਸ਼ਕਤੀ ਦੀ ਬਹੁਲਤਾ ਹੈ। ਵਿੱਲਖਣਤਾ ਜਾਂ ਅਨੇਕਤਾ ਦਾ ਦੇਖਿਆ, ਸੁਣਿਆ ਅਤੇ ਜੀਵਿਆ ਜਾ ਸਕਣ ਵਾਲਾ ਯਥਾਰਥ ਵੀ ਹੈ। ਮਨੁੱਖ ਵੀ ਕਿਸੇ ਸਿਰਜਨਾਤਮਕ ਸ਼ਕਤੀ ਦਾ ਹਿੱਸਾ ਹੈ। ਜਦੋਂ ਇਹ ਇਸ ਸ਼ਕਤੀ ਨਾਲੋਂ ਟੁੱਟ ਜਾਵੇ ਅਧੋਗਤ ਹੋ ਜਾਂਦਾ ਹੈ। ਉਸ ਦੀਆਂ ਰਚੀਆਂ ਸਾਰੀਆਂ ਸੰਰਚਨਾਵਾਂ ਜਾਂ ਸੱਭਿਆਤਾਵਾਂ/ਸੱਭਿਆਚਾਰ ਅਸਫ਼ਲ ਹੋ ਕੇ ਰਹਿ ਜਾਂਦੇ ਹਨ।

ਵਿਸਮਾਦੀ ਬਹੁਲਤਾ ਦਾ ਕੋਈ ਨੇਮ ਵੀ ਹੈ। ਇਸ ਨੇਮ ਨਾਲ ਜੁੜ ਕੇ ਨਵੇਂ ਰਹੱਸ ਲੱਭਣ ਦੀ ਸ਼ਕਤੀ ਅਤੇ ਸੁੰਦਰਤਾ ਕਾਇਮ ਰਹਿੰਦੇ ਹਨ। ਇਹ ਨੇਮ ਹੀ ਅਨੇਕਤਾ ਨੂੰ ਏਕਤਾ ਦਿੰਦਾ ਹੈ।

ਵਿਸਮਾਦੀ ਏਕਤਾ-ਅਨੇਕਤਾ ਦਾ ਅਨੁਭਵ ਹਰ ਸੱਭਿਆਚਾਰ ਆਪਣੇ ਇਤਿਹਾਸ ਅਤੇ ਪ੍ਰਸੰਗ ਅਨੁਸਾਰ ਕਰਦਾ ਹੈ। ਇਸ ਲਈ ਕਿਸੇ ਸੱਭਿਆਚਾਰ ਦੇ ਅਨੁਭਵ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ। ਨਾ ਹੀ ਉਸ ਨੂੰ ਸਭ ਸੱਭਿਆਚਾਰਾਂ ਉਤੇ ਨਿਰੰਕੁਸ਼ ਰੂਪ ਵਿਚ ਲਾਗੂ ਕੀਤਾ ਜਾ ਸਕਦਾ ਹੈ। ਅੰਤਿਮਤਾ ਦੀ ਹਰ ਦਾਅਵੇਦਾਰੀ ਸਾਮਰਾਜੀ ਹੋ ਨਿੱਬੜਦੀ ਹੈ। ਬਾਣੀਕਾਰਾਂ ਨੇ ਇਸੇ ਗੱਲ ਨੂੰ ਇਹ ਕਹਿ ਕੇ ਨਜਿੱਠਿਆ ਹੈ ਕਿ ਅੰਤਿਮ ਸੱਚ ਦਾ ਜਾਣਕਾਰ ਕੇਵਲ ਵਾਹਿਗੁਰੂ ਹੈ- ਵਾਹਿਗੁਰੂ ਜੋ ਸ੍ਰਿਸ਼ਟੀ ਦੀ ਵਿਲੱਖਣਤਾ, ਅਸ਼ਚਰਜਤਾ ਪੈਦਾ ਕਰਨ ਵਾਲੇ ਅਨਿਕ-ਪੱਖੀ ਸੌਂਦਰਯ ਅਤੇ ਬਹੁ-ਕੋਣੀ ਗਿਆਨ ਦਾ ਸ੍ਰੋਤ ਹੈ। ਬਾਣੀਕਾਰਾਂ ਅਨੁਸਾਰ ਜਗਤ ਹਮੇਸ਼ਾ ਖੁੱਲ੍ਹਾ ਹੈ, ਇਸ ਨੂੰ ਕਿਸੇ ਵੀ ਇਕ ਵਿਆਖਿਆ ਨਾਲ ਬੰਦ ਨਹੀਂ ਕੀਤਾ ਜਾ ਸਕਦਾ। ਨਵੀਂ ਅਤੇ ਵਿਲੱਖਣ ਵਿਆਖਿਆ ਇਕ 'ਬਖਸ਼ਿਸ਼' ਹੈ- ਨਵੇਂ ਅਰਥਾਂ ਵਿਚ ਇਕ ਤੋਹਫਾ ਹੈ। ਇਹ ਗਿਫ਼ਟ ਵਿਚ ਤੋਹਫਾ ਕਿਸੇ ਨੂੰ ਵੀ ਮਿਲ ਸਕਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਕੋਈ ਸੱਭਿਆਚਾਰ ਜਾਂ ਵਿਅਕਤੀ ਵਿਸ਼ੇਸ਼ ਨਹੀਂ। ਜਿਸ ਉਤੇ 'ਕ੍ਰਿਪਾ' ਹੋ ਜਾਏ। ਕਿਰਪਾ ਕੋਈ ਮਜ਼ਲੂਮ ਜਾਂ ਪੱਤਨਸ਼ੀਲ/ਅਧੋਗਤ ਉਤੇ 'ਰਹਿਮ' ਕਾਰਨ ਨਹੀਂ, ਇਹ ਕਿਰਪਾ ਖੁੱਲ੍ਹਦਿਲੀ ਹੈ। ਸਿਰਜਨਾਤਮਕ ਸ਼ਕਤੀ ਦਾ ਕਿਸੇ ਦੀ ਪ੍ਰੇਰਣਾ, ਚੇਤਨਤਾ, ਅਰਦਾਸ, ਦਿਬ-ਦ੍ਰਿਸ਼ਟੀ ਵਿਚ ਪ੍ਰਵੇਸ਼ ਕਰਨਾ ਹੈ।

ਦੈਰਿਦਾ ਨੇ ਜਦੋਂ 'ਡਿਫਰਾਂਸ' ਦੀ ਗੱਲ ਤੋਰੀ ਤਾਂ ਉਸ ਦਾ ਭਾਵ ਵੀ ਚਿੰਨ੍ਹ ਨੂੰ ਜਾਂ ਭਾਸ਼ਾ-ਪ੍ਰਕਾਸ਼ ਨੂੰ ਇੱਕ ਅਰਥਤਾ ਤੋਂ ਮੁਕਤ ਕਰਨਾ ਸੀ। ਈਸਾਈਅਤ ਵੱਲੋਂ ਜਿਵੇਂ ਪੱਛਮੀ ਪਰਿਵਚਨ ਨੂੰ ਇਕਾਂਗੀ ਕਰਕੇ ਹਥਿਆ ਲਿਆ ਗਿਆ ਸੀ, ਦੈਰਿਦਾ ਉਸ ਦਾ ਵਿਰੋਧ ਕਰ ਰਿਹਾ ਸੀ। ਦੈਰਿਦਾ ਅਨੁਸਾਰ ਇਕ ਚਿੰਨ੍ਹ ਕੇਵਲ ਇਕ-ਪਾਸਾਰੀ ਆਤਮ ਦੀ ਹਾਜ਼ਰੀ ਨਹੀਂ ਅਤੇ ਨਾ ਹੀ ਇਕੋ ਸਮੇਂ ਦੀ ਪ੍ਰਤੀਨਿਧਤਾ ਹੈ। ਭਾਸ਼ਾਈ ਚਿੰਨ੍ਹ ਉਤੇ ਕਈ ਪ੍ਰਭਾਵ ਹੁੰਦੇ ਹਨ। ਇਸ ਨੂੰ ਵਰਤ ਰਿਹਾ ਆਤਮ ਵੀ ਅਨੇਕਾਂ ਪ੍ਰਭਾਵਾਂ ਦਾ ਸਮੂਹ ਹੈ। ਅਵਚੇਤਨ, ਭੂਤ, ਵਰਤਮਾਨ, ਭਵਿੱਖ ਸਭ ਇਕੱਠੇ ਹੀ ਆਤਮ ਨੂੰ ਚਲਾਉਂਦੇ ਹਨ ਅਤੇ ਚਿੰਨ੍ਹਾਂ ਦੀ ਵਰਤੋਂ ਨੂੰ ਪ੍ਰਭਾਵਿਤ ਕਰਦੇ ਹਨ। ਦੈਰਿਦਾ ਨੇ ਚਿੰਨ੍ਹ ਦੀ ਇਕ-ਪੱਖੀ ਵਰਤੋਂ ਦਾ ਵਿਰੋਧ ਕੀਤਾ ਅਤੇ ਇਸ ਦੇ ਅਨਿਕ-ਪ੍ਰਭਾਵੀ ਇਤਿਹਾਸਕ ਚਰਿੱਤਰ ਨੂੰ ਸਪਸ਼ਟ ਕੀਤਾ।

ਇੱਥੇ ਸਮਝਣਯੋਗ ਗੱਲ ਇਹ ਹੈ ਕਿ ਹੁਣ ਕਿਸੇ ਵੀ ਸੱਭਿਆਚਾਰਕ ਜਾਂ ਭਾਸ਼ਾਈ ਚਿੰਨ੍ਹ ਦੀ ਨੀਂਹ ਨੂੰ ਤੋੜ ਦਿੱਤਾ ਗਿਆ ਹੈ। ਜਾਂ ਇਉਂ ਕਹਿ ਲਓ ਇਸ ਨੂੰ ਅੰਤਿਮ ਨਹੀਂ ਮੰਨਿਆ ਗਿਆ। ਚਿੰਨ੍ਹ ਦੇ ਅਰਥ ਸੱਭਿਆਚਾਰਕ ਪ੍ਰੰਪਰਾ ਨਾਲ ਜੋੜ ਦਿੱਤੇ ਗਏ ਹਨ। ਕਿਸੇ ਅੰਤਿਮ ਫਾਊਂਡੇਸ਼ਨ ਨਾਲ ਨਹੀਂ ਜੁੜੇ ਹੋਏ। ਹੁਣ ਚਿੰਨ੍ਹ ਅਣਨੀਂਹਾਂ ਹੈ। ਇਸ ਤੋਂ ਭਾਵ ਇਹ ਹੈ ਕਿ ਅਜੋਕੇ ਵਿਸ਼ਵ ਵਿਚ ਸਾਰਥਿਕ ਜਾਂ ਗੌਰਵਭਰਪੂਰ ਹੋਣ ਲਈ ਹਰ ਚਿੰਨ੍ਹ ਨੂੰ ਖੁੱਲ੍ਹੇ ਜਗਤ ਵਿਚ ਪ੍ਰਵੇਸ਼ ਕਰਨਾ ਪਵੇਗਾ। ਬਾਕੀ ਸੱਭਿਆਚਾਰਾਂ ਦੇ ਚਿੰਨ੍ਹਾਂ ਨਾਲ ਟਕਰਾ ਕੇ ਜਾਂ ਤਾਲਮੇਲ ਬਣਾ ਕੇ ਆਪਣੇ ਆਪ ਨੂੰ ਕ੍ਰਿਆਸ਼ੀਲਤਾ ਦੇਣੀ ਪਵੇਗੀ। ਹੁਣ ਚਿੰਨ੍ਹ ਦੀ ਹਸਤੀ ਕ੍ਰਿਆਸ਼ੀਲਤਾ ਹੈ, ਸੰਵਾਦ ਵਿਚ ਆ ਕੇ ਪ੍ਰਾਪਤ ਕੀਤਾ ਗੌਰਵ ਹੈ, ਖੜੋਤ ਵਿਚ ਗ੍ਰਹਿਣਿਆ ਅਰਥਧਾਰਨ ਨਹੀਂ।

ਚਿੰਨ੍ਹ ਅਤੇ ਭਾਸ਼ਾ-ਪ੍ਰਕਾਸ਼ਾਂ ਨਾਲ ਇਹ ਜੋ ਵਾਪਰਿਆ ਹੈ, ਇਸ ਨੂੰ ਉਤਰ ਆਧੁਨਿਕਵਾਦੀਆਂ ਨੇ "ਨੀਂਹ-ਭੰਗ", "ਵਿਸਥਾਪਨ", "ਅਣਉਪਸਥਿਤੀ" ਆਦਿ ਕਈ ਨਾਂ ਦਿੱਤੇ ਹਨ। ਇਸ ਤਬਦੀਲੀ ਪਿੱਛੇ ਰਾਜਨੀਤਕ ਅਤੇ ਆਰਥਿਕ ਮਜਬੂਰੀਆਂ ਵੀ ਹਨ। ਵਿਕਸਿਤ ਪੂੰਜੀਵਾਦ ਦਾ ਫੈਲਾਓ, ਬਹੁ-ਕੌਮੀ ਕੰਪਨੀਆਂ ਦਾ ਵਪਾਰ ਲਈ ਵੱਖ-ਵੱਖ ਸੱਭਿਆਚਾਰਾਂ ਵਿਚ ਪਰਵੇਸ਼, ਵੀਅਨਤਾਮ, ਚੀਨ, ਭਾਰਤ ਆਦਿ ਦੇਸ਼ਾਂ ਦਾ ਆਪਣੇ "ਸਮਾਜਵਾਦਾਂ" ਨੂੰ ਖੋਲ੍ਹਣਾ, ਖੁੱਲ੍ਹੀ ਮਾਰਕੀਟ ਨੂੰ ਸੱਦਾ ਦੇਣਾ। ਇਹ ਸਭ ਪੱਖ ਧਿਆਨ ਯੋਗ ਹਨ।

ਇਸ ਨਵੇਂ ਯਥਾਰਥ ਦਾ ਸੱਭਿਆਚਾਰਕ ਅਤੇ ਸਾਹਿਤਕ ਰੂਪ ਖੁੱਲ੍ਹੇ ਜਾਂ ਅਣਨੀਹੇਂ ਚਿੰਨ੍ਹ ਦਾ ਉਭਾਰ ਹੈ। ਅਣਨੀਹਾਂ ਚਿੰਨ੍ਹ ਕਿਸੇ ਵਿਚਾਰਧਾਰਾ ਉੱਤੇ ਕੇਂਦਰਿਤ ਨਹੀਂ ਜਿਵੇਂ ਈਸਾਈਅਤ, ਯਹੂਦੀਅਤ, ਬ੍ਰਾਹਮਣਵਾਦ, ਸਮਾਜਵਾਦ ਜਾਂ ਪੂੰਜੀਵਾਦ। ਵਿਚਾਰਧਾਰਾ, ਅਸੀਂ ਮਾਰਕਸ ਅਤੇ ਅਲਥਿਊਜ਼ਰ ਤੋਂ ਪਿੱਛੋਂ ਜਾਣਦੇ ਹਾਂ, ਸੀਮਤ ਕਰਦੀ ਹੈ। ਸਾਨੂੰ ਕੁਝ ਆਰਥਿਕ, ਰਾਜਸੀ ਹਿੱਤਾਂ ਦੇ ਪਾਲਣ ਲਈ ਛਿੱਲਦੀ ਤ੍ਰਾਸ਼ਦੀ ਹੈ। ਅਣਨੀਂਹਾਂ ਚਿੰਨ੍ਹ, ਜੇ ਰਿਚਰਡ ਰੌਰਟੀ ਦੀ ਗੱਲ ਮੰਨ ਲਈਏ ਕੇਵਲ ਕਿਸੇ ਸੱਭਿਆਚਾਰ ਦੀ ਪ੍ਰੰਪਰਾ ਜਾਂ ਪ੍ਰਸੰਗ ਵਿਚੋਂ ਅਰਥ ਲੈਂਦਾ ਹੈ। ਇਸ ਲਈ ਇਹ ਗਤੀਸ਼ੀਲ ਹੈ, ਨਵੀਆਂ ਸਥਿਤੀਆਂ ਅਨੁਸਾਰ ਇਸ ਦੇ ਅਰਥ ਜਾਂ ਸਿਗਨੀਫਾਈਡ ਬਦਲਦੇ ਰਹਿੰਦੇ ਹਨ। ਹਰ ਸੱਭਿਆਚਾਰ, ਆਪਣੇ ਇਤਿਹਾਸ ਅਤੇ ਲੱਭਤਾਂ ਅਨੁਸਾਰ ਇਸ ਦੇ ਅਰਥ ਸਾਜਦੀ ਰਹਿੰਦੀ ਹੈ। ਅਰਥ ਦੀ ਕੋਈ ਅਤਿਮਤਾ ਨਹੀਂ।

ਅੱਜ ਅਸੀਂ ਤੀਸਰੇ ਸੁਪਨੇ ਦੀ ਤਲਾਸ਼ ਵਿਚ ਹਾਂ। ਦੋ ਸੁਪਨੇ ਜਿਨ੍ਹਾਂ ਨੂੰ ਅਸੀਂ ਵਿਸ਼ਵ ਪੱਧਰ ਉੱਤੇ ਸਾਕਾਰ ਕੀਤਾ ਹੈ ਅਤੇ ਜੋ ਅਸੀਂ ਹੰਢਾ ਲਏ ਹਨ, ਉਹ ਹਨ: ਪੂੰਜੀਵਾਦ ਅਤੇ ਸਮਾਜਵਾਦ। ਪੂੰਜੀਵਾਦ ਦਾ ਮੁੱਖ ਮੁੱਦਾ ਪੂੰਜੀ ਦੇ ਵਿਕਾਸ ਨਾਲ, ਮਾਰਕੀਟ ਆਰਥਿਕਤਾ ਅਤੇ ਮੁਕਾਬਲੇ ਦੇ ਸੰਗਠਨਾਂ ਰਾਹੀਂ ਅੱਗੇ ਵਧਣਾ ਸੀ। ਪੂੰਜੀਵਾਦ ਦੇ ਮੋਢੀਆਂ ਵੱਲੋਂ ਇਹ ਕਿਹਾ ਗਿਆ ਸੀ ਕਿ ਅਜਿਹੀ ਆਰਥਿਕਤਾ ਅਤੇ ਸੰਗਠਨ, ਪ੍ਰਕਿਰਤੀ ਦੇ ਸੁਭਾਅ ਅਨੁਸਾਰ ਹਨ। ਇਸ ਲਈ ਇਨ੍ਹਾਂ ਦੇ ਸੰਚਾਲਨ ਨਾਲ ਮਨੁੱਖ ਕੋਲ ਖੁਸ਼ੀ ਦੇ ਸਾਧਨ ਵਧਣਗੇ। ਉਹ ਸੱਭਿਆਚਾਰਕ ਅਤੇ ਪਦਾਰਥਕ ਪੱਧਰ ਉੱਤੇ ਵਿਕਸਿਤ ਹੋਵੇਗਾ। ਪੂੰਜੀਵਾਦ ਦਾ ਸਭ ਤੋਂ ਸ੍ਰੇਸ਼ਟ ਮਾਡਲ ਉਦਾਰਵਾਦੀ ਲੋਕਤੰਤਰ ਹੈ।

ਇਸ ਲੋਕਤੰਤਰ ਵਿਚ ਨਿਆਂ, ਸੰਤੁਲਨ ਅਤੇ ਅਮੀਰੀ ਪ੍ਰਤੱਖ ਤੌਰ 'ਤੇ ਪ੍ਰਧਾਨ ਹੋਣਗੇ। ਪਰ ਅਸੀਂ ਹੁਣ ਜਾਣਦੇ ਹਾਂ ਕਿ ਇਹ ਸਭ ਵਾਅਦੇ ਪੂਰੇ ਨਹੀਂ ਹੋਏ। ਉਦਾਰਵਾਦੀ ਲੋਕਤੰਤਰ ਏਨਾ ਦਿਲ-ਖਿੱਚਵਾਂ ਰਿਹਾ ਕਿ ਕੋਜੀਵ ਅਤੇ ਲਿਉਤਾਰ(ਦ) ਜਿਹੇ ਚਿੰਤਕ ਵੀ ਇਸ ਵੱਲ ਢਲ ਗਏ। ਜੌਹਨ ਰਾਅਲਸ ਜਿਹੇ "ਨਿਆਂ" (ਜਸਟਿਸ) ਦੇ ਮੁਦੱਈ ਨੇ ਇਹ ਧਾਰਨਾ ਦਿੱਤੀ ਕਿ ਉਦਾਰਵਾਦੀ ਲੋਕਤੰਤਰ ਵਿਚ ਹਰ ਮਨੁੱਖ "ਫੇਅਰ" (ਸੰਤੁਲਿਤ, ਯੋਗ) ਹੋ ਸਕਦਾ ਹੈ। ਦੂਜੇ ਪ੍ਰਤੀ ਸੂਖਮ ਰਹਿ ਸਕਦਾ ਹੈ। ਪਰ ਕਿਉਂਕਿ ਉਦਾਰਵਾਦੀ ਲੋਕਤੰਤਰ ਵੀ ਬਹੁਗਿਣਤੀ ਦੀ ਵੋਟ ਨਾਲ ਚੱਲਦਾ ਹੈ, ਇਹ ਸੂਖਮਤਾ ਕਾਇਮ ਨਹੀਂ ਰਹੀ। ਨਿਆਂ ਨਹੀਂ ਵਾਪਰਿਆ। ਅਮੀਰੀ ਅਤੇ ਗ਼ਰੀਬੀ ਦਾ ਪਾੜ ਕਾਇਮ ਰਿਹਾ। ਘੱਟ ਗਿਣਤੀਆਂ ਦੇ ਅਨੁਭਵ, ਸੱਭਿਆਚਰਕ ਸੰਗਠਨ ਉਤਸ਼ਾਹਿਤ ਨਹੀਂ ਰਹਿ ਸਕੇ। ਕਿਉਂਕਿ ਇਹ ਪ੍ਰਬੰਧ "ਸੂਦ" ਅਤੇ "ਨਿਵੇਸ਼" ਨਾਲ ਚੱਲਦਾ ਹੈ, ਇਸ ਲਈ ਬੇਕਿਰਕ ਵੀ ਹੈ। ਪੂੰਜੀ ਦੇ ਵਿਕਾਸ ਅਤੇ ਵਸਤਾਂ ਦੇ ਵੱਧ ਉਤਪਾਦਨ ਤੋਂ ਅੱਗੇ ਕੋਈ ਕਲਪਣਾ ਇਸ ਪ੍ਰਬੰਧ ਵਿਚ ਸੰਭਵ ਨਹੀਂ ਹੋ ਸਕੀ।

ਫੁਕੂਯਾਮਾ ਵਰਗੇ ਚਿੰਤਕਾਂ ਨੇ ਤਾਂ ਇਹ ਮੰਨ ਹੀ ਲਿਆ ਹੈ ਕਿ ਇਤਿਹਾਸ ਦਾ ਅੰਤ ਆ ਗਿਆ ਹੈ। ਉਦਾਰਵਾਦੀ ਲੋਕਤੰਤਰ ਤੋਂ ਅੱਗੇ ਮਨੁੱਖ ਜਾਤੀ ਨੇ ਕਿਧਰੇ ਨਹੀਂ ਜਾਣਾ। ਅਮਰਤਿਯਾ ਸੈਨ ਨੇ ਨਿਆਂ ਦੇ ਨੁਕਤੇ ਤੋਂ ਉਦਾਰਵਾਦੀ ਲੋਕਤੰਤਰ ਦੀਆਂ ਅਪ੍ਰਾਪਤੀਆਂ ਅਤੇ ਸਮੱਸਿਆਵਾਂ ਦਾ ਯੋਗ ਵਿਸ਼ਲੇਸ਼ਣ ਕੀਤਾ ਹੈ।

ਦੂਜੇ ਪਾਸੇ ਸਮਾਜਵਾਦ ਦਾ ਸੁਪਨਾ ਹੈ ਜਿਸ ਵਿਚ ਡਾਇਲੈਕਟਿਕ ਜਾਂ ਦਵਦ ਨੂੰ ਮੂਲ ਮੰਨ ਲਿਆ ਗਿਆ ਹੈ। ਜੇ ਪ੍ਰਕਿਰਤੀ ਅਤੇ ਮਨੁੱਖੀ ਸਮਾਜ ਡਾਇਲੈਕਟਿਕ ਜਾਂ ਵਿਰੋਧ-ਵਿਕਾਸੀ ਸ਼ਕਤੀਆਂ ਦੇ ਦਵੰਦ ਰਾਹੀਂ ਅੱਗੇ ਵਧਦੇ ਹਨ ਤਾਂ ਉਪਰਥਲੀਆਂ ਅਤੇ ਇਨਕਲਾਬ ਹੀ ਇਕ ਰਾਹ ਹਨ। ਪ੍ਰਕਿਰਤੀ ਦੇ ਯਥਾਰਥ ਨੂੰ ਹੀ ਸਮਾਜ ਵਿਚ ਨਕਲ ਕੀਤਾ ਜਾ ਸਕਦਾ ਹੈ। ਇਹ ਦਵੰਦ ਦੀਆਂ ਸ਼ਕਤੀਆਂ ਪਲੇਟੋ ਦੇ ਸਦੀਵੀਂ ਰੂਪਾਂ 'ਆਈਡੀਜ਼' ਵਾਂਗ ਅੱਟਲ ਹਨ। ਇਸ ਦ੍ਰਿਸ਼ਟੀ ਤੋਂ ਮਾਰਕਸਵਾਦੀ ਦਵੰਦ ਮਾਡਲ ਅਤੇ ਪਲੇਟੋ ਦੇ ਅਨੁਕਰਣੀ (ਮਿਮੈਟਿਕ) ਮਾਡਲ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ।

ਕੁਐਂਤਮ ਭੌਤਿਕ ਵਿਗਿਆਨ ਅਤੇ ਸਾਪੇਖਤਾ ਸਿਧਾਂਤ ਤੋਂ ਪਿੱਛੋਂ ਦਵੰਦ ਨੂੰ ਮੂਲ ਮੰਨਣਾ ਔਖਾ ਹੈ। ਮਾਦੇ ਅਤੇ ਪ੍ਰਕਿਰਤੀ ਦਾ ਵਿਕਾਸ ਅਣਸੋਚੀਆਂ ਪੁਲਾਂਘਾਂ ਨਾਲ ਹੁੰਦਾ ਹੈ। ਇਸ ਸਾਰੇ ਯਥਾਰਥ ਅਤੇ ਘਟਨਾਵਾਂ ਨੂੰ ਦੇਖਣ ਵਾਲੇ ਨਿਰੀਖਿਅਕ ਦਾ ਸਥਾਨ ਅਤੇ ਨਿਰੀਖਣ ਕਰਨ ਵਾਲੇ ਔਜ਼ਾਰ ਵੀ ਮਹੱਤਵ ਰੱਖਦੇ ਹਨ। ਇਹ ਚਿੰਤਨ ਹੁਣ ਕਬੂਲ ਹੋ ਚੁੱਕਾ ਹੈ। ਇਸ ਲਈ ਨਾ ਦਵੰਦ ਹੀ ਮੂਲ ਰਿਹਾ ਅਤੇ ਨਾ ਹੀ ਨਿਰੀਖਿਅਕ ਵਿਅਕਤੀ ਅਤੇ ਸੱਭਿਆਚਾਰ ਦੀ ਦ੍ਰਿਸ਼ਟੀ ਹੀ ਮਹੱਤਵਹੀਣ ਰਹਿ ਗਈ ਹੈ। ਇਨ੍ਹਾਂ ਚਿੰਤਨੀ ਅਤੇ ਅਭਿਆਸੀ ਘਟਨਾਵਾਂ ਨੇ ਸਮਾਜਵਾਦੀ ਸੁਪਨੇ ਨੂੰ ਵੀ ਬਖੇਰ ਦਿੱਤਾ ਹੈ। ਸਮਾਜਵਾਦ ਵਿਚ ਹੀ ਪੂੰਜੀ ਦਾ ਵਿਕਾਸ ਅਤੇ ਵਸਤਾਂ ਦਾ ਵੱਧ ਉਤਪਾਦਨ ਹੀ ਪ੍ਰਧਾਨ ਹਨ। ਭਾਵੇਂ ਪੱਛਮੀ ਮਾਰਕਸਵਾਦੀਆਂ ਦੇ ਇਤਿਹਾਸਕਾਰ ਮਾਰਟਿਨ ਜੇ ਨੇ ਇਹ ਮੰਨਿਆ ਕਿ ਪੱਛਮੀ ਮਾਰਕਸਵਾਦ ਦੇ ਮੁੱਦੇ ਸੋਵੀਅਤ ਅਤੇ ਚੀਨੀ ਮਾਰਕਸਵਾਦ ਦੇ ਸਿਧਾਂਤ ਅਤੇ ਅਭਿਆਸ ਨਾਲੋਂ ਵੱਖਰੇ ਹਨ। ਪੱਛਮੀ ਮਾਰਕਸਵਾਦ ਵਿਚ ਲੂਕਾਸ਼ ਤੋਂ ਪਿੱਛੋਂ ਬਲ ਸਮੁੱਚਤਾ ਜਾਂ ਸਰਬਾਂਗੀ ਵਿਕਾਸ ਉਤੇ ਹੈ। ਮਾਰਟਿਨ ਜੇ ਦੀ ਇਸ ਧਾਰਨਾ ਨੂੰ ਅਜੇ ਅਭਿਆਸ ਵਿਚ ਨਹੀਂ ਦੇਖਿਆ ਜਾ ਸਕਿਆ। ਇਸ ਲਈ ਸਮਾਜਵਾਦੀ ਸੁਪਨੇ ਦੀਆਂ ਕੁਝ ਵਿਸ਼ੇਸ਼ਤਾਵਾਂ ਵੀ ਪੂੰਜੀਵਾਦ ਨਾਲ ਸਾਂਝੀਆਂ ਹਨ। ਇਹ ਸੁਪਨਾ ਵੀ ਸੋਵੀਅਤ ਯੂਨੀਅਨ ਦੇ ਅਣਸੰਗਠਨ ਤੋਂ ਪਿੱਛੋਂ ਟੁੱਟ ਗਿਆ। ਚੀਨ ਨੇ ਵੀ ਪੂੰਜੀਵਾਦੀ ਪੂੰਜੀ ਨਾਲ ਵਿਕਾਸ ਕਰਨਾ ਮੰਨਿਆ ਹੋਇਆ ਹੈ। ਇਸ ਲਈ ਚੀਨੀ ਅਭਿਆਸ ਵਿਚ ਵੀ ਨਿਆਂ ਅਤੇ ਅਲਪ ਸੱਭਿਆਚਾਰਾਂ ਦੇ ਵਿਕਾਸ ਦੀ ਸਮੱਸਿਆ ਕਾਇਮ ਹੈ। ਚੀਨ ਸਨਾਤਨੀ ਮਾਰਕਸਵਾਦ ਅਤੇ ਪੂੰਜੀਵਾਦ ਦਾ ਰਲਗੱਡ ਬਣ ਰਿਹਾ ਹੈ। ਉਸ ਵਿਚ ਵੀ ਵਿਕਾਸ ਪੂੰਜੀ ਦੇ ਵਧਣ ਅਤੇ ਵਸਤਾਂ ਦੇ ਵੱਧ ਉਤਪਾਦਨ ਨਾਲ ਹੀ ਸਬੰਧਤ ਹੈ। ਇਸ ਲਈ ਮਨੁੱਖੀ ਵਿਸ਼ਾ, ਇਕੱਲ, ਗੈਰ-ਸ਼ਾਇਰਾਨਾ ਮਨ ਆਦਿ ਸਮੱਸਿਆਵਾਂ ਉਥੇ ਵੀ ਟਿਕੀਆਂ ਰਹਿਣਗੀਆਂ।

ਹੁਣ ਅਸੀਂ ਤੀਸਰੇ ਸੁਪਨੇ ਦੀ ਤਲਾਸ਼ ਵਿਚ ਹਾਂ। ਅਜਿਹਾ ਸੁਪਨਾ ਸਿਧਾਂਤਬੱਧ ਕਰਨ ਨੂੰ ਲੋਚ ਰਹੇ ਹਾਂ ਜਿਸ ਵਿਚ ਪੂੰਜੀ ਦੇ ਅਰਥ/ਸਿਗਨੀਫਾਈਡ ਬਦਲ ਜਾਣ। ਮੁੱਢਲਾ ਯਥਾਰਥ ਦਵੰਦ ਨਾ ਮੰਨਿਆ ਜਾਵੇ। ਦਵੰਦ ਨੂੰ ਲੋਕਲ ਸਥਿਤੀ ਸਮਝਣਾ ਠੀਕ ਹੈ, ਪਰ ਮੂਲ ਯਥਾਰਥ ਵਜੋਂ ਨਹੀਂ। ਇਹ ਸੱਚ ਵੀ ਨਹੀਂ। ਦਵੰਦ ਨੂੰ ਮੂਲ ਮੰਨਣ ਨਾਲ ਸਮਾਜਿਕ ਅਤੇ ਮਾਨਸਿਕ ਤਣਾਓ ਅਤੇ ਬਖੇੜੇ ਕਾਇਮ ਰਹਿਣਗੇ। ਕੁੱਲ ਸ੍ਰਿਸ਼ਟੀ ਅਤੇ ਇਸ ਦੇ ਸਿਰਜਨਾਤਮਕ ਵਹਿਣਾਂ ਨੂੰ ਹੋਰ ਖੋਜ ਕਰਕੇ ਬਦਲਵੇਂ ਰੂਪ ਵਿਚ ਸਮਝਣਾ ਚਾਹੀਦਾ ਹੈ।

ਇਸ ਬਾਰੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਬਦਲ ਵਜੋਂ ਜੋ ਨਵਾਂ ਸੁਪਨਾ ਅਸੀਂ ਸਿਧਾਂਤਬੱਧ ਕਰਨਾ ਚਾਹੁੰਦੇ ਹਾਂ, ਉਸ ਲਈ ਸੁਝਾਅ ਪੰਜਾਬ ਦੇ ਸਿੱਖ ਵਿਰਸੇ ਵਿਚ ਮੌਜੂਦ ਹੈ। ਇਸ ਨਵੇਂ ਸੁਪਨੇ ਦਾ ਧੁਰਾ ਸੂਦ-ਆਧਾਰਤ ਵਿਕਾਸਵਾਦੀ ਪੂੰਜੀ ਨਹੀਂ ਹੋਵੇਗਾ। ਸਗੋਂ ਇਸ ਨੂੰ ਵਿਸਮਾਦੀ ਪੂੰਜੀ ਪਰਿਭਾਸ਼ਤ ਕਰੇਗੀ। ਵਿਸਮਾਦ, ਵਿਲੱਖਣਤਾ ਅਤੇ ਸਿਰਜਣਾ ਦੀ ਮਸਤੀ ਹੈ। ਸੰਗੀਤਾਮਕਤਾ ਹੈ, ਸ਼ਾਇਰੀ ਹੈ ਜਿਸ ਵਿਚ ਕੁੱਲ ਕਾਇਨਾਤ ਬੱਝੀ ਹੋਈ ਹੈ। ਇਹ ਮਸਤੀ "ਸਵੈ-ਭੰ" ਹੈ, ਆਪਣੇ ਆਪ ਜਨਮ ਲੈਂਦੀ ਹੈ ਅਤੇ ਵਧਦੀ-ਫੁੱਲਦੀ ਹੈ। ਇਸ ਮਸਤੀ ਦਾ 'ਸੈਭੰ' ਪ੍ਰਤੀਕ ਵਾਹਿਗੁਰੂ ਹੈ। ਜਿਸ ਦਾ ਅਰਥ ਵਿਸਮਾਦ ਦਾ ਗੁਰੂ ਹੈ। ਇਹ ਚਿੰਨ੍ਹ ਜਾਂ ਪ੍ਰਤੀਕ ਵਿਚਾਰਧਾਰਕ ਜਾਂ ਇਕਪਾਸਾਰੀ ਨਹੀਂ। ਨਿਰੋਲ ਵਿਗਾਸੀ ਜਾਂ ਖੇੜਾ ਪ੍ਰਦਾਨਕ ਹੈ। ਇਸ ਦਾ ਮਨੁੱਖ ਅਤੇ ਸਮਾਜ ਦੇ ਸੰਗਠਨਾਂ ਦਾ 'ਕਮਲ' ਬਣਨਾ ਹੈ।

ਜੇ ਵਿਸਮਾਦ ਅਤੇ ਸਿਰਜਨਾਤਮਕ ਸ਼ਕਤੀ ਦੀ ਮਸਤੀ ਨੂੰ ਆਪਣੀ ਸੰਗੀਤਾਮਕਤਾ ਵਿਚ ਦਵੰਦ ਦੀ ਥਾਂ ਮੂਲ ਮੰਨ ਲਿਆ ਜਾਵੇ ਤਾਂ ਸਮਾਜਾਂ ਵਿਚ ਇਸ ਨੂੰ ਸਾਕਾਰ ਕਰਨ ਵਾਲੀ ਪੂੰਜੀ ਵੀ ਵਿਸਮਾਦੀ ਹੋਵੇਗੀ। ਵਿਸਮਾਦੀ ਪੂੰਜੀ ਸੂਦ-ਖੋਰ ਅਤੇ ਬੇਕਿਰਕ-ਅੰਤੀ ਬੋਲੀ ਹੋਣ ਦੀ ਥਾਂ ਚੇਤੰਨ ਤੌਰ 'ਤੇ "ਵਿਗਾਸੀ" ਹੋਵੇਗੀ। ਪੰਜਾਬ ਦੇ ਸਿੱਖ ਵਿਰਸੇ ਵਿਚ ਵਿਸਮਾਦ ਦਾ ਸੰਕਲਪ, 'ਰਿੱਗ ਵੇਦ ਦੇ ਰਿਸ਼ੀਆਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਅਣਥੱਕ ਚਿੰਤਨੀ ਅਤੇ ਅਭਿਆਸੀ ਖੋਜ ਤਕ ਪਹੁੰਚਿਆ ਹੋਇਆ' ਜੋ ਵੱਡੀ ਪ੍ਰਾਪਤੀ ਹੈ। ਇਸ ਨੂੰ ਸਮਝ ਕੇ ਵਰਤਣ ਨਾਲ ਵਿਸਮਾਦੀ ਪੂੰਜੀ ਉਤੇ ਆਧਾਰਤ ਸਰਬਾਂਗੀ ਵਿਗਾਸ ਵਾਲੇ ਸੁਪਨੇ ਦੀ ਸਾਜਨਾ ਕੀਤੀ ਜਾ ਸਕਦੀ ਹੈ।

ਅਸੀਂ ਇਸ ਨਵੇਂ ਵਿਸ਼ਵ ਸੁਪਨੇ ਦੀ ਸਾਜਨਾ ਵਿਚ ਅਹਿਮ ਭਾਗ ਪਾ ਸਕਦੇ ਹਾਂ, ਪਰ ਸਾਡੇ ਚਿੰਤਕਾਂ ਵਿਚ ਕੋਈ ਵੀ ਸਵੈ-ਚੇਤਨਤਾ ਜਾਂ ਸਵੈ-ਮਾਣ ਨਹੀਂ। ਪੱਛਮ ਦੇ ਜਾਣੇ-ਪਛਾਣੇ ਪੂੰਜੀਵਾਦੀ ਜਾਂ ਸਮਾਜਵਾਦੀ ਮਾਡਲਾਂ ਨਾਲ ਬੁਰੀ ਤਰ੍ਹਾਂ ਮਨੋ-ਨਿਸ਼ਚਿਤ ਹੋ ਚੁੱਕੇ ਹਨ। ਆਪਣੇ ਵਿਰਸੇ ਦੀ ਮੌਲਿਕਤਾ ਨਹੀਂ ਪਛਾਣ ਰਹੇ। ਬਿਨਾਂ ਵਿਸਮਾਦੀ ਵਿਰਸੇ ਨੂੰ ਪਛਾਣਨ ਅਤੇ ਇਸ ਤੋਂ ਪ੍ਰਭਾਵਿਤ/ਮਧਿਅਸਥਿਤ ਹੋਣ ਦੇ, ਪੰਜਾਬ ਦਾ ਹਰ ਬੁੱਧੀਜੀਵੀ, ਇਤਿਹਾਸ ਵਿਚ, ਅਣਪ੍ਰਮਾਣਿਕ ਗਿਣਿਆ ਜਾਵੇਗਾ।

"ਪੂੰਜੀ" ਦੇ ਚਿੰਨ੍ਹ ਨੂੰ ਅਣਨੀਹਾਂ ਕਰਨ ਦੀ ਲੋੜ ਹੈ। ਇਸ ਨੂੰ ਨਵਾਂ ਪ੍ਰਸੰਗ, ਨਵਾਂ ਸਿਗਨੀਫਾਈਡ ਦਿੱਤਾ ਜਾਵੇ, ਇਹੀ ਸਰਬ-ਹਿਤੈਸ਼ੀ ਕਦਮ ਹੋਵੇਗਾ। ਪੰਜਾਬ ਦੇ ਸਿੱਖ ਵਿਰਸੇ ਨੂੰ ਇਸ ਗੌਰਵ ਲਈ ਵਰਤਣਾ ਕੋਈ ਹੀਣਭਾਵੀ ਜਾਂ ਸੰਪਰਦਾਇਕ ਗੱਲ ਨਹੀਂ ਸਮਝਣਾ ਚਾਹੀਦਾ ਹੈ।



# ਇਸ਼ਕ ਦੇ ਅੰਨ੍ਹੇ ਨੇ ਹੱਥੀਂ ਖ਼ਤਮ ਕੀਤਾ ਪਰਿਵਾਰ

**ਨਵਾਦਲ ਪਿੰਡ ਦੇ ਬਾਹਰ ਪਿੱਪਲ ਦਾ ਇੱਕ ਪੁਰਾਣਾ ਦਰਖਤ ਹੈ। ਪਿੰਡ ਵਾਲਿਆਂ ਦੀ ਸ਼ਰਧਾ ਹੈ ਕਿ ਉਸ ਦਰਖਤ ਤੇ ਇੱਕ ਬਾਬੇ ਦਾ ਵਾਸ ਹੈ। ਪਿੰਡ ਦੇ ਲੋਕ ਲੰਮੇ ਸਮੇਂ ਤੋਂ ਉਸ ਪਿੱਪਲ ਦੀ ਪੂਜਾ ਕਰਦੇ ਹਨ। ਜੋ ਗਲਤੀ ਇਸ ਬੱਚੀ ਤੋਂ ਹੋਈ, ਉਸ ਲਈ ਮੁਆਫ਼ੀ ਮੰਗਣਾ ਜ਼ਰੂਰੀ ਹੈ। ਤਾਂਤਰਿਕ ਦੀ ਗੱਲ ਸੁਣ ਕੇ ਰਾਜੇ ਹੈਰਾਨ ਹੋਏ, ਇਹ ਛੋਟੇ ਸਰਕਾਰ ਅਤੇ ਵੱਡੇ ਸਰਕਾਰ**



ਸਵੇਰ ਦੇ ਕਰੀਬ 9 ਵਜੇ ਸਨ। ਰਾਜੇ ਆਪਣੀ ਪਤਨੀ ਧਰਮਵਤੀ ਦੇ ਨਾਲ ਕਮਰੇ ਵਿੱਚ ਬੈਠਿਆ ਗੱਲਾਂ ਕਰ ਰਿਹਾ ਸੀ। ਉਹਨਾਂ ਦੀ 20 ਸਾਲ ਦੀ ਲੜਕੀ ਪ੍ਰੀਤੀ ਆਪਣੀ ਭਾਬੀ ਸ਼ੀਤਲ ਦੇ ਨਾਲ ਕਿਚਨ ਵਿੱਚ ਕੰਮ ਕਰ ਰਹੀ ਸੀ। ਕੰਮ ਕਰਦੇ ਕਰਦੇ ਅਚਾਨਕ ਪ੍ਰੀਤੀ ਦੀਆਂ ਅੱਖਾਂ ਚੜ੍ਹ ਗਈਆਂ ਅਤੇ ਉਹ ਹੇਠਾਂ ਬੈਠ ਕੇ ਆਪਣਾ ਸਿਰ ਘੁੰਮਾਉਣ ਲੱਗੀ। ਇਹ ਦੇਖ ਕੇ ਸ਼ੀਤਲ ਘਬਰਾ ਗਈ। ਕੰਮ ਛੱਡ ਕੇ ਪ੍ਰੀਤੀ ਦੇ ਨੇੜੇ ਆਈ ਅਤੇ ਤਬੀਅਤ ਬਾਰੇ ਪੁੱਛਿਆ।

ਪ੍ਰੀਤੀ ਤੇਜ਼ੀ ਨਾਲ ਸਿਰ ਘੁੰਮਾਉਣ ਲੱਗੀ। ਸ਼ੀਤਲ ਨੇ ਘਬਰਾਉਂਦੇ ਹੋਏ ਆਪਣੀ ਸੱਸ ਅਤੇ ਸਹੁਰੇ ਨੂੰ ਬੁਲਾਇਆ। ਰਾਜੇ ਅਤੇ ਉਸਦੀ ਪਤਨੀ ਤੇਜ਼ੀ ਨਾਲ ਕਿਚਨ ਵਿੱਚ ਆਏ। ਉਸ ਵਕਤ ਪ੍ਰੀਤੀ ਦੇ ਵਾਲ ਖੁੱਲ੍ਹੇ ਸਨ ਅਤੇ ਉਹ ਫ਼ਰਸ਼ ਤੇ ਬੈਠੀ ਆਪਣੇ ਸਿਰ ਨੂੰ ਗੋਲ-ਮੋਲ ਘੁੰਮਾਈ ਜਾ ਰਹੀ ਸੀ। ਪ੍ਰੀਤੀ ਇੱਕ ਵਾਰ ਵੀ ਨਾ ਬਰੋਲੀ ਤਾਂ ਰਾਜੇ ਨੂੰ ਵਿਸ਼ਵਾਸ ਹੋ ਗਿਆ ਕਿ ਜ਼ਰੂਰ ਇਯ ਦੇ ਉਪਰ ਕਿਸੇ ਪ੍ਰੇਤ ਆਤਮਾ ਦਾ ਸਾਇਆ ਹੈ। ਜਾਨਣ ਲਈ ਪੁੱਛਣ ਲੱਗੇ, ਕੌਣ ਹੋ, ਮੇਰੀ ਲੜਕੀ ਨੂੰ ਕਿਉਂ ਭ੍ਰੇਸ਼ਾਨ ਕਰ ਰਹੇ ਹੋ। ਪ੍ਰੀਤੀ ਬੋਲੀ, ਮੈਂ ਪਿੱਪਲ ਵਾਲਾ ਬਾਬਾ ਹਾਂ। ਇਯ ਲੜਕੀ ਨੇ ਮੇਰੇ ਤੇ ਥੁੱਕਿਆ ਸੀ, ਇਸ ਕਰਕੇ ਇਸਨੂੰ ਸਜ਼ਾ ਮਿਲੇਗੀ। ਉਹਨਾਂ ਨੂੰ ਯਕੀਨ ਹੋ ਗਿਆ ਕਿ ਪ੍ਰੀਤੀ ਤੇ ਪ੍ਰੇਤ ਆਤਮਾ ਦਾ ਸਾਇਆ ਹੈ। ਉਦੋਂ ਹੀ ਕਿਸੇ ਨੇ ਰਾਜੇ ਨੂੰ ਸਲਾਹ ਦਿੱਤੀ ਕਿ ਉਹ ਤਾਂਤਰਿਕ ਸਲੀਮ ਨੂੰ ਬੁਲਾਵੇ। ਸਲੀਮ ਮੂਲ ਤੌਰ ਤੇ ਛੋਲਸ ਪਿੰਡ ਦਾ ਰਹਿਣ ਵਾਲਾ ਸੀ। ਉਹ ਆਸ ਪਾਸ ਦੇ ਪਿੰਡ ਵਾਲਿਆਂ ਦੇ ਲਈ ਤੰਤਰ-ਮੰਤਰ ਦਾ ਕੰਮ ਕਰਦਾ ਸੀ।

ਰਾਜੇ ਸਿੰਘ ਇੱਕ ਅੰਧ ਵਿਸ਼ਵਾਸਸੀ ਸੀ, ਦੂਜਾ ਉਹ ਲੜਕੀ ਨੂੰ ਠੀਕ ਕਰਨਾ ਚਾਹੁੰਦਾ ਸੀ, ਇਯ ਕਰਕੇ ਉਹਨਾਂ ਨੇ ਆਪਣੇ ਬੇਟੇ ਲਲਿਤ ਨੂੰ ਤਾਂਤਰਿਕ ਸਲੀਮ ਨੂੰ ਬੁਲਾਉਣ ਭੇਜ ਦਿੱਤਾ। ਤਾਂਤਰਿਕ ਪਹੁੰਚਿਆ ਤਾਂ ਉਸ ਨੇ ਪ੍ਰੀਤੀ ਦੀ ਹਾਲਤ ਦੇਖੀ। ਇਸ ਤੋਂ ਬਾਅਦ ਉਹ ਇੱਕ ਗਿਲਾਸ ਵਿੱਚ ਪਾਣੀ ਲੈ ਕੇ ਕੁਝ ਬੋਲਿਆ ਅਤੇ ਪਾਣੀ ਪ੍ਰੀਤੀ ਦੇ ਚਿਹਰੇ ਤੇ ਛਿੱਟੇ ਮਾਰੇ। ਉਸ ਨੇ 3 ਵਾਰ ਅਜਿਹਾ ਕੀਤਾ ਤਾਂ ਪ੍ਰੀਤੀ ਸ਼ਾਂਤ ਹੋ ਗਈ। ਮਾਪਿਆਂ ਨੇ ਰਾਹਤ ਦਾ ਸਾਹ ਲਿਆ।

ਰਾਜੇ ਨੇ ਕਿਹਾ, ਹਾਂ ਜਦੋਂ ਇਹ ਝੂੰਮ ਰਹੀ ਸੀ ਤਾਂ ਇਸ ਦੇ ਮੂੰਹ ਤੋਂ ਆਵਾਜ਼ ਨਿਕਲੀ, ਪਿੱਪਲ ਵਾਲਾ ਬਾਬਾ। ਸਲੀਮ ਵੀ ਹੈਰਾਨ ਹੋਇਆ, ਜ਼ਰੂਰ ਇਸ ਤੋਂ ਕੋਈ ਗਲਤੀ ਹੋ ਗਈ ਹੈ। ਨਵਾਦਲ ਪਿੰਡ ਦੇ ਬਾਹਰ ਪਿੱਪਲ ਦਾ ਇੱਕ ਪੁਰਾਣਾ ਦਰਖਤ ਹੈ। ਪਿੰਡ ਵਾਲਿਆਂ ਦੀ ਸ਼ਰਧਾ ਹੈ ਕਿ ਉਸ ਦਰਖਤ ਤੇ ਇੱਕ ਬਾਬੇ ਦਾ ਵਾਸ ਹੈ। ਪਿੰਡ ਦੇ ਲੋਕ ਲੰਮੇ ਸਮੇਂ ਤੋਂ ਉਸ ਪਿੱਪਲ ਦੀ ਪੂਜਾ ਕਰਦੇ ਹਨ। ਜੋ ਗਲਤੀ ਇਸ ਬੱਚੀ ਤੋਂ ਹੋਈ, ਉਸ ਲਈ ਮੁਆਫ਼ੀ ਮੰਗਣਾ ਜ਼ਰੂਰੀ ਹੈ। ਤਾਂਤਰਿਕ ਦੀ ਗੱਲ ਸੁਣ ਕੇ ਰਾਜੇ ਹੈਰਾਨ ਹੋਏ, ਇਹ ਛੋਟੇ ਸਰਕਾਰ ਅਤੇ ਵੱਡੇ ਸਰਕਾਰ ਕੌਣ ਹਨ?

ਦਰਅਸਲ ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਵਿੱਚ ਛੋਟੇ ਸਰਕਰ ਅਤੇ ਵੱਡੇ ਸਰਕਾਰ ਦੀਆਂ ਜ਼ਿਆਰਤਾਂ ਹਨ। ਜਿਸ ਕਿਸੇ ਦੇ ਉਪਰ ਉਪਰਲੀਹਵਾ ਆਦਿ ਦਾ ਕੋਈ ਚੱਕਰ ਹੁੰਦਾ ਹੈ, ਉਥੇ ਜਾ ਕੇ ਹਾਜ਼ਰੀ ਲਗਾਈ ਜਾਂਦੀ ਹੈ।

ਪ੍ਰੀਤੀ ਰਾਜੇ ਦੀ ਜਵਾਨ ਲੜਕੀ ਸੀ, ਕੁਝ ਦਿਨਾਂ ਵਿੱਚ ਉਸਦਾ ਵਿਆਹ ਕਰਨਾ ਹੈ। ਇਸ ਕਰਕੇ ਇੱਕ ਦਿਨ ਤਹਿ ਕਰਕੇ ਉਹਨਾਂ ਨੇ ਬਦਾਯੂੰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਤਹਿ ਤਾਰੀਖ ਤੇ ਉਹ ਤਾਂਤਰਿਕ ਸਲੀਮ ਦੇ ਨਾਲ ਪ੍ਰੀਤੀ ਨੂੰ ਲੈ ਕੇ ਬਦਾਯੂੰ ਚਲਾ ਗਿਆ। ਇਹ ਕਰੀਬ 6 ਮਹੀਨੇ ਪਹਿਲਾਂ ਦੀ ਗੱਲ ਹੈ। ਇਸ ਤੋਂ ਬਾਅਦ ਉਹ ਹਰ ਮਹੀਨੇ ਪ੍ਰੀਤੀ ਨੂੰ ਬਦਾਯੂੰ ਲਿਜਾਣ ਲੱਗੇ।

ਰਾਜੇ ਦੀ ਕੁਝ ਖੇਤੀ ਦੀ ਜ਼ਮੀਨ ਸੀ, ਜੋ ਗ੍ਰੇਟਰ ਨੋਇਡਾ ਅਥਾਰਟੀ ਦੁਆਰਾ ਐਕਵਾਇਰ ਕਰ ਲਈ ਗਈ ਸੀ, ਜਿਸ ਕਰਕੇ ਉਸ ਨੂੰ ਮੁਆਵਜ਼ਾ ਵੀ ਮੋਟਾ ਮਿਲਿਆ ਸੀ। ਕੁੱਲ ਮਿਲਾ ਕੇ ਉਹਨਾਂ ਦਾ ਘਰ-ਗ੍ਰਹਿਸਥੀ ਸੁਖੀ ਸਨ।

25 ਅਗਸਤ ਨੂੰ ਰਾਜੇ ਨੇ ਪ੍ਰੀਤੀ ਨੂੰ ਬਦਾਯੂੰ ਲਿਜਾਣਾਸੀ। ਉਸ ਦਿਨ ਰਾਜੇ ਨੂੰ ਬਦਾਯੂੰ ਵਿੱਚ ਮਜਾਰ ਦੇ ਸਾਹਮਣੇ ਲੰਗਰ ਕਰਾਉਣਾ ਸੀ, ਇਯ ਕਰਕੇ ਉਸ ਦਿਨ ਮਾਰੂਤੀ ਇੱਕੋ ਕਾਰ ਵਿੱਚ ਪ੍ਰੀਤੀ ਦੇ ਨਾਲ ਮਾਪੇ, ਭਰਾ ਲਲਿਤ ਅਤੇ ਉਸ ਦੀ ਪਤਨੀ ਸ਼ੀਤਲ, ਮਾਮਾ ਰਾਜਿੰਦਰ, ਭਾਬੀ ਪ੍ਰੀਤੀ ਤੋਂ ਇਲਾਵਾ ਤਾਂਤਰਿਕ ਸਲੀਮ ਵੀ ਸੀ। ਸਾਰੇ ਚੱਲ ਪਏ। ਰਾਜੇ ਜਦੋਂ ਵੀ ਪ੍ਰੀਤੀ ਨੂੰ ਲੈ ਕੇ ਬਦਾਯੂੰ ਜਾਂਦੇ ਸਨ, ਉਸੇ ਦਿਨ ਦੇਰ ਰਾਤ ਘਰ ਵਾਪਸ ਆਉਂਦੇ ਸਨ ਪਰ ਉਸ ਦਿਨ ਉਹ ਨਹੀਂ ਮੁੜੇ, ਕਪਿਲ ਨੂੰ ਚਿੰਤਾ ਹੋਈ ਤਾਂ ਉਸ ਨੇ ਪਿਤਾ ਨੂੰ ਫ਼ੋਨ ਕੀਤਾ। ਫ਼ੋਨ ਕਵਰੇਜ਼ ਖੇਤਰ ਤੋਂ ਬਾਹਰ ਮਿਲਿਆ। ਉਸ ਨੇ ਪੜੌਸੀਆਂ ਨੂੰ ਦੱਸਿਆ ਤਾਂ ਉਹ ਸਾਰੇ ਸੋਚਣ ਲੱਗੇ ਕਿ ਸ਼ਾਇਦ ਕੱਲ੍ਹ ਤੱਕ ਆ ਜਾਣ, ਉਡੀਕ ਕਰ ਲਓ।

ਉਸੇ ਰਾਤ ਕਰੀਬ ਸਾਢੇ 3 ਵਜੇ ਕਪਿਲ ਦੇ ਮੋਬਾਇਲ ਤੇ ਉਸ ਦੇ ਵੱਡੇ ਭਰਾ ਲਲਿਤ ਦਾ ਫ਼ੋਨ ਆਇਆ। ਉਸ ਨੇ ਪੁੱਛਿਆ, ਮੰਮੀ-ਪਾਪਾ, ਪ੍ਰਤੀ ਵਗੈਰਾ ਘਰ ਪਹੁੰਚ ਗਏ? ਨਹੀਂ ਭਾਈ, ਹੁਣ ਤੱਕ ਤਾਂ ਇੱਥੇ ਨਹੀਂ ਆਏ, ਪਰਉਹ ਸਭ ਤਾਂ ਤੁਹਾਡੇ ਹੀ ਨਾਲ ਸਨ। ਕਪਿਲ ਬੋਲਿਆ। ਹਾਂ, ਨਾਲ ਤਾਂ ਸਨ, ਪਰ ਹੁਣ ਉਹਨਾਂ ਵਿੱਚੋਂ ਇੱਥੇ ਕੋਈ ਨਹੀਂ ਅਤੇ ਨਾ ਹੀ ਗੱਡੀ ਇੱਥੇ ਆਈ ਹੈ। ਪਤਾ ਨਹੀਂ ਸਭ ਕਿੱਥੇ ਚਲੇ ਗਏ। ਲਲਿਤ ਨੇ ਕਿਹਾ।

ਇਹ ਸੁਣ ਕੇ ਕਪਿਲ ਘਬਰਾ ਗਿਆ। ਉਸ ਨੇ ਰਿਸ਼ਤੇਦਾਰਾਂ ਨੂੰ ਫ਼ੋਨ ਕੀਤੇ। ਜਿਸ ਗੱਡੀ ਵਿੱਚ ਸਾਰੇ ਲੋਕ ਬਦਾਯੂੰ ਗਏ ਸਨ, ਉਹ ਕਾਰ ਲਲਿਤ ਦੇ ਭਣੋਈਏ ਬੇਦਰਾਮ ਨਾਗਰ ਦੇ ਪਿੰਡ ਦੇ ਹੀ ਰਹਿਣ ਵਾਲੇ ਓਮਪਾਲ ਦੀ ਸੀ। ਓਮਪਾਲ ਆਪਣੇ ਪਿੰਡ ਪੁੰਹਚਿਆ ਹੈ ਜਾਂ ਨਹੀਂ, ਇਹ ਜਾਨਣ ਲਈ ਲਲਿਤ ਨੇ ਆਪਣੇ ਭਣੋਈਏ ਬੇਦਰਾਮ ਨਾਗਰ ਨੂੰ ਫ਼ੋਨ ਕੀਤਾ।

ਬੇਦਰਾਮ ਰਾਤ ਵਿੱਚ ਹੀ ਓਮਪ੍ਰਕਾਸ਼ ਦੇ ਘਰ ਪਹੁੰਚੇ ਤਾਂ ਪਤਾ ਲੱਗਿਆ ਕਿ ਓਮਪਾਲ ਆਪਣੇ ਘਰ ਨਹੀਂ ਪਹੁੰਚਿਆ ਹੈ। ਇਸ ਤੋਂ ਬਾਅਦ ਬੇਦਰਾਮ ਵੀ ਚਿੰਤਤ ਹੋ ਗਏ। ਉਹਨਾਂ ਨੇ ਲਲਿਤ ਨੂੰ ਕਿਹਾ ਕਿ ਉਹ ਬਦਾਯੂੰ ਵਿੱਚ ਹੀ ਰਹੇ, ਉਹ ਘਰ ਤੋਂ ਕਾਰ ਲੈ ਕੇ ਬਦਾਯੂੰ ਪਹੁੰਚ ਰਹੇ ਹਨ।

ਵੇਦਰਾਮ ਆਪਣੀ ਸਵਿਫ਼ਟ ਕਾਰ ਤੇ ਬਦਾਯੂੰ ਦੇ ਲਈ ਨਿਕਲ ਪਏ। ਉਹਨਾਂ ਨੇ ਆਪਣੇ ਨਾਲ 2 ਲੋਕਾਂ ਨੂੰ ਲਿਆ। ਜਦੋਂ ਉਹ ਨਰੌਰਾ ਸਥਿਤ ਨਹਿਰ ਦੇ ਨਜ਼ਦੀਕ ਪਹੁੰਚੇ ਤਾਂ ਨਹਿਰ ਦੇ ਪੁਲ ਤੇ ਭੀੜ ਲੱਗੀ ਸੀ ਅਤੇ ਉਥੇ ਪੁਲਿਸ ਵੀ ਮੌਜੂਦ ਸੀ। ਭੀੜ ਦੇਖ ਕੇ ਵੇਦਰਾਮ ਨੇ ਵੀ ਕਾਰ ਰੋਕੀ। ਰਸਤੇ ਵਿੱਚ ਵੇਦਰਾਮ ਨੇ ਪੁਲਿਸ ਨੂੰ ਆਪਣੇ ਰਿਸ਼ਤੇਦਾਰਾਂ ਦੇ ਗੁੰਮ ਹੋਏ ਰਿਸ਼ਤੇਦਾਰਾਂ ਬਾਰੇ ਦੱਸਿਆ। ਵੇਦਰਾਮ ਉਥੋਂ ਬਦਾਯੂੰ ਚਲਿਆ ਗਿਆ। ਲਲਿਤ ਬਦਾਯੂੰ ਵਿੱਚ ਛੋਟੇ ਸਰਕਾਰ ਦੀ ਮਜ਼ਾਰ ਦੇ ਕੋਲ ਆਪਣੇ ਭਣੋਈਏ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ। ਵੇਦਰਾਮ ਨਾਗਰ ਇੱਕ ਡੇਢ ਘੰਟੇ ਵਿੱਚ ਬਦਾਯੂੰ ਪਹੁੰਚ ਗਿਆ, ਉਹ ਲਲਿਤ ਨਾਲ ਗੱਲ ਕਰਨ ਵਾਲ ਸੀ ਕਿ ਉਸਦੇ ਮੋਬਾਇਲ ਤੇ ਘੰਟੀ ਵੱਜੀ। ਉਹ ਫ਼ੋਨ ਨਰੋਰਾ ਦੇ ਉਸੇ ਸਬ ਇੰਸਪੈਕਟਰ ਦਾ ਸੀ, ਜਿਸ ਨੂੰ ਵੇਦਰਾਮ ਹੁਣੇ ਹੁਣੇ ਸੂਚਨਾ ਦੇ ਕੇ ਆਇਆ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜੋ ਕਾਰ ਦਾ ਨੰਬਰ ਤੁਸੀਂ ਦੱਸਿਆ ਸੀ ਉਹ ਗੱਡੀ ਨਦੀ ਵਿੱਚ ਮਿਲੀ ਹੈ ਅਤੇ ਉਸ ਵਿੱਚੋਂ 4 ਲਾਸ਼ਾਂ ਮਿਲੀਆਂ ਹਨ।

ਖਬਰ ਮਿਲਦੇ ਹੀ ਵੇਦਰਾਮ ਆਪਣੇ ਸਾਲੇ ਲਲਿਤ ਨੂੰ ਲੈ ਕੇ ਨਰੋਰਾ ਵੱਲ ਤੁਰ ਪਿਆ। ਜਦੋਂ ਉਹ ਨਰੋਰਾ ਪਹੁੰਚੇ ਤਾਂ ਨਹਿਰ ਦੇ ਕਿਨਾਰੇ 4 ਲਾਸ਼ਾਂ ਪਈਆਂ ਸਨ ਅਤੇ ਉਹਨਾਂ ਦੀ ਚੀਖ ਨਿਕਲ ਗਈ। ਉਹ ਲਾਸ਼ਾਂ ਲਲਿਤ ਦੇ ਪਿਤਾ ਰਾਜੇ, ਮਾਂ ਧਰਮਵਤੀ, ਡ੍ਰਾਈਵਰ ਓਮਪਾਲ ਅਤੇ ਪ੍ਰੀਤੀ ਦੀਆਂ ਸਨ। ਅਤੇ ਨਹਿਰ ਤੋਂ ਜੋ ਕਾਰ ਕੱਢੀ ਸੀ, ਉਹ ਓਮਪਾਲ ਦੀ ਹੀ ਸੀ। 4 ਲੋਕਾਂ ਦੀ ਲਾਸ਼ ਮਿਲਣ ਅਤੇ ਬਾਕੀ ਦੇ ਗਾਇਬ ਹੋਣ ਦੀ ਖਬਰ ਜਦੋਂ ਰਾਜੇ ਦੇ ਪਿੰਡ ਨਵਾਦਾ ਪਹੁੰਚੀ ਤਾਂ ਪੂਰੇ ਪਿੰਡ ਵਿੱਚ ਸ਼ੋਕ ਫ਼ੈਲ ਗਿਆ।

ਪਿੰਡ ਦੇ ਲੋਕ ਨਰੇਰਾ ਪਹੁੰਚਣ ਲੱਗੇ। ਪੁਲਿਸ ਨੇ ਸਾਰੀਆਂ ਲਾਸ਼ਾਂ ਬੁਲੰਦ ਸ਼ਹਿਰ ਭੇਜ ਦਿੱਤੀਆਂ। 4 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਸਨ ਅਤੇ 3 ਲੋਕ ਲਲਿਤ, ਉਸਦੀ ਪਤਨੀ ਸ਼ੀਤਲ ਅਤੇ ਉਸ ਦੇ ਮਾਮਾ ਰਾਜਿੰਦਰ ਬਦਾਯੂੰ ਵਿੱਚ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਮਿਲੇ ਸਨ। ਜਦਕਿ ਤਾਂਤਰਿਕ ਸਲੀਮ, ਰਾਜੇ ਦੀ ਬੇਟੀ ਪ੍ਰੀਤੀ ਗਾਇਬ ਸਨ। ਇਸ ਕਰਕੇ ਸ਼ੰਕਾ ਹੋ ਗਈ। ਲੋਕ ਪੁਲਿਸ ਕੋਲ ਪਹੁੰਚੇ ਅਤੇ ਇਸ ਬਾਰੇ ਸ਼ੰਕੇ ਪ੍ਰਗਟ ਕੀਤੇ।

ਪੁਲਿਸ ਅਧਿਕਾਰੀ ਨੂੰ ਸੂਚਿਤ ਕੀਤਾ ਤਾਂ ਉਹਨਾਂ ਨੇ ਉਚ ਅਫ਼ਸਰਾਂ ਨੂੰ ਸੂਚਨਾ ਦਿੱਤੀ। ਮਾਮਲਾ ਸਿੱਧੇ ਤੌਰ ਤੇ ਸ਼ੱਕੀ ਸੀ। ਤੁਰੰਤ ਪਰਚਾ ਦਰਜ ਕੀਤਾ ਗਿਆ। ਲਾਪਤਾ ਲੋਕਾਂ ਦਾ ਪਤਾ ਲਗਾਉਣ ਅਤੇ ਕੇਸ ਦੇ ਖੁਲਾਸੇ ਲਈ ਪੁਲਿਸ ਅਧਿਕਾਰੀਆਂ ਨੇ ਇੱਕ ਟੀਮ ਬਣਾਈ, ਜਿਸ ਵਿੱਚ ਕਈ ਅਹਿਮ ਅਫ਼ਸਰ ਸਨ। ਸਭ ਤੋਂ ਪਹਿਲਾਂ ਰਾਜੇ ਦੇ ਮੁੰਡੇ ਲਲਿਤ ਅਤੇ ਉਸ ਦੀ ਪਤਨੀ ਤੋਂ ਪੁੱਛਗਿੱਛ ਕੀਤੀ। ਲਲਿਤ ਨੇ ਦੱਸਿਆ ਕਿ 25 ਅਗਸਤ ਦੀ ਸ਼ਾਮ ਨੂੰ ਜਦੋਂ ਉਹ ਸਭ ਛੋਟੇ ਸਰਕਾਰ ਦੀ ਮਜਾਰ ਤੇ ਚਾਦਰ ਚੜ੍ਹਾ ਕੇ ਕਾਰ ਦੇ ਨਜ਼ਦੀਕ ਪਹੁੰਚੇ ਤਾਂ ਪ੍ਰੀਤੀ ਨੇ ਸਭ ਨੂੰ ਕੋਲਡ ਡ੍ਰਿੰਕ ਪੀਣ ਲਈ ਦਿੱਤਾ। ਇਸ ਤੋਂ ਬਾਅਦ ਸਾਰੇ ਬੇਹੋਸ਼ ਹੋ ਗਏ।

ਪੁਲਿਸ ਨੇ ਹੁਣ ਇਸ ਮਾਮਲੇ ਨੂੰ ਦੂਜੇ ਤਰੀਕੇ ਨਾਲ ਦੇਖਣਾ ਆਰੰਭ ਕਰ ਦਿੱਤਾ। ਜਾਂਚ ਪ੍ਰੀਤੀ ਨੂੰ ਫ਼ੋਕਸ ਕਰਕੇ ਕੀਤੀ। ਪੁਲਿਸ ਜਾਨਣਾ ਚਾਹੁੰਦੀ ਸੀ ਕਿ ਕਿਤੇ ਪ੍ਰੀਤੀ ਦਾ ਕਿਸੇ ਲੜਕੇ ਨਾਲ ਸਬੰਧ ਤਾਂ ਨਹੀਂ। ਮੁਖਬਰਾਂ ਦੀ ਸਲਾਹ ਲਈ ਗਈ। ਪੁਲਿਸ ਨੂੰ ਪ੍ਰੀਤੀ ਤੇ ਜੋ ਸ਼ੱਕ ਸੀ, ਉਹ ਸਹੀ ਨਿਕਲਿਆ। ਜਾਣਕਾਰੀ ਮਿਲੀ ਕਿ ਪ੍ਰੀਤੀ ਦਾ ਪਿੰਡ ਵਿੱਚ ਹੀ ਕਾਰ ਗੈਰਾਜ ਚਲਾਉਣ ਵਾਲੇ ਮੁਗੀਸ ਉਰਫ਼ ਸ਼ਾਨੂੰ ਨਾਲ ਚੱਕਰ ਸੀ। 25 ਅਗਸਤ ਤੋਂ ਉਸ ਦੀ ਗੈਰਾਜ ਬੰਦ ਸੀ। ਇਸ ਕਰਕੇ ਪੁਲਿਸ ਦਾ ਸ਼ੰਕਾ ਵੱਧ ਗਿਆ। ਪ੍ਰੀਤੀ ਅਤੇ ਮੁਗੀਸ ਦੇ ਫ਼ੋਨ ਨੰਬਰ ਪੁਲਿਸ ਨੇ ਸਰਵਿਲਾਂਸ ਤੇ ਲਗਾ ਦਿੱਤੇ। ਮੁਗੀਸ ਮੇਰਠ ਦੇ ਪਿੰਡ ਕਿਲੌਰ ਦਾ ਰਹਿਣ ਵਾਲਾ ਸੀ। ਸੁਧੀਰ ਕੁਮਾਰ ਤਿਆਗੀ ਦੀ ਅਗਵਾਈ ਵਿੱਚ ਇੱਕ ਪੁਲਿਸ ਟੀਮ ਉਸ ਦੇ ਪਿੰਡ ਕਿਠੌਰ ਪਹੁੰਚੀ। ਉਹ ਤਾਂ ਘਰੇ ਨਹੀਂ ਸੀ ਪਰ ਉਸਦੀ ਪਤਨੀ ਅਤੇ ਪਰਿਵਾਰ ਦੇ ਹੋਰ ਲੋਕ ਮਿਲ ਗਏ। ਉਹਨਾਂ ਤੋਂ ਪੁੱਛਿਆ ਤਾਂ ਉਹਨਾਂ ਕਿਹਾ ਕਿ ਉਹ ਨਹੀਂ ਜਾਣਦੇ ਕਿ ਉਹ ਕਿੱਥੇ ਗਿਆ। ਇਸੇ ਵਿੱਚਕਾਰ ਮੁਖਬਰ ਤੋਂ ਸੂਚਨਾ ਮਿਲੀ ਕਿ ਉਹ ਦੋਵੇਂ ਵਿਆਹ ਕਰਨ ਦੇ ਚੱਕਰ ਵਿੱਚ ਇਲਾਹਾਬਾਦ ਹਾਈਕੋਰਟ ਗਏ ਹਨ ਅਤੇ 2 ਸਤੰਬਰ 2016 ਨੂੰ ਉਹ ਸੰਗਮ ਐਕਸਪ੍ਰੈਸ ਤੇ ਇਲਾਹਾਬਾਦ ਤੋਂ ਆ ਰਹੇ ਹਨ। ਇੱਥੇ ਇਹਨਾਂ ਦੋਵਾਂ ਨੂੰ ਪਕੜ ਲਿਆ ਗਿਆ। 20 ਸਾਲਾ ਪ੍ਰੀਤੀ ਗ੍ਰੇਟਰ ਨੋਇਡਾ ਦੇ ਪਿੰਡ ਨਵਾਦਾ ਦੇ ਰਹਿਣ ਵਾਲੇ ਰਾਜੇ ਦੀ ਦੂਜੀ ਲੜਕੀ ਸੀ। 10+2 ਪਾਸ ਪ੍ਰੀਤੀ ਹੁਣ ਘਰੇ ਹੀ ਵਿਹਲੀ ਸੀ। ਇਸੇ ਪਿੰਡ ਦੇ ਮੁੱਖ ਗੇਟ ਦੇ ਕੋਲ ਮੁਗੀਸ ਉਰਫ਼ ਸ਼ਾਨੂੰ ਦੀ ਕਾਰ ਗੈਰਾਜ ਸੀ। ਮੁਗੀਸ ਵੈਸੇ ਤਾਂ ਮੇਰਠ ਦੇ ਕਿਠੌਰੀ ਪਿੰਡ ਦਾ ਰਹਿਣ ਵਾਲਾ ਸੀ ਅਤੇ 2 ਬੱਚਿਆਂ ਦਾ ਪਿਓ ਸੀ। ਉਹ ਗ੍ਰੇਟਰ ਨੋਇਡਾ ਵਿੱਚ 5-6 ਸਾਲਾਂ ਤੋਂ ਕਾਰ ਗੈਰਾਜ ਚਲਾ ਰਿਹਾ ਸੀ। ਪ੍ਰੀਤੀ ਦੇ ਮਾਪੇ ਉਸ ਤੇ ਵਿਸ਼ਵਾਸ ਕਰਦੇ ਸਨ, ਇਸ ਕਰਕੇ ਦੋਵਾਂ ਵਿੱਚਕਾਰ ਨੇੜਤਾ ਬਣੀ ਅਤੇ ਉਹ ਘਰ ਆਉਣ ਲੱਗਿਆ। ਜਦੋਂ ਘਰ ਦੇ ਸਾਰੇ ਲੋਕ ਸੌਂ ਜਾਂਦੇ ਸਨ ਤਾਂ ਪ੍ਰੀਤੀ ਆਪਣੇ ਪ੍ਰੇਮੀ ਮੁਗੀਸ ਨਾਲ ਫ਼ੋਨ ਤੇ ਗੱਲਾਂ ਕਰਦੀ ਸੀ। ਇਸ ਤਰ੍ਹਾਂ ਦਿਨ ਰਾਤ ਉਹਨਾਂ ਦਾ ਪਿਆਰ ਪ੍ਰਵਾਨ ਚੜ੍ਹਦਾ ਗਿਆ। ਪ੍ਰੀਤੀ ਨੇ ਆਪਣੀ ਭਾਬੀ ਨੂੰ ਵੀ ਵਿਸ਼ਵਾਸ ਵਿੱਚ ਲੈ ਲਿਆ। ਸ਼ੀਤਲ ਨੂੰ ਕੋਈ ਇਤਰਾਜ਼ ਨਹੀਂ ਸੀ, ਕਿਉਂਕਿ ਉਹ ਸਮਝਦੀ ਸੀ ਕਿ ਮੁਗੀਸ਼ ਕੁਆਰਾ ਹੈ। ਮੁਗੀਸ਼ ਦਾ ਇੱਕ ਦੋਸਤ ਸੀ ਤਾਂਤਰਿਕ ਸਲੀਮ। ਉਸ ਦੇ ਜ਼ਰੀਏ ਇਹਨਾਂ ਨੇ ਇੱਕ ਵੱਡੀ ਅਤੇ ਖਤਰਨਾਕ ਸਕੀਮ ਬਣਾਈ। ਤਾਂਤਰਿਕ ਦਾ ਬਹਾਨਾ ਬਣਾਇਆ ਗਿਆ ਅਤੇ ਹਾਲਾਤ ਪਰਿਵਾਰ ਦਾ ਨਾਸ਼ ਕਰਨ ਤੱਕ ਪਹੁੰਚ ਗਏ। ਇਸ ਦਰਮਿਆਨ ਪ੍ਰੀਤੀ ਨੇ ਆਪਣੇ ਪਰਿਵਾਰ ਨਾਲ ਗੱਲ ਵੀ ਕੀਤੀ ਪਰ ਘਰ ਵਿੱਚ ਕਲੇਸ਼ ਹੋ ਗਿਆ ਕਿ ਇਹ ਲੜਕੀ ਬਦਤਮੀਜ਼ ਹੋ ਗਈ ਹੈ, ਇਸ ਨੂੰ ਪਤਾ ਨਹੀਂ ਕਿ ਸਾਡੀ ਔਕਾਤ ਕੀ ਹੈ ਅਤੇ ਇੱਕ ਕਾਰ ਮਕੈਨਿਕ ਦੀ ਔਕਾਤ ਕੀ ਹੈ ਅਤੇ ਉਹ ਪਹਿਲਾਂ ਤੋਂ ਵਿਆਹਿਆ ਵੀ ਹੈ।

25 ਅਗਸਤ ਨੂੰ ਪ੍ਰੀਤੀ ਨੂੰ ਬਦਾਯੂੰ ਲਿਜਾਣ ਦਾ ਪ੍ਰੋਗਰਾਮ ਸੀ, ਤਾਂਤਰਿਕ ਸਲੀਮ ਦੇ ਕਹਿਣ ਤੇ ਰਜੇ ਨੇ ਲੰਗਰ ਦਾ ਇੰਤਜ਼ਾਮ ਕਰ ਲਿਆ ਸੀ। ਸਾਰੇ ਲੋਕਾਂ ਨੇ ਬਦਾਯੂੰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਰਾਜੇ ਦੀ ਕਾਰ ਛੋਟੀ ਸੀ, ਇਸ ਕਰਕੇ ਜਵਾਈ ਵੇਦਰਾਮ ਨਾਗਰ ਨੇ ਆਪਣੇ ਪਿੰਡ ਲਖਨਾਵਲੀ ਦੇ ਓਮਪਾਲ ਨੂੰ ਕਾਰ ਲੈ ਕੇ ਆਪਣੇ ਸਹੁਰੇ ਨਵਾਦਾ ਭੇਜ ਦਿੱਤਾ। ਓਮਪਾਲ ਆਪਣੀ ਮਾਰੂਤੀ ਇੱਕੋ ਕਾਰ ਲੈ ਕੇ ਨਵਾਦਾ ਪਹੁੰਚਿਆ ਅਤੇ ਸਾਰਿਆਂ ਨੂੰ ਬਦਾਯੂੰ ਲੈ ਗਿਆ।

ਉਸ ਦਿਨ ਕੀ ਕਰਨਾ ਹੈ ਪ੍ਰੀਤੀ ਅਤੇ ਮੁਗੀਸ਼ ਨੇ ਪਹਿਲਾਂ ਹੀ ਯੋਜਨਾ ਬਣਾ ਲਈ ਸੀ। ਯੋਜਨਾ ਮੁਤਾਬਕ ਮੁਗੀਸ਼ ਨੇ ਪ੍ਰੀਤੀ ਨੂੰ 30 ਨਸ਼ੇ ਦੀਆਂ ਗੋਲੀਆਂ ਖਰੀਦ ਕੇ ਦਿੱਤੀਆਂ। ਸਾਰੇ ਬਦਾਯੂੰ ਪਹੁੰਚੇ, ਜ਼ਿਆਰਤ ਕੀਤੀ, ਪੂਜਾ ਪਾਠ ਕੀਤਾ। ਇਸ ਦਰਮਿਆਨ ਪ੍ਰੀਤੀ ਨੇ 2 ਲੀਟਰ ਕੋਲਡ ਡ੍ਰਿੰਕ ਲਿਆ ਅਤੇ ਸਾਰੀਆਂ ਗੋਲੀਆਂ ਘੋਲ ਦਿੱਤੀਆਂ। ਸਾਰਿਆਂ ਨੂੰ ਥੋੜ੍ਹਾ ਥੋੜ੍ਹਾ ਦੇ ਦਿੱਤਾ। ਲਲਿਤ ਦਾ ਗਿਲਾਸ ਹੇਠਾਂ ਡਿੱਗ ਪਿਆ ਪਰ ਉਸਦੀ ਪਤਨੀ ਪੀ ਗਈ। ਪਰ ਜਦੋਂ ਦੂਜਾ ਗਿਲਾਸ ਪੀਤਾ ਤਾਂ ਉਲਟੀਆਂ ਆ ਗਈਆਂ।

ਪ੍ਰੀਤੀ ਨੇ ਲਲਿਤ ਨੇ ਦੁਬਾਰਾ ਚਾਦਰ ਚੜ੍ਹਾਉਣ ਲਈ ਭੇਜ ਦਿੱਤਾ। ਲਲਿਤ ਨਾਲ ਤਾਂਤਰਿਕ ਸਲੀਮ ਵੀ ਸੀ। ਮਜਾਰ ਦੇ ਕੋਲ ਪਹੁੰਚਦੇ ਹੀ ਤਾਂਤਰਿਕ ਡਿੱਗ ਪਿਆ। ਲਲਿਤ ਸਲੀਮ ਨੂੰ ਗੱਡੀ ਕੋਲ ਲੈ ਆਇਆ ਪਰ ਉਹ ਹਸਪਤਾਲ ਜਾਣ ਦਾ ਕਹਿ ਕੇ ਨਿਕਲ ਗਿਆ। ਪ੍ਰੀਤੀ ਦਾ ਪ੍ਰੇਮੀ ਉਥੋਂ ਕੁਝ ਦੂਰੀ ਤੇ ਖੜ੍ਹਾ ਸੀ। ਪ੍ਰੀਤੀ ਨੇ ਇਸ਼ਾਰਾ ਕਰਕੇ ਮੁਗੀਸ਼ ਨੂੰ ਬੁਲਾ ਲਿਆ। ਯੋਜਨਾ ਦੇ ਪਹਿਲੇ ਪੜਾਅ ਵਿੱਚ ਸਫ਼ਲਤਾ ਤੋਂ ਦੋਵੇਂ ਖੁਸ਼ ਸਨ। ਦੋਵਾਂ ਨੇ ਉਥੇ ਬੰਟੀ ਦੇ ਹੋਟਲ ਤੇ ਖਾਣਾ ਖਾਧਾ।ਪ੍ਰੀਤੀ ਨੇ ਕਾਰ ਦੀ ਚਾਬੀ ਹਾਸਲ ਕੀਤੀ ਅਤੇ ਪ੍ਰੇਮੀ ਨੂੰ ਦੇ ਦਿੱਤੀ। ਇਸ ਤੋਂ ਬਾਅਦ ਰਾਤੀ 2 ਵਜੇ ਓਮਪਾਲ ਕਾਰ ਲੈ ਕੇ ਚੱਲ ਪਿਆ। ਜਿਸ ਵਿੱਚ 5 ਲੋਕ ਬੇਹੋਸ਼ੀ ਦੀ ਹਾਲਤ ਵਿੱਚ ਸਨ। ਪ੍ਰੀਤੀ ਵੀ ਮੁਗੀਸ਼ ਦੇ ਨਾਲ ਬੈਠੀ ਸੀ। ਉਹ ਗਨੌਰ ਹੁੰਦੇ ਹੋਏ ਨਰੌਰਾ ਪਹੁੰਚੇ ਅਤੇ ਆਪ ਉਤਰ ਗਏ ਅਤੇ ਕਾਰ ਨਹਿਰ ਵਿੱਚ ਸੁੱਟ ਦਿੱਤੀ। ਉਸ ਵਕਤ 2 ਲੋਕ ਨੇੜਿਉਂ ਲੰਘ ਰਹੇ ਸਨ। ਉਹਨਾਂ ਲੋਕਾਂ ਨੇ ਡੁੱਬ ਗਏ ਲੋਕਾਂ ਦੀ ਮਦਦ ਕੀਤੀ ਅਤੇ 2 ਲੋਕਾਂ ਨੂੰ ਕੱਢ ਲਿਆ। ਪੁਲਿਸ ਨੂੰ ਸੂਚਨਾ ਦਿੱਤੀ ਤਾਂ ਗੋਤਾਖੋਰਾਂ ਦੀ ਮਦਦ ਨਾਲ ਕਾਰ ਲੱਭ ਕੇ ਕੱਢ ਲਈ ਗਈ। ਕਾਰ ਵਿੱਚ 2 ਔਰਤਾਂ ਅਤੇ 2 ਪੁਰਸ਼ ਰਹਿ ਗਏ ਸਨ, ਜਿਹਨਾਂ ਦੀ ਮੌਤ ਹੋ ਗਈ।

## ਮੋਟਾਪਾ ਘੱਟ ਕਰਨ ਲਈ ਦਹੀਂ 'ਚ ਮਿਲਾ ਕੇ ਖਾਓ ਇਹ ਚੀਜ਼ਾ



ਦਹੀਂ ਸਿਹਤ ਦੇ ਲਈ ਬਹੁਤ ਚੰਗਾ ਮੰਨਿਆ ਜਾਂਦਾ ਹੈ। ਇਹ ਦੁੱਧ ਨਾਲੋਂ ਜ਼ਿਆਦਾ ਫਾਇਦੇਮੰਦ ਹੁੰਦਾ ਹੈ। ਇਸ 'ਚ ਪ੍ਰੋਟੀਨ, ਕੈਲਸ਼ੀਅਮ, ਵਿਟਾਮਿਨ-ਬੀ ਵਰਗੇ ਪੋਸ਼ਕ ਤੱਤ ਹੁੰਦੇ ਹਨ ਜੋ ਸਿਹਤ ਦੇ ਲਈ ਲਾਭਕਾਰੀ ਹੁੰਦੇ ਹਨ। ਰੋਜ਼ਾਨਾ ਨਾਸ਼ਤੇ 'ਚ ਇਸ ਦੀ ਵਰਤੋ ਨਾਲ ਗੈਸ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਰਸੋਈ 'ਚ ਅਜਿਹੇ ਕਈ ਮਸਾਲੇ ਹੁੰਦੇ ਹਨ ਜਿਨ੍ਹਾਂ ਨੂੰ ਦਹੀਂ 'ਚ ਮਿਲਾਕੇ ਖਾਣ ਨਾਲ ਉਨ੍ਹਾਂ ਦੇ ਵੱਖ ਵੱਖ ਫਾਇਦੇ ਹੁੰਦੇ ਹਨ। ਕਾਲੀ ਮਿਰਚ ਹਰ ਘਰ 'ਚ ਇਸਤੇਮਾਲ ਕੀਤੀ ਜਾਂਦੀ ਹੈ। 1 ਕਟੋਰੀ ਦਹੀਂ 'ਚ 1 ਚੁਟਕੀ ਕਾਲੀ ਮਿਰਚ ਮਿਲਾਕੇ ਖਾਣ ਨਾਲ ਸਰੀਰ 'ਚ ਜਮਾ ਚਰਬੀ ਘੱਟ ਹੋਣ ਲਗਦੀ ਹੈ। ਕੁਝ ਲੋਕ ਭਾਰ ਘੱਟ ਹੋਣ ਕਾਰਨ ਪਰੇਸ਼ਾਨ ਹੁੰਦੇ ਹਨ ਇਸ ਲਈ ਰੋਜ਼ਾਨਾ ਡਰਾਈ ਫਰੂਟ ਖਾਣ ਨਾਲ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ। ਖਾਣਾ ਪਚਾਉਣ 'ਚ ਦਿੱਕਤ ਆ ਰਹੀ ਹੈ ਤਾਂ ਦਹੀਂ 'ਚ ਥੋੜ੍ਹਾਂ ਜਿਹਾ ਭੁਣਿਆ ਹੋਇਆ ਜੀਰਾ ਮਿਲਾਕੇ ਖਾਓ। ਇਸ ਨਾਲ ਪਾਚਨ ਕਿਰਿਆ ਠੀਕ ਹੋਣੀ ਸ਼ੁਰੂ ਹੋ ਜਾਵੇਗੀ ਅਤੇ ਭੁੱਖ ਵੀ ਵਧੇਗੀ। ਬਵਾਸੀਰ ਦੀ ਪਰੇਸ਼ਾਨੀ ਤੋਂ ਰਾਹਤ ਪਾਉਣ ਦੇ ਲਈ ਦਹੀ ਦੇ ਨਾਲ ਚੁਟਕੀ ਇਕ ਅਜਵਾਇਨ ਖਾਣਾ ਸ਼ੁਰੂ ਕਰ ਦਿਓ। ਮੂੰਹ ਦੇ ਛਾਲਿਆਂ ਤੋਂ ਪਰੇਸ਼ਾਨ ਹੋ ਤਾਂ ਦਹੀ 'ਚ ਸ਼ਹਿਦ ਮਿਲਾਕੇ ਖਾਓ। ਲਗਾਤਾਰ 2-3 ਦਿਨ ਖਾਣ ਨਾਲ ਛਾਲੇ ਠੀਕ ਹੋ ਜਾਂਦੇ ਹਨ।

## ਬੈਠੇ-ਬੈਠੇ ਸੌਂ ਜਾਂਦੇ ਹਨ ਪੈਰ ਤਾਂ ਅਜਮਾਓ ਇਹ ਘਰੇਲੂ ਤਰੀਕੇ



ਇਕ ਹੀ ਜਗ੍ਹਾ 'ਤੇ ਲੰਮੇਂ ਸਮੇਂ ਤੱਕ ਬੈਠੇ ਰਹਿਣ ਨਾਲ ਕਈ ਵਾਰੀ ਪੈਰ ਸੋ ਜਾਂਦੇ ਹਨ। ਅਜਿਹਾ ਸਿਗਰਟ ਪੀਣ, ਪੈਰਾਂ 'ਤੇ ਦਬਾਅ, ਥਕਾਵਟ, ਡਾਇਬੀਟੀਜ਼ ਜਾਂ ਜ਼ਰੂਰੀ ਪੋਸ਼ਕ ਤੱਤਾਂ ਦੀ ਕਮੀ ਕਾਰਨ ਹੋ ਸਕਦਾ ਹੈ। ਪੈਰਾਂ ਦੇ ਇਕ-ਦਮ ਸੁੰਨ ਪੈ ਜਾਣ ਨਾਲ ਬਹੁਤ ਪਰੇਸ਼ਾਨੀ ਹੁੰਦੀ ਹੈ ਪਰ ਇਸ ਪਰੇਸ਼ਾਨੀ ਨੂੰ ਕੁਝ ਘਰੇਲੂ ਨੁਕਤੇ ਵਰਤ ਕੇ ਦੂਰ ਕੀਤਾ ਜਾ ਸਕਦਾ ਹੈ। ਪੈਰਾਂ ਦੀ ਇਸ ਸਮੱਸਿਆ ਨੂੰ ਦੂਰ ਕਰਨ ਲਈ ਪਾਣੀ 'ਚ ਹਲਦੀ ਮਿਲਾ ਕੇ ਪੇਸਟ ਤਿਆਰ ਕਰ ਲਓ। ਪੈਰਾਂ ਦੇ ਸੁੰਨ ਪਏ ਹਿੱਸੇ 'ਤੇ ਇਸ ਪੇਸਟ ਦੀ ਮਾਲਸ਼ ਕਰੋ। ਜੇ ਪੈਰਾਂ 'ਚ ਦਰਦ ਵੀ ਹੋ ਰਹੀ ਹੋਵੇ ਤਾਂ ਹਲਦੀ ਵਾਲੇ ਦੁੱਧ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਆਰਾਮ ਮਿਲੇਗਾ। ਅਸਲ 'ਚ ਹਲਦੀ 'ਚ ਮੌਜੂਦ ਪੋਸ਼ਕ ਤੱਤ ਖੂਨ ਦੀ ਗਤੀ ਨੂੰ ਵਧਾਉਂਦੇ ਹਨ, ਜਿਸ ਨਾਲ ਇਸ ਸਮੱਸਿਆ ਤੋਂ ਰਾਹਤ ਮਿਲਦੀ ਹੈ। ਜੇ ਤੁਸੀਂ ਇਸ ਸਮੱਸਿਆ ਤੋਂ ਜ਼ਿਆਦਾ ਪਰੇਸ਼ਾਨ ਹੋ ਤਾਂ ਪ੍ਰਭਾਵਿਤ ਹਿੱਸਿਆਂ 'ਤੇ ਗਰਮ ਪਾਣੀ ਦੀ ਬੋਤਲ ਨਾਲ ਸੇਕ ਦਿਓ। ਤੁਹਾਨੂੰ ਕਾਫੀ ਆਰਾਮ ਮਿਲੇਗਾ। ਪੈਰ ਦੇ ਸੋਣ 'ਤੇ ਅੰਗੂਠੇ ਦੇ ਕੋਲ ਵਾਲੀ ਉਂਗਲੀ ਨੂੰ ਅੰਗੂਠੇ 'ਤੇ ਚੜ੍ਹਾ ਦਿਓ। ਤੁਹਾਨੂੰ ਤੁਰੰਤ ਆਰਾਮ ਮਿਲੇਗਾ। ਗਰਮ ਪਾਣੀ 'ਚ ਕਾਲਾ ਨਮਕ ਮਿਲਾਓ ਅਤੇ ਪਾਣੀ ਦੇ ਕੋਸਾ ਹੋਣ ਤੱਕ ਆਪਣੇ ਪੈਰਾਂ ਨੂੰ ਇਸ 'ਚ ਰੱਖੋ। ਤੁਹਾਨੂੰ ਆਰਾਮ ਮਿਲੇਗਾ।

**ਆਯੁਰਵੇਦ ਮੁਤਾਬਕ ਦੱਸਿਆ ਜਾਂਦਾ ਹੈ ਕਿ ਕੀਵੀ ਫਲ ਸਿਹਤ ਲਈ ਬਹੁਤ ਵਧੀਆ ਹੈ। ਕੀਵੀ ਫਲ 'ਚ ਸਾਰੇ ਉਪਯੋਗੀ ਤੱਤ ਮੌਜੂਦ ਹੁੰਦੇ ਹਨ।**

# ਕੀਵੀ ਫਲ ਕਰਦਾ ਹੈ ਸਰੀਰ ਦੀਆਂ ਕਈ ਸਮੱਸਿਆਵਾਂ ਦੂਰ



ਕੀਵੀ ਦੇਖਣ 'ਚ ਚੀਕੂ ਵਰਗਾ ਲੱਗਦਾ ਹੈ। ਇਹ ਵਿਟਾਮਿਨ-ਸੀ ਨਾਲ ਭਰਪੂਰ ਹੁੰਦਾ ਹੈ। ਰੋਜ਼ਾਨਾ ਕੀਵੀ ਫਲ ਖਾਣ ਨਾਲ ਵਿਅਕਤੀ ਦੀ ਉਮਰ ਲੰਬੀ ਹੁੰਦੀ ਹੈ। ਦਿਲ ਸਿਹਤਮੰਦ ਰਹਿੰਦਾ ਹੈ। ਕੀਵੀ ਫਲ ਖਾਣ ਨਾਲ ਬਲੱਡ ਪ੍ਰੈਸ਼ਰ ਦੀ ਸਮੱਸਿਆ ਦੂਰ ਰਹਿੰਦੀ ਹੈ। ਇਸ ਦੀ ਵਰਤੋਂ ਨਾਲ ਸਰੀਰ ਦੀ ਥਕਾਵਟ ਤੋਂ ਛੁਟਕਾਰਾ ਮਿਲਦਾ ਹੈ। ਇਹ ਫਲ ਸ਼ੂਗਰ ਦੇ ਮਰੀਜ਼ਾਂ ਲਈ ਵੀ ਫਾਇਦੇਮੰਦ ਹੁੰਦੀ ਹੈ। ਇਸ 'ਚ ਵਿਟਾਮਿਨ-ਸੀ ਦੀ ਮਾਤਰਾ ਹੋਣ ਕਾਰਨ ਇਹ ਸਰੀਰ ਨੂੰ ਕਈ ਰੋਗਾ 'ਤੋਂ ਮੁਕਤ ਰੱਖਦਾ ਹੈ ਅਤੇ ਤਣਾਅ ਦੀ ਸਮੱਸਿਆ ਵੀ ਦੂਰ ਰੱਖਦਾ ਹੈ। ਕੀਵੀ ਫਲ ਖਾਣ ਨਾਲ ਦਿਲ ਦੇ ਰੋਗਾਂ ਤੋਂ ਰਾਹਤ ਮਿਲਦੀ ਹੈ। ਕੀਵੀ ਫਲ ਦੀ ਵਰਤੋਂ ਕਰਨ ਨਾਲ ਸਰੀਰ 'ਚੋਂ ਖੂਨ ਦੀ ਕਮੀ ਪੂਰੀ ਹੋ ਜਾਂਦੀ ਹੈ। ਵਿਟਾਮਿਨ ਸੀ ਨਾਲ ਭਰਪੂਰ ਕੀਵੀ ਫਲ 'ਚ ਐਂਟੀਆਕਸੀਡੇਂਟ ਮੌਜੂਦ ਹੁੰਦੇ ਹਨ। ਜੋ ਕਈ ਤਰ੍ਹਾਂ ਦੇ ਇੰਨਫੈਕਸ਼ਨ ਨੂੰ ਦੂਰ ਰੱਖਣ 'ਚ ਮਦਦ ਕਰਦੇ ਹਨ। ਕੀਵੀ ਫਲ ਕੋਲੈਸਟਰੋਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਸ ਦੀ ਨਿਯਮਤ ਵਰਤੋ ਨਾਲ ਕੋਲੈਸਟਰੋਲ ਕੰਟਰੋਲ 'ਚ ਰਹਿੰਦਾ ਹੈ। ਦਿਲ ਨਾਲ ਜੁੜੀਆਂ ਬੀਮਾਰੀਆਂ 'ਚ ਇਹ ਬਹੁਤ ਫਾਇਦੇਮੰਦ ਹੁੰਦਾ ਹੈ। ਕੀਵੀ 'ਚ ਇੰਫਲੇਮੇਟਰੀ ਗੁਣ ਹੁੰਦੇ ਹਨ ਇਸ ਲਈ ਜੇ ਕਿਤੇ ਸਰੀਰ ਦੇ ਅੰਦਰਲੇ ਹਿੱਸੇ 'ਚ ਸੱਟ ਕਾਰਨ ਸੋਜ ਹੋਵੇ ਤਾਂ ਕੀਵੀ ਫਲ ਦੀ ਵਰਤੋਂ ਕਰੋ ਇਹ ਫਾਇਦੇਮੰਦ ਹੁੰਦੀ ਹੈ। ਕੀਵੀ 'ਚ ਫਾਈਬਰ ਭਰਪੂਰ ਮਾਤਰਾ 'ਚ ਹੁੰਦੇ ਹਨ। ਕੀਵੀ ਦੀ ਰੋਜ਼ਾਨਾ ਵਰਤੋ ਕਰਨ ਨਾਲ ਕਬਜ਼ ਦੀ ਸਮੱਸਿਆ ਦੂਰ ਹੁੰਦੀ ਹੈ। ਇਸ 'ਚ ਫਾਈਵਰ ਦੀ ਮੋਜੂਦਗੀ ਕਾਰਨ ਪਾਚਨ ਕਿਰਿਆ ਵੀ ਸਹੀ ਰਹਿੰਦੀ ਹੈ।

## ਹਲਦੀ ਖਾਣ ਨਾਲ ਘਟ ਸਕਦੈ ਅਲਜ਼ਾਈਮਰ ਦਾ ਖਤਰਾ



ਅਲਜ਼ਾਈਮਰ ਨਾਲ ਪੀੜਤ ਇਨਸਾਨ ਵਿਚ ਯਾਦਦਾਸ਼ਤ ਦੀ ਕਮੀ ਹੋਣਾ, ਫੈਸਲਾ ਨਾ ਲੈ ਸਕਣਾ, ਬੋਲਣ ਵਿਚ ਦਿੱਕਤ ਆਉਣਾ ਆਦਿ ਲੱਛਣ ਪਾਏ ਜਾਂਦੇ ਹਨ। ਬਲੱਡ ਪ੍ਰੈਸਰ, ਸ਼ੂਗਰ, ਆਧੁਨਿਕ ਜੀਵਨ ਸ਼ੈਲੀ ਅਤੇ ਸਿਰ ਵਿਚ ਸੱਟ ਲੱਗ ਜਾਣ ਨਾਲ ਇਸ ਬੀਮਾਰੀ ਦੇ ਹੋਣ ਦੀ ਸ਼ੰਕਾ ਵੱਧ ਜਾਂਦੀ ਹੈ। ਅੱਜ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਘਰ ਵਿਚ ਜ਼ਿਆਦਾਤਰ ਇਸਤੇਮਾਲ ਹੋਣ ਵਾਲੀ ਹਲਦੀ ਕਿਵੇਂ ਅਲਜ਼ਾਈਮਰ ਦੇ ਖਤਰੇ ਨੂੰ ਘੱਟ ਕਰ ਸਕਦੀ ਹੈ।

ਆਮ ਤੌਰ 'ਤੇ ਅਸੀਂ ਖਾਣ ਵਿਚ ਹਲਦੀ ਦਾ ਸੇਵਨ ਰੋਜ਼ ਕਰਦੇ ਹਾਂ। ਕਈ ਲੋਕ ਹਲਦੀ ਨੂੰ ਸਿਰਫ ਇਕ ਮਸਾਲਾ ਸਮਝਦੇ ਹਨ ਪਰ ਹਲਦੀ ਸਿਰਫ ਇਕ ਮਸਾਲਾ ਹੀ ਨਹੀਂ ਸਗੋਂ ਸਾਡੇ ਸਰੀਰ ਲਈ ਕਈ ਤਰ੍ਹਾਂ ਦੇ ਫਾਇਦੇਮੰਦ ਵੀ ਹੈ। ਹਲਦੀ ਵਿਚ ਮੌਜੂਦ ਗੁਣ ਨਾ ਸਿਰਫ ਸਾਡੇ ਭਾਰ ਨੂੰ ਘੱਟ ਕਰਨ ਵਿਚ ਸਗੋਂ ਅਲਜ਼ਾਈਮਰ ਦਾ ਖਤਰਾ ਘੱਟ ਕਰਨ ਵਿਚ ਵੀ ਬਹੁਤ ਸਹਾਇਕ ਹੁੰਦੇ ਹਨ। ਦਰਅਸਲ ਹਲਦੀ ਵਿਚ ਕਰਕਿਊਮਨ ਪਾਇਆ ਜਾਂਦਾ ਹੈ।

ਕਰਕਿਊਮਿਨ ਵਿਚ ਆਕਸੀਕਰਨ ਰੋਕੂ ਗੁਣ-

ਕਰਕਿਊਮਿਨ ਵਿਚ ਆਕਸੀਕਰਨ ਰੋਕੂ ਗੁਣ ਹੁੰਦੇ ਹਨ। ਕਰਕਿਊਮਿਨ ਅਲਜ਼ਾਈਮਰ ਦੇ ਖਤਰੇ ਨੂੰ ਘੱਟ ਕਰਨ ਅਤੇ ਸਾਡੀ ਯਾਦਦਾਸ਼ਤ ਨੂੰ ਵਧਾਉਣ ਵਿਚ ਕਾਫੀ ਫਾਇਦੇਮੰਦ ਹੈ। ਕਈ ਮਾਹਿਰਾਂ ਦਾ ਮੰਨਣਾ ਹੈ ਕਿ ਹਲਦੀ ਦਿਮਾਗ ਵਿਚ ਇਕ ਅਜਿਹਾ ਪ੍ਰੋਟੀਨ ਬਣਨ ਤੋਂ ਰੋਕਦੀ ਹੈ ਜੋ ਯਾਦਦਾਸ਼ਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਕਈ ਡਾਕਟਰਾਂ ਦਾ ਮੰਨਣਾ ਹੈ ਕਿ ਹਲਦੀ ਵਿਚ ਇਸ ਦੇ ਇਲਾਵਾ ਕਈ ਹੋਰ ਗੁਣ ਵੀ ਹੁੰਦੇ ਹਨ।ਬਲੱਡ ਪਿਊਰੀਫਾਇਰ ਵੀ ਮੰਨਿਆ ਗਿਆ ਹੈ ਹਲਦੀ ਨੂੰ-

ਹਲਦੀ ਨੂੰ ਬਲੱਡ ਪਿਊਰੀਫਾਇਰ ਵੀ ਮੰਨਿਆ ਗਿਆ ਹੈ। ਜਾਣਕਾਰੀ ਮੁਤਾਬਕ ਹਲਦੀ ਸਰੀਰ ਵਿਚ ਬਲੱਡ ਸਰਕੁਲੇਸ਼ਨ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦੀ ਹੈ। ਮੋਟੇ ਟਿਸ਼ੂਆਂ ਨੂੰ ਘੱਟ ਕਰਨ ਜਾਂ ਫਿਰ ਉਨ੍ਹਾਂ ਨੂੰ ਸਾਡੇ ਸਰੀਰ ਤੋਂ ਹਟਾਉਣ ਵਿਚ ਵੀ ਹਲਦੀ ਸਹਾਇਕ ਹੈ। ਇਹ ਭਾਰ ਕੰਟਰੋਲ ਲਈ ਅਹਿਮ ਹੈ। ਇੰਨਾ ਹੀ ਨਹੀਂ ਹਲਦੀ ਦੇ ਸੇਵਨ ਨਾਲ ਡਾਇਬਟੀਜ਼ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ। ਸਰੀਰ ਦੇ ਜੋੜਾਂ ਵਿਚ ਦਰਦ ਜਾਂ ਅਕੜਨ ਹੋਣ 'ਤੇ ਹਲਦੀ ਦੇ ਸੇਵਨ ਨਾਲ ਰਾਹਤ ਮਿਲਦੀ ਹੈ।

## ਰੋਜ਼ਾਨਾ ਸਵੇਰੇ ਪੁੰਗਰੀ ਮੂੰਗ ਦਾਲ ਖਾਣ ਨਾਲ ਸਰੀਰ ਨੂੰ ਮਿਲਦੇ ਹਨ ਕਈ



ਪੁੰਗਰੀ ਮੂੰਗ ਦਾਲ ਸਭ ਤੋਂ ਜ਼ਿਆਦਾ ਪੌਸ਼ਟਿਕ ਮੰਨੀ ਜਾਂਦੀ ਹੈ। ਇਸ 'ਚ ਕੈਲੋਰੀ ਬਹੁਤ ਘੱਟ ਅਤੇ ਵਿਟਾਮਿਨ ਏ, ਬੀ, ਸੀ ਅਤੇ ਈ ਦੀ ਭਰਪੂਰ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ ਮੈਗਨੀਸ਼ੀਅਮ, ਕਾਪਰ, ਫਾਈਬਰ, ਪੋਟਾਸ਼ੀਅਮ, ਆਇਰਨ ਆਦਿ ਵਰਗੇ ਪੋਸ਼ਕ ਤੱਤਾਂ ਦਾ ਖਜ਼ਾਨਾ ਹੈ ਮੂੰਗ ਦੀ ਦਾਲ। ਆਓ ਜਾਣਦੇ ਹਾਂ ਕਿ ਰੋਜ਼ ਸਵੇਰੇ ਪੁੰਗਰੀ ਮੂੰਗ ਖਾਣ ਦੇ ਦੋ ਖਾਸ ਫਾਇਦੇ।

ਪੁੰਗਰੀ ਮੂੰਗ ਦਾਲ 'ਚ ਪਾਏ ਜਾਣ ਵਾਲੇ ਅਮੀਨੋ ਐਸਿਡ ਅਤੇ ਓਲੀਗੋ ਸੈਕੇਰਾਈਡ ਕੈਂਸਰ ਸੈੱਲ ਫੈਲਣ ਤੋਂ ਰੋਕਣ ਦਾ ਕੰਮ ਕਰਦੇ ਹਨ। ਇਸ ਨਾਲ ਕੈਂਸਰ ਤੋਂ ਬਚਾਅ ਰਹਿੰਦਾ ਹੈ। ਇਸ ਦੇ ਨਾਲ ਹੀ ਮੂੰਗ ਦਾਲ 'ਚ ਮੌਜੂਦ ਫਲੈਵੇਨਾਈਡਸ ਫਰੀ ਰੈਡੀਕਲਸ ਤੋਂ ਬਚਨ 'ਚ ਵੀ ਬਹੁਤ ਫਾਇਦੇਮੰਦ ਹੈ।

ਹਾਈ ਬਲੱਡ ਪ੍ਰੈੱਸ਼ਰ ਕੰਟਰੋਲ ਜਿਨ੍ਹਾਂ ਲੋਕਾਂ ਦਾ ਬਲੱਡ ਪ੍ਰੈੱਸ਼ਰ ਹਾਈ ਰਹਿੰਦਾ ਹੈ, ਉਨ੍ਹਾਂ ਨੂੰ ਪੁੰਗਰੀ ਦਾਲ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

# ਅਰਬੀ ਸਰੀਰ ਦੀਆਂ ਕਈ ਬੀਮਾਰੀਆਂ ਨੂੰ ਕਰਦੀ ਹੈ ਜੜ੍ਹ ਤੋਂ ਖਤਮ



ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਅਰਬੀ ਨੂੰ ਵੱਖ-ਵੱਖ ਨਾਂ ਨਾਲ ਜਾਣਿਆ ਜਾਂਦਾ ਹੈ। ਕੁਝ ਲੋਕ ਇਸ ਦੇ ਪੱਤਿਆਂ ਦੀਆਂ ਪਕੌੜੀਆਂ ਬਣਾ ਕੇ ਖਾਣਾ ਪਸੰਦ ਕਰਦੇ ਹਨ ਤਾਂ ਕੁਝ ਇਸ ਦੀ ਸਬਜ਼ੀ। ਕਈ ਥਾਂਵਾ 'ਤੇ ਤਾਂ ਇਸ ਨੂੰ ਵਰਤ 'ਚ ਫਲਾਹਾਰ ਦੇ ਰੂਪ 'ਚ ਵੀ ਖਾਦਾ ਜਾਂਦਾ ਹੈ। ਆਸਾਨੀ ਨਾਲ ਮਿਲ ਜਾਣ ਦੇ ਬਾਵਜੂਦ ਅਰਬੀ ਬਹੁਤ ਜ਼ਿਆਦਾ ਮਸ਼ਹੂਰ ਸਬਜ਼ੀ ਨਹੀਂ ਹੈ ਪਰ ਇਸ ਦੇ ਫਾਇਦੇ ਹੈਰਾਨ ਕਰਨ ਵਾਲੇ ਹਨ। ਇਹ ਫਾਈਬਰ, ਪ੍ਰੋਟੀਨ, ਪੋਟਾਸ਼ੀਅਮ, ਵਿਟਾਮਿਨ ਏ, ਵਿਟਾਮਿਨ ਸੀ, ਕੈਲਸ਼ੀਅਮ ਅਤੇ ਆਇਰਨ ਨਾਲ ਭਰਪੂਰ ਹੁੰਦੀ ਹੈ। ਇਸ ਤੋਂ ਇਲਾਵਾ ਇਸ 'ਚ ਭਰਪੂਰ ਮਾਤਰਾ 'ਚ ਐਂਟੀ-ਆਕਸੀਡੈਂਟਸ ਮੌਜੂਦ ਹੁੰਦੇ ਹਨ। ਅਰਬੀ 'ਚ ਸੋਡੀਅਮ ਦੀ ਚੰਗੀ ਮਾਤਰਾ ਮੌਜੂਦ ਹੁੰਦੀ ਹੈ। ਇਸ ਤੋਂ ਇਲਾਵਾ ਇਹ ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਦੇ ਗੁਣਾਂ ਨਾਲ ਵੀ ਭਰਪੂਰ ਹੁੰਦੀ ਹੈ। ਜਿਸ ਦੇ ਚਲਦੇ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ। ਨਾਲ ਹੀ ਇਹ ਤਣਾਅ ਨੂੰ ਦੂਰ ਰੱਖਣ 'ਚ ਵੀ ਮਦਦਗਾਰ ਹੈ। ਅਰਬੀ 'ਚ ਵਿਟਾਮਿਨ ਏ, ਵਿਟਾਮਿਨ ਸੀ ਅਤੇ ਐਂਟੀ-ਆਕਸੀਡੈਂਟ ਮੌਜੂਦ ਹੁੰਦੇ ਹਨ ਜੋ ਕੈਂਸਰ ਕੋਸ਼ੀਕਾਵਾਂ ਨੂੰ ਵਿਕਸਿਤ ਹੋਣ ਤੋਂ ਰੋਕਦੇ ਹਨ। ਅਰਬੀ 'ਚ ਭਰਪੂਰ ਮਾਤਰਾ 'ਚ ਫਾਈਬਰ ਮੌਜੂਦ ਹੁੰਦਾ ਹੈ ਅਰਬੀ ਖਾਣ ਨਾਲ ਇੰਸੁਲਿਨ ਅਤੇ ਗਲੂਕੋਜ਼ ਦੀ ਮਾਤਰਾ ਦਾ ਸੰਤੁਲਨ ਬਣਿਆ ਰਹਿੰਦਾ ਹੈ। ਅਰਬੀ ਭੁੱਖ ਨੂੰ ਕੰਟਰੋਲ ਕਰਨ ਦਾ ਕੰਮ ਕਰਦੀ ਹੈ। ਨਾਲ ਹੀ ਇਸ 'ਚ ਮੌਜੂਦ ਫਾਈਬਰ ਮੈਟਾਬਾਲੀਜ਼ਮ ਨੂੰ ਸਕ੍ਰਿਯ ਬਣਾਉਂਦੇ ਹਨ ਜਿਸ ਨਾਲ ਭਾਰ ਕੰਟਰੋਲ ਕਰਨ 'ਚ ਮਦਦ ਮਿਲਦੀ ਹੈ। ਅਰਬੀ 'ਚ ਭਰਪੂਰ ਮਾਤਰਾ 'ਚ ਫਾਈਬਰ ਮੌਜੂਦ ਹੁੰਦੇ ਹਨ ਜਿਸ ਦੀ ਵਜ੍ਹਾ ਨਾਲ ਪਾਚਨ ਕਿਰਿਆ ਬਿਹਤਰ ਬਣੀ ਰਹਿੰਦੀ ਹੈ।

## ਚਿਹਰੇ ਨੂੰ ਖੂਬਸੂਰਤ ਬਣਾਉਣ ਲਈ ਅਪਣਾਓ ਇਹ ਬਿਊਟੀ ਟਿਪਸ

ਚਿਹਰੇ ਦੀ ਦੇਖਭਾਲ ਰੋਜ਼ਾਨਾ ਜ਼ਿੰਦਗੀ 'ਚ ਅਕਸਰ ਪਿੱਛੇ ਰਹਿ ਜਾਂਦੀ ਹੈ। ਤਣਾਅ, ਖਾਣਪੀਣ ਅਤੇ ਜੀਵਨਸ਼ੈਲੀ ਦਾ ਪ੍ਰਭਾਵ ਸਾਡੀ ਚਮੜੀ ਦੇ ਪੈਂਦਾ ਹੈ। ਯਾਦ ਰੱਖੋ ਸਾਡੇ ਜੀਵਨ ਜਿਉਣ ਦਾ ਸਿੱਧਾ ਅਸਰ ਤੁਹਾਡੇ ਚਿਹਰੇ 'ਤੇ ਪੈਂਦਾ ਹੈ। ਭਰਪੂਰ ਚਿੰਤਾ ਰਹਿਤ ਨੀਂਦ- ਪੂਰਨ ਨੀਂਦ ਤੁਹਾਡੀਂ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਇਸ ਨਾਲ ਤੁਹਾਡੇ ਚਿਹਰੇ 'ਚੇ ਤਾਜ਼ਗੀ ਰਹਿੰਦੀ ਹੈ ਅਤੇ ਚਮਕ ਆਉਂਦੀ ਹੈ। ਰੋਜ਼ਾਨਾ ਸਹੀ ਸਮੇਂ 'ਤੇ ਨੀਂਦ ਲੈਣਾ ਤੁਹਾਡੇ ਚਿਹਰੇ ਦੀ ਖੂਬਸੂਰਤੀ ਨੂੰ ਬਣਾਈ ਰੱਖਦਾ ਹੈ। ਸਿਹਤ ਦਾ ਧਿਆਨ ਰੱਖੋ- ਜੇਕਰ ਤੁਸੀਂ ਸਰੀਰ ਰੂਪ 'ਚ ਤੰਦਰੁਸਤ ਹੋ ਤਾਂ ਤੁਸੀਂ ਵੀ ਜ਼ਿਆਦਾ ਖੂਬਸੂਰਤ ਨਜ਼ਰ ਆਵੋਗੇ। ਇਸ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋ। ਚਮੜੀ ਨੂੰ ਚਮਕਣ ਦਿਓ- ਅੱਜਕੱਲ ਪ੍ਰਦੂਸ਼ਣ ਵਾਲੇ ਵਾਤਾਵਰਨ 'ਚ ਚਮੜੀ ਦਾ ਬੇਜ਼ਾਨ ਹੋਣਾ ਆਮ ਗੱਲ ਹੈ। ਚਮੜੀ ਨੂੰ ਬੇਜ਼ਾਨ ਹੋਣ ਤੋਂ ਬਚਾਉਣ ਲਈ ਤੁਹਾਨੂੰ ਚਮੜੀ ਦਾ ਖਾਸ ਧਿਆਨ ਰੱਖਣ ਦੀ ਜ਼ਰੂਰਤ ਹੈ।

## ਕਿਉਂ ਸ਼ੁਰੂ ਹੁੰਦੀ ਹੈ ਮੁਹਾਸਿਆਂ ਦੀ ਸਮੱਸਿਆ ਬਿਨਾਂ ਨਿਸ਼ਾਨ ਇੰਝ ਕਰੋ ਇਲਾਜ



ਆਪਣੀ ਖੂਬਸੂਰਤੀ ਨੂੰ ਲੈ ਕੇ ਕੁੜੀਆਂ ਅੱਜਕੱਲ੍ਹ ਕੁੱਝ ਜ਼ਿਆਦਾ ਹੀ ਫ਼ਿਕਰਮੰਦ ਰਹਿੰਦੀਆਂ ਹਨ। ਪ੍ਰੋਫੈਸ਼ਨਲ ਜਮਾਨੇ ਵਿੱਚ ਇਹ ਗੱਲ ਬਿਲਕੁਲ ਠੀਕ ਵੀ ਹੈ ਕਿਉਂਕਿ ਪਹਿਲੀ ਮੁਲਾਕਾਤ ਵਿੱਚ ਕਿਸੇ ਨੂੰ ਆਕਰਸ਼ਿਤ ਕਰਨਾ ਹੋਵੇ ਤਾਂ ਲੁੱਕ ਬਹੁਤ ਮਹੱਤਵਪੂਰਣ ਰੱਖਦੀ ਹੈ। ਉੱਥੇ ਹੀ, ਚਿਹਰੇ ਉੱਤੇ ਵੱਖ ਕੋਈ ਫਿਨਸੀ ਯਾਨੀ ਮੁਹਾਸੇ ਹੋ ਜਾਣ ਤਾਂ ਪਰੇਸ਼ਾਨੀ ਹੋਰ ਵੀ ਵੱਧ ਜਾਂਦੀ ਹੈ। ਕਿਉਂਕਿ ਤਵਚਾ ਉੱਤੇ ਇਹ ਕਾਲੇ ਨਿਸ਼ਾਨ ਛੱਡ ਦਿੰਦੇ ਹਨ। ਇਹ ਭੱਦੇ ਨਿਸ਼ਾਨ ਚਿਹਰੇ ਦੀ ਰੰਗਤ ਨੂੰ ਵਿਗਾੜ ਦਿੰਦੇ ਹਨ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਅਖੀਰ ਕੀ ਹਨ ਫਿਨਸੀਆਂ ?ਮੁਹਾਸਿਆਂ ਨੂੰ Acne Vulgaris ਵੀ ਕਿਹਾ ਜਾਂਦਾ ਹੈ। ਤਵਚਾ ਦੇ ਫਾਲਿਕਲਸ ਦੇ ਹੇਠਲੇ ਹਿੱਸੇ ਵਿੱਚ ਤੇਲੀਏ ਗ੍ਰੰਥੀ ਮੁਹਾਸਿਆਂ ਦਾ ਕਾਰਨ ਬਣਦੇ ਹਨ। ਸਕਿਨ ਉੱਤੇ ਛੋਟੇ - ਛੋਟੇ ਮੁਸਾਮ ਤੇਲੀਏ ਗ੍ਰੰਥੀਆਂ ਦੇ ਫਾਲਿਕਸ ਦੇ ਨਾਲ ਜੁੜੇ ਹੁੰਦੇ ਹਨ। ਇਸ ਤੇਲੀਏ ਗ੍ਰੰਥੀਆਂ ਨਾਲ Sebum ਨਾਮ ਦਾ ਇੱਕ ਆਇਲੀ ਲਿਕਵਿਡ ਨਿਕਲਦਾ ਹੈ, ਜਿਸ ਦੇ ਨਾਲ ਡੈਡ ਸਕਿਨ ਸੈੱਲ ਤਵਚਾ ਦੇ ਉੱਪਰੀ ਹਿੱਸਿਆਂ ਉੱਤੇ ਆ ਜਾਂਦੇ ਹਨ। ਜੋ ਲਾਲ ਦਾਣਿਆਂ ਦੇ ਰੂਪ ਵਿੱਚ ਉੱਭਰ ਜਾਂਦੇ ਹਨ, ਸਮੱਸਿਆ ਜ਼ਿਆਦਾ ਵਧਣ ਉੱਤੇ ਮੁਸਾਮ ਤੇਲੀਏ ਹੋ ਕੇ ਬੰਦ ਹੋ ਜਾਂਦੇ ਹਨ। ਜਿਸ ਦੇ ਨਾਲ ਇਹ ਬੈਕਟੀਰੀਆ ਫਿਨਸੀਆਂ ਦਾ ਰੂਪ ਲੈ ਲੈਂਦੇ ਹਨ। ਜ਼ਿਆਦਾਤਰ ਚਿਹਰੇ, ਗਰਦਨ, ਪਿੱਠ ਅਤੇ ਛਾਤੀ ਉੱਤੇ ਫਿਨਸੀਆਂ ਨਿਕਲਣ ਦੀ ਸੰਭਾਵਨਾ ਹੁੰਦੀ ਹੈ

# ਨਾਰੀਅਲ ਪਾਣੀ ਪੀਣ ਨਾਲ ਹੁੰਦੇ ਹਨ ਕਈ ਫਾਇਦੇ



ਨਾਰੀਅਲ ਦਾ ਪਾਣੀ ਸਿਹਤ ਅਤੇ ਚਮੜੀ ਲਈ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਇਸ 'ਚ ਮੌਜੂਦ ਤੱਤ ਸਰੀਰ ਦੀਆਂ ਕਈ ਕਮੀਆ ਨੂੰ ਪੂਰਾ ਕਰਨ 'ਚ ਮਦਦ ਕਰਦਾ ਹੈ। ਰੋਜ਼ਾਨਾ ਨਾਰੀਅਲ ਪਾਣੀ ਪੀਣ ਨਾਲ ਕਈ ਬੀਮਾਰੀਆਂ ਦੂਰ ਹੁੰਦੀਆਂ ਹਨ। ਸਿਹਤਮੰਦ ਰਹਿਣ ਲਈ ਹਫਤੇ 'ਚ ਇਕ ਵਾਰ ਨਾਰੀਅਲ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਅੱਜ ਅਸੀਂ ਤੁਹਾਨੂੰ ਰੋਜ਼ਾਨਾ ਨਾਰੀਅਲ ਪਾਣੀ ਪੀਣ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਨਾਰੀਅਲ ਪਾਣੀ ਪੀਣ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਇਸ 'ਚ ਮੌਜੂਦ ਫਾਈਬਰਸ, ਕਬਜ਼ ਅਤੇ ਗੈਸ ਵਰਗੀਆਂ ਹੋਣ ਵਾਲੀਆਂ ਸਮੱਸਿਆਵਾ ਤੋਂ ਬਚਾਉਂਦਾ ਹੈ। ਨਾਰੀਅਲ ਪਾਣੀ ਪੀਣ ਨਾਲ ਸਰੀਰ 'ਚ ਪਾਣੀ ਦੀ ਕਮੀ ਪੂਰੀ ਹੁੰਦੀ ਹੈ। ਸਿਰਦਰਦ ਹੋਣ 'ਤੇ ਨਾਰੀਅਲ ਦਾ ਪਾਣੀ ਪੀਣ ਨਾਲ ਦਰਦ ਤੋਂ ਛੁਟਕਾਰਾ ਮਿਲਦਾ ਹੈ। ਹੈਂਗਓਵਰ ਤੋਂ ਛੁਟਕਾਰਾ ਪਾਉਣ ਲਈ ਵੀ ਨਾਰੀਅਲ ਦਾ ਪਾਣੀ ਪੀਣਾ ਚਾਹੀਦਾ ਹੈ। ਜੇਕਰ ਤੁਸੀਂ ਭਾਰ ਘੱਟ ਕਰਨਾ ਚਾਹੁੰਦੇ ਹੋ ਤਾਂ ਨਾਰੀਅਲ ਦਾ ਪਾਣੀ ਪੀਣਾ ਸ਼ੁਰੂ ਕਰ ਦਿਓ। ਇਸ ਤੋਂ ਇਲਾਵਾ ਇਸ ਦੇ ਇਸਤੇਮਾਲ ਨਾਲ ਚਮੜੀ ਚਮਕਦਾਰ ਵੀ ਹੁੰਦੀ ਹੈ। ਨਾਰੀਅਲ ਦੇ ਪਾਣੀ 'ਚ ਕੈਲਸ਼ੀਅਮ ਬਹੁਤ ਮਾਤਰਾ 'ਚ ਪਾਇਆ ਜਾਂਦਾ ਹੈ। ਜਿਸ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਦੇ ਲਈ ਨਾਰੀਅਲ ਦੇ ਪਾਣੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਸ 'ਚ ਪਾਏ ਜਾਣ ਵਾਲੇ ਤੱਤ ਵਿਟਾਮਿਨ-ਸੀ, ਪੋਟਾਸ਼ੀਅਮ ਅਤੇ ਮੈਗੀਨੀਸ਼ੀਅਮ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

## ਜੈਕਲੀਨ ਦੀ ਹਮਸ਼ਕਲ ਆਈ ਸਾਹਮਣੇ, ਪਛਾਣਨਾ ਹੋਇਆ



ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਸ ਆਪਣੀ ਹਮਸ਼ਕਲ ਅਮਾਂਡਾ ਸੈਰੇਨੀ ਨਾਲ ਮਿਲੀ। ਅਮਾਂਡਾ ਯੂਟਿਊਬ ਸਟਾਰ ਅਤੇ ਇੰਸਟਾਗਰਾਮ ਦੀ ਕਾਮੇਡੀ ਕੁਈਨ ਹੈ। ਸੋਸ਼ਲ ਮੀਡੀਆ 'ਤੇ ਉਸ ਦੇ ਲੱਖਾਂ ਫੌਲੋਵਰਸ ਹਨ। ਦੋਵਾਂ ਦੀਆਂ ਫੀਚਰਸ ਅਤੇ ਆਦਤਾਂ ਕਾਫੀ ਮਿਲਦੀਆਂ ਜੁਲਦੀਆਂ ਹਨ।ਪਲੇਅਬਾਏ ਮਾਡਲ ਰਹਿ ਚੁੱਕੀ ਅਮਾਂਡਾ ਨਾਲ ਜੈਕਲੀਨ ਨੇ ਕਾਫੀ ਸਮਾਂ ਬਤੀਤ ਕੀਤਾ ਹੈ। ਉਹ ਅਕਸਰ ਹੀ ਆਪਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੀ ਰਹਿੰਦੀ ਹੈ।ਕੈਪਸ਼ਨ 'ਚ ਜੈਕਲੀਨ ਨੇ ਲਿਖਿਆ, "ਹੁਣ ਵਿਸ਼ਵਾਸ ਹੈ ਕਿ ਉਹ ਜਨਮ ਤੋਂ ਹੀ ਵੱਖ ਹੋ ਗਈਆਂ ਸੀ।ਦੋਵਾਂ ਨੇ ਇਹ ਫੋਟੋਸ਼ੂਟ 'ਅਯੋ ਫੋਟੋ' ਤੋਂ ਕਰਾਇਆ ਹੈ, ਜਿਸ ਨੇ ਇਨ੍ਹਾਂ ਦੀ ਤਸਵੀਰ 'ਤੇ ਲਿਖਿਆ ਹੈ ਕਿ ਦੋ ਭੈਣਾਂ ਪਰ ਪਿਤਾ ਵੱਖ-ਵੱਖ। ਇਕ-ਦੂਜੇ ਨੂੰ ਮਿਲ ਕੇ ਦੋਵੇਂ ਬੇਹੱਦ ਖੁਸ਼ ਨਜ਼ਰ ਆ ਰਹੀਆਂ ਹਨ।ਇਸੇ ਸਾਲ ਜੈਕਲੀਨ ਸਲਮਾਨ ਖਾਨ ਨਾਲ 'ਰੇਸ 3' 'ਚ ਨਜ਼ਰ ਆਈ ਸੀ। ਹੁਣ ਉਹ ਜਲਦ ਹੀ ਕੰਨੜ ਫਿਲਮ ਦੀ ਰੀਮੇਕ ਹਿੰਦੀ ਫਿਲਮ 'ਚ ਨਜ਼ਰ ਆਏਗੀ, ਜਿਸ ਦਾ ਨਾਂ ਹਾਲੇ ਤੱਕ ਤੈਅ ਨਹੀਂ ਕੀਤਾ ਗਿਆ।



## ਮੌਨੀ ਰਾਏ ਨੇ ਕਾਤਿਲ ਅਦਾਵਾਂ ਦਿਖਾਉਂਦਿਆਂ ਖਿਚਵਾਈਆਂ ਤਸਵੀਰਾਂ, ਪ੍ਰਸ਼ੰਸਕਾਂ ਦੀ ਲੱਟੀ ਵਾਹ-ਵਾਹੀ

ਟੀ. ਵੀ. ਅਦਾਕਾਰਾ ਮੌਨੀ ਰਾਏ ਲੋਕਪ੍ਰਿਯ ਸੀਰੀਅਲ 'ਨਾਗਿਨ' ਨਾਲ ਕਾਫੀ ਮਸ਼ਹੂਰ ਹੋਈ ਸੀ। ਇਸ ਤੋਂ ਬਾਅਦ ਹਾਲ ਹੀ 'ਚ ਮੌਨੀ ਰਾਏ ਨੇ ਅਕਸ਼ੈ ਕੁਮਾਰ ਨਾਲ ਫਿਲਮ 'ਗੋਲਡ' ਨਾਲ ਆਪਣਾ ਬਾਲੀਵੁੱਡ ਡੈਬਿਊ ਕੀਤਾ ਹੈ।ਇਸ 'ਚ ਮੌਨੀ ਦੀ ਐਕਟਿੰਗ ਨੂੰ ਕਾਫੀ ਤਾਰੀਫਾਂ ਮਿਲੀਆਂ। ਇਸ ਫਿਲਮ ਤੋਂ ਬਾਅਦ ਹੁਣ ਮੌਨੀ ਕੋਲ ਫਿਲਮਾਂ ਦੀ ਲੰਬੀ ਲਿਸਟ ਹੈ। ਹੁਣ ਮੌਨੀ ਨੇ ਰਾਜਕੁਮਾਰ ਰਾਓ ਨਾਲ ਫਿਲਮ 'ਮੇਡ ਇਨ ਚਾਇਨਾ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ।ਸਿਰਫ ਫਿਲਮਾਂ ਹੀ ਨਹੀਂ ਮੌਨੀ ਰਾਏ ਸੋਸ਼ਲ ਮੀਡੀਆ 'ਤੇ ਵੀ ਕਾਫੀ ਐਕਟਿਵ ਹੈ। ਹੁਣ ਉਸ ਨੇ ਆਪਣੇ ਜਨਮਦਿਨ ਤੋਂ ਕੁਝ ਦਿਨ ਪਹਿਲਾਂ ਹੀ ਇੰਸਟਾਗ੍ਰਾਮ 'ਤੇ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਨ੍ਹਾਂ 'ਚ ਉਹ ਕਾਤਿਲਾਨਾ ਅੰਦਾਜ਼ 'ਚ ਨਜ਼ਰ ਆ ਰਹੀ ਹੈ।ਸੋਸ਼ਲ ਮੀਡੀਆ 'ਤੇ ਮੌਨੀ ਦੇ ਲੁੱਕ ਨੂੰ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਹੁਣ ਤੱਕ ਪੋਸਟ ਹੋਇਆਂ ਇਨ੍ਹਾਂ ਤਸਵੀਰਾਂ ਨੂੰ ਲੱਖਾਂ ਲਾਈਕਸ ਮਿਲ ਚੁੱਕੇ ਹਨ।ਜੇਕਰ ਮੌਨੀ ਦੇ ਕੰਮ ਦੀ ਗੱਲ ਕੀਤੀ ਜਾਵੇ ਤਾਂ ਉਹ ਅੱਜਕਲ ਰਣਬੀਰ ਕਪੂਰ ਨਾਲ ਫਿਲਮ 'ਬ੍ਰਹਮਾਸਤਰ' 'ਚ ਨੈਗੇਟਿਵ ਕਿਰਦਾਰ ਨਿਭਾਉਂਦੀ ਨਜ਼ਰ ਆਵੇਗੀ।

## ਧਰਮਸ਼ਾਲਾ ਦੌਰੇ ਦੌਰਾਨ ਕਰਿਸ਼ਮਾ ਨਾਲ ਵਾਪਰੀ ਅਜਿਹੀ ਘਟਨਾ, ਅੱਧਵਾਟੇ ਛੱਡ ਕੇ ਆਈ ਵਾਪਸ

ਮਸ਼ਹੂਰ ਫਿਲਮ ਅਭਿਨੇਤਰੀ ਕਰਿਸ਼ਮਾ ਸ਼ਰਮਾ ਆਪਣੇ ਰੁਝੇਵਿਆਂ ਭਰੇ ਪ੍ਰੋਗਰਾਮਾਂ 'ਚੋਂ ਸਮਾਂ ਕੱਢ ਕੇ ਬੀਤੇ ਦਿਨ ਧਰਮਸ਼ਾਲਾ ਗਈ ਸੀ ਪਰ ਉਸ ਨੂੰ ਇਹ ਦੌਰਾ ਅੱਧਵਾਟੇ ਛੱਡ ਕੇ ਵਾਪਸ ਆਉਣਾ ਪਿਆ। ਕਰਿਸ਼ਮਾ ਨੇ ਧਰਮਸ਼ਾਲਾ ਦੌਰਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਕ ਦਿਨ ਮੈਂ ਆਪਣੇ ਇਕ ਦੋਸਤ ਨਾਲ ਇਕ ਮੰਦਰ 'ਚ ਗਈ ਅਤੇ ਉੱਥੇ ਕੁਝ ਤਸਵੀਰਾਂ ਖਿੱਚੀਆਂ। ਜਿਵੇਂ ਹੀ ਮੈਂ ਪਿੱਛੇ ਮੁੜ ਕੇ ਦੇਖਿਆ ਤਾਂ ਲਗਭਗ 15 ਨੌਜਵਾਨ ਉੱਥੇ ਖੜ੍ਹੇ ਸਨ। ਉਹ ਮੈਨੂੰ ਅਜੀਬ ਢੰਗ ਨਾਲ ਘੂਰ ਰਹੇ ਸਨ। ਮੈਂ ਉੱਥੇ ਮੌਜੂਦ ਪੁਲਸ ਵਾਲਿਆਂ ਨੂੰ ਕਿਹਾ ਕਿ ਮੇਰੇ ਨਾਲ ਛੇੜਛਾੜ ਹੋਈ ਹੈ। ਇਕ ਪੁਲਸ ਮੁਲਾਜ਼ਮ ਮੁਸਕਰਾਉਂਦਿਆਂ ਕਹਿਣ ਲੱਗਾ ਕਿ ਕੌਣ ਛੇੜ ਰਿਹਾ ਹੈ ? ਇੱਥੇ ਤਾਂ ਕੋਈ ਵੀ ਨਹੀਂ। ਮੈਨੂੰ ਪੁਲਸ ਵਾਲੇ ਦਾ ਜਵਾਬ ਵੀ ਅਜੀਬ ਲੱਗਾ। ਇਸ ਘਟਨਾ ਨੂੰ ਭੁੱਲ ਕੇ ਮੈਂ ਸ਼ਾਪਿੰਗ ਕਰਨ ਚਲੀ ਗਈ। ਉੱਥੇ ਵੀ ਕੁਝ ਨੌਜਵਾਨ ਮੇਰੇ ਪਿੱਛੇ ਲੱਗ ਗਏ। ਇਕ ਸ਼ੱਕੀ ਨੌਜਵਾਨ ਤਾਂ ਉਸ ਦੁਕਾਨ ਅੰਦਰ ਵੀ ਆ ਗਿਆ, ਜਿੱਥੇ ਮੈਂ ਕੋਈ ਸਾਮਾਨ ਖਰੀਦਣ ਗਈ ਸੀ। ਦੁਕਾਨ ਦੇ ਬਾਹਰ ਆਈ ਤਾਂ ਦੇਖਿਆ ਕਿ ਵਿਅਕਤੀ ਤੇਜ਼ਧਾਰ ਹਥਿਆਰ ਲੈ ਕੇ ਖੜ੍ਹੇ ਹਨ। ਇਕ ਵਾਰ ਤਾਂ ਮੈਨੂੰ ਲੱਗਾ ਕਿ ਇਕ ਮੈਨੂੰ ਅਗਵਾ ਕਰ ਲੈਣਗੇ। ਮੈਂ ਉੱਥੋਂ ਕਿਸੇ ਤਰ੍ਹਾਂ ਬਚ ਕੇ ਨਿਕਲੀ ਤੇ ਆਪਣਾ ਦੌਰਾਨ ਅੱਧਵਾਟੇ ਛੱਡ ਕੇ ਮੁੰਬਈ ਆ ਗਈ। ਧਰਮਸ਼ਾਲਾ ਸ਼ਹਿਰ ਤਾਂ ਬਹੁਤ ਖੂਬਸੂਰਤ ਹੈ ਪਰ ਮੈਨੂੰ



## ਗਾਊਨ ਪਹਿਨ ਜਾਨਹਵੀ ਕਪੂਰ ਨੇ ਦਿੱਤੇ ਹੌਟ ਪੋਜ਼

ਬਾਲੀਵੁੱਡ ਅਭਿਨੇਤਰੀ ਜਾਨਹਵੀ ਕਪੂਰ ਅੱਜਕਲ ਆਪਣੀਆਂ ਤਸਵੀਰਾਂ ਨੂੰ ਲੈ ਕੇ ਕਾਫੀ ਚਰਚਾ 'ਚ ਰਹਿੰਦੀ ਹੈ। ਜਿੱਥੇ ਜਾਨਹਵੀ ਨੂੰ ਪਹਿਲਾਂ ਆਪਣੇ ਮਾਤਾ-ਪਿਤਾ ਸ਼੍ਰੀਦੇਵੀ-ਬੋਨੀ ਕਪੂਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਉੱਥੇ ਹੁਣ ਉਨ੍ਹਾਂ ਨੇ ਬਾਲੀਵੁੱਡ 'ਚ ਆਪਣਾ ਇਕ ਵੱਖਰਾ ਮੁਕਾਮ ਹਾਸਿਲ ਕਰ ਲਿਆ ਹੈ।ਜਾਨਹਵੀ ਬਾਲੀਵੁੱਡ ਬਿਹਤਰੀਨ ਅਭਿਨੇਤਰੀਆਂ 'ਚ ਸ਼ਾਮਲ ਹੋਣ ਲੱਗੀ ਹੈ।ਇਸੇ ਵਜ੍ਹਾ ਕਰਕੇ ਜਾਨਹਵੀ ਦੀ ਹਰ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀ ਰਹਿੰਦੀ ਹੈ।ਹਾਲ ਹੀ 'ਚ ਜਾਨਹਵੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਬੇਹੱਦ ਖੂਬਸੂਰਤ ਤਸਵੀਰ ਸਾਂਝੀ ਕੀਤੀ ਹੈ।ਇਸ ਤਸਵੀਰ 'ਚ ਜਾਨਹਵੀ ਨੇ ਪਰਪਲ ਰੰਗ ਦੀ ਡਰੈੱਸ ਪਹਿਨੀ ਹੋਈ ਹੈ।ਇਸ ਤਸਵੀਰ ਨੂੰ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਪ੍ਰਸ਼ੰਸਕ ਖੂਬ ਪਸੰਦ ਕਰ ਰਹੇ ਹਨ। ਸੱਚੀ 'ਚ ਉਹ ਇਸ ਤਸਵੀਰ 'ਚ ਬੇਹੱਦ ਖੂਬਸੂਰਤ ਲੱਗ ਰਹੀ ਹੈ।



## ਜੈਕਲੀਨ ਦੀ ਹਮਸ਼ਕਲ ਆਈ ਸਾਹਮਣੇ, ਪਛਾਣਨਾ ਹੋਇਆ ਮੁਸ਼ਕਿਲ





ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਸ ਆਪਣੀ ਹਮਸ਼ਕਲ ਅਮਾਂਡਾ ਸੈਰੇਨੀ ਨਾਲ ਮਿਲੀ। ਅਮਾਂਡਾ ਯੂਟਿਊਬ ਸਟਾਰ ਅਤੇ ਇੰਸਟਾਗਰਾਮ ਦੀ ਕਾਮੇਡੀ ਕੁਈਨ ਹੈ। ਸੋਸ਼ਲ ਮੀਡੀਆ 'ਤੇ ਉਸ ਦੇ ਲੱਖਾਂ ਫੌਲੋਵਰਸ ਹਨ। ਦੋਵਾਂ ਦੀਆਂ ਫੀਚਰਸ ਅਤੇ ਆਦਤਾਂ ਕਾਫੀ ਮਿਲਦੀਆਂ ਜੁਲਦੀਆਂ ਹਨ।ਪਲੇਅਬਾਏ ਮਾਡਲ ਰਹਿ ਚੁੱਕੀ ਅਮਾਂਡਾ ਨਾਲ ਜੈਕਲੀਨ ਨੇ ਕਾਫੀ ਸਮਾਂ ਬਤੀਤ ਕੀਤਾ ਹੈ। ਉਹ ਅਕਸਰ ਹੀ ਆਪਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੀ ਰਹਿੰਦੀ ਹੈ।ਕੈਪਸ਼ਨ 'ਚ ਜੈਕਲੀਨ ਨੇ ਲਿਖਿਆ, "ਹੁਣ ਵਿਸ਼ਵਾਸ ਹੈ ਕਿ ਉਹ ਜਨਮ ਤੋਂ ਹੀ ਵੱਖ ਹੋ ਗਈਆਂ ਸੀ।ਦੋਵਾਂ ਨੇ ਇਹ ਫੋਟੋਸ਼ੂਟ 'ਅਯੋ ਫੋਟੋ' ਤੋਂ ਕਰਾਇਆ ਹੈ, ਜਿਸ ਨੇ ਇਨ੍ਹਾਂ ਦੀ ਤਸਵੀਰ 'ਤੇ ਲਿਖਿਆ ਹੈ ਕਿ ਦੋ ਭੈਣਾਂ ਪਰ ਪਿਤਾ ਵੱਖ-ਵੱਖ। ਇਕ-ਦੂਜੇ ਨੂੰ ਮਿਲ ਕੇ ਦੋਵੇਂ ਬੇਹੱਦ ਖੁਸ਼ ਨਜ਼ਰ ਆ ਰਹੀਆਂ ਹਨ।ਇਸੇ ਸਾਲ ਜੈਕਲੀਨ ਸਲਮਾਨ ਖਾਨ ਨਾਲ 'ਰੇਸ 3' 'ਚ ਨਜ਼ਰ ਆਈ ਸੀ। ਹੁਣ ਉਹ ਜਲਦ ਹੀ ਕੰਨੜ ਫਿਲਮ ਦੀ ਰੀਮੇਕ ਹਿੰਦੀ ਫਿਲਮ 'ਚ ਨਜ਼ਰ ਆਏਗੀ, ਜਿਸ ਦਾ ਨਾਂ ਹਾਲੇ ਤੱਕ ਤੈਅ ਨਹੀਂ ਕੀਤਾ ਗਿਆ।



## ਗੀਜ਼ੇਲ ਠਕਰਾਲ ਬਲੈਕ ਲੁੱਕ 'ਚ ਲੁੱਟ ਰਹੀ ਹੈ ਫੈਨਜ਼ ਦੇ ਦਿਲ

ਮਸਤੀਜ਼ਾਦੇ' ਅਤੇ 'ਕਿਆ ਕੂਲ ਹੈ ਹਮ 3' ਵਰਗੀਆਂ ਫਿਲਮਾਂ 'ਚ ਬੋਲਡ ਅਦਾਵਾਂ ਦਿਖਾਉਣ ਵਾਲੀ ਗੀਜ਼ੇਲ ਠਕਰਾਲ ਇਨ੍ਹੀਂ ਦਿਨੀਂ ਆਪਣੀਆਂ ਬੋਲਡ ਤਸੀਵਰਾਂ ਕਾਰਨ ਸੁਰਖੀਆਂ 'ਚ ਛਾਈ ਹੋਈ ਹੈ। ਹਾਲ ਹੀ 'ਚ ਉਸ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਕੁਝ ਬੋਲਡ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਨ੍ਹਾਂ 'ਚ ਉਸ ਦਾ ਹੌਟ ਤੇ ਗਲੈਮਰਸ ਨਜ਼ਰ ਆ ਰਹੀ ਹੈ।ਇਨ੍ਹਾਂ ਤਸਵੀਰਾਂ ਨਾਲ ਉਹ ਰਿਐਲਿਟੀ ਸਟਾਰ ਕਿਮ ਕਾਰਦਰਸ਼ੀਆ ਨੂੰ ਸਖਤ ਟੱਕਰ ਦੇ ਰਹੀ ਹੈ।ਅਸਲ 'ਚ ਇਹ ਤਸਵੀਰਾਂ ਗੀਜ਼ੇਲ ਦੇ ਨਵੇਂ ਫੋਟੋਸ਼ੂਟ ਦੀਆਂ ਹਨ, ਜਿਸ 'ਚ ਉਹ ਵੱਖਰੇ-ਵੱਖਰੇ ਐਂਗਲ ਨਾਲ ਪੋਜ਼ ਦਿੰਦੀ ਨਜ਼ਰ ਆ ਰਹੀ ਹੈ।ਬਲੈਕ ਰੰਗ ਦੀ ਸ਼ਰਟ ਪਹਿਨ ਗੀਜ਼ੇਲ ਬੋਲਡ ਲੁੱਕ 'ਚ ਪ੍ਰਸ਼ੰਸਕਾਂ 'ਤੇ ਕਹਿਰ ਢਾਹ ਰਹੀ ਹੈ। ਉਸ ਦਾ ਇਹ ਹੌਟ ਲੁੱਕ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ।ਉਸ ਦੀਆਂ ਇਨ੍ਹਾਂ ਤਸਵੀਰਾਂ ਨੂੰ ਫੈਨਜ਼ ਵਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਦੱਸ ਦੇਈਏ ਕਿ ਗੀਜ਼ੇਲ ਦੇ ਇੰਸਟਾਗ੍ਰਾਮ 'ਤੇ 2 ਲੱਖ ਤੋਂ ਵਧ ਫਾਲੋਅਰਜ਼ ਹਨ।ਦੱਸਣਯੋਗ ਹੈ ਕਿ ਗੀਜ਼ੇਲ ਨੂੰ ਭਾਰਤ ਦੀ ਕਿਮ ਕਾਰਦਸ਼ੀਅਨ ਵੀ ਕਿਹਾ ਜਾਂਦਾ ਹੈ।ਇਸ ਤੋਂ ਇਲਾਵਾ ਉਹ ਕਿੰਗਫਿਸ਼ਰ ਕੈਲੰਡਰ ਗਰਲ ਵੀ ਰਹਿ ਚੁੱਕੀ ਹੈ। ਗੀਜ਼ੇਲ 'ਬਿੱਗ ਬੌਸ 9' ਦੀ ਸਾਬਕਾ ਮੁਕਾਬਲੇਬਾਜ਼ ਵੀ ਹੈ।



AKSHAYA PĀTRA™
Unlimited food for education

SPONSORED BY NAVIKA GROUP


The World's Largest NGO-Run Mid-Day Meal Program Serving A Wholesome Lunch to Over 1.7 Million Children in 14,250 Schools Across 12 States in India.

# LONG ISLAND
# 2018 BENEFIT EVENT

## SUNDAY, OCTOBER 7, 2018 • 6:00PM ONWARDS

HILTON LONG ISLAND/HUNTINGTON 598 BROAD HOLLOW ROAD | MELVILLE, NEW YORK 11747-5002

### KEYNOTE SPEAKER



**SANJEEV KAPOOR**
*'Khana Khazana' Fame*
*Celebrity, Master Chef*



**VANDANA TILAK**
*CEO*
*TAPF, USA*

AKSHAYA PATRA AIMS TO SERVE 5 BILLION MEALS BY 2020

IT TAKES ONLY $20 TO FEED A CHILD FOR ENTIRE SCHOOL YEAR.

**FOR MORE INFORMATION**
Kushal Sacheti | 212-391-4426
Ashok Sancheti | 201-927-3151
Dr. Raj Bhayani | 718-249-9383
Beena Kothari | 631-988-1280
Mukund Padmanabhan | 631-704-2776

**FOR SPONSORSHIPS PLEASE CONTACT**
**ANKITA NARULA**
781.454.7247 • ankita@apusa.org

**TO REGISTER**
cvent link TBD

www.foodforeducation.org




# COMMERCIAL MORTGAGE FINANCING

**Financing** **$500,000 to $500 Million**

## RAVI CHOPRA

CEO
STI Consultants
C: 917-705-7708
Ravi@stinewyork.com

**SPECIALIZE IN:**

- HOTELS
- CONSTRUCTION LOANS
- GAS STATIONS
- OFFICE BUILDINGS
- MIX USE PROPERTIES
- CHURCH LOAN
- HARD MONEY LOAN
- APARTMENT BUILDINGS
- BUSINESS LINE OF CREDIT

**ALL KINDS OF COMMERCIAL FINANCING DONE OVER USA**

**Offices:**

43-39 2nd Floor Main Street, Flushing, NY, 11355
508 Humboldt Street, Brooklyn, NY, 11222
New Jersey
Chicago

